


PUNJABSTAR.COM
# ਪੰਜਾਬ ਸਟਾਰ





Phone: 905-673-7666 , Fax: 1-289-206-8611
11 ਦਸੰਬਰ ਤੋਂ 17 ਦਸੰਬਰ, 2025
Email :- editor@punjabstar.com, Vo. 20. Issue:1215


## ਅਮਰੀਕਾ 'ਚ ਇਕ ਹੋਰ ਪ੍ਰਵਾਸੀ ਟਰੱਕ ਡਰਾਈਵਰ ਨਾਲ ਹਾਦਸਾ, 3 ਮੌਤਾਂ

* ਨਿਊਜਰਸੀ ਦੇ ਹਾਈਵੇਅ 'ਤੇ ਖੜ੍ਹੀ ਗੱਡੀ ਵਿਚ ਵੱਜਿਆ ਟਰੱਕ
* ਯੂਟਾਹ ਦੇ ਮੇਅਰ ਨੂੰ ਬੇਕਾਬੂ ਟਰੱਕ ਨੇ ਦਰੜਿਆ, ਮੌਕੇ 'ਤੇ ਮੌਤ



ਨਿਊਜਰਸੀ (ਪੰਜਾਬ ਸਟਾਰ ਬਿਊਰੋ):: ਅਮਰੀਕਾ ਵਿਚ ਪ੍ਰਵਾਸੀ ਟਰੱਕ ਡਰਾਈਵਰਾਂ ਹੱਥੋਂ ਹਾਦਸਿਆਂ ਦੀ ਲੜੀ ਵਿਚ ਇਕ ਹੋਰ ਮਾਮਲਾ ਜੁੜ ਗਿਆ ਜਦੋਂ ਨਿਊ ਜਰਸੀ ਦੇ ਈਸਟ ਵਿੰਡਸਰ ਕਸਬੇ ਨੇੜੇ ਇਕ ਟਰੈਕਟਰ–ਟ੍ਰੇਲਰ ਅਤੇ ਐਸ.ਯੂ.ਵੀ. ਦੀ ਟੱਕਰ ਦੌਰਾਨ ਤਿੰਨ ਜਣਿਆਂ ਦੀ ਮੌਤ ਹੋ ਗਈ। ਨਿਊ ਜਰਸੀ ਸਟੇਟ ਪੁਲਿਸ ਨੇ ਦੱਸਿਆ ਕਿ ਬਲੂਮਫ਼ੀਲਡ ਨਾਲ ਸਬੰਧਤ ਪਰਵਾਰ ਕਿਸੇ ਕਾਰਨ ਕਰ ਕੇ ਹਾਈਵੇਅ ਦੇ ਕਿਨਾਰੇ ਰੁਕਿਆ ਪਰ ਕੁਝ ਹੀ ਪਲਾਂ ਵਿਚ ਇਕ ਤੇਜ਼ ਰਫ਼ਤਾਰ ਟਰੱਕ ਨੇ ਟੱਕਰ ਮਾਰ ਦਿਤੀ ਅਤੇ ਇਕ ਬੱਚੇ ਸਣੇ ਤਿੰਨ ਜਣੇ ਦਮ ਤੋੜ ਗਏ। ਟਰੱਕ ਚਲਾ ਰਹੇ 33 ਸਾਲਾ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਪਰ ਉਸ ਦੇ ਇੰਮੀਗ੍ਰੇਸ਼ਨ ਸਟੇਟਸ ਬਾਰੇ ਕੋਈ ਜਾਣਕਾਰੀ ਸਾਂਝੀ ਨਾ ਕੀਤੀ ਗਈ।

ਹਾਦਸੇ ਦੌਰਾਨ ਜ਼ਖਮੀ ਇਕ ਨਾਬਾਲਗ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ ਜਿਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਦੂਜੇ ਪਾਸੇ ਯੂਟਾਹ ਸੂਬੇ ਵਿਚ ਕਾਰ ਅਤੇ ਟਰੱਕ ਦੀ ਟੱਕਰ ਦੌਰਾਨ ਗਰੀਨ ਰਿਵਰ ਸ਼ਹਿਰ ਦੇ ਮੇਅਰ ਰੈਨ ਹੈਟ ਦੀ ਮੌਤ ਹੋ ਗਈ। ਯੂਟਾਹ ਹਾਈਵੇਅ ਪੈਟਰੋਲ ਦੇ ਅਫ਼ਸਰਾਂ ਨੇ ਦੱਸਿਆ ਕਿ ਹਾਦਸਾ ਯੂ.ਐਸ. ਰੂਟ 6 'ਤੇ ਵਾਪਰਿਆ ਜਦੋਂ ਪੱਛਮ ਵੱਲ ਜਾ ਰਿਹਾ ਇਕ ਟ੍ਰਾਂਸਪੋਰਟ ਟਰੱਕ ਬੇਕਾਬੂ ਹੋ ਕੇ ਪੂਰਬ ਵੱਲ ਜਾ ਰਹੀਆਂ ਲੇਨਜ਼ ਵਿਚ ਦਾਖਲ ਹੋ ਗਿਆ ਅਤੇ ਮੇਅਰ ਦੀ ਗੱਡੀ ਨੂੰ ਦਰੜ ਦਿੱਤਾ।

ਹਾਦਸੇ ਦੌਰਾਨ ਮਰਨ ਵਾਲੇ ਸ਼ਖਸ ਦੀ ਪਛਾਣ ਮੁਢਲੇ ਤੌਰ 'ਤੇ ਪਤਾ ਨਾ ਲੱਗ ਸਕੀ ਪਰ ਗਰੀਨ ਰਿਵਰ ਸਿਟੀ ਕੌਂਸਲ ਨੇ ਸੋਸ਼ਲ ਮੀਡੀਆ ਰਾਹੀਂ ਤਸਦੀਕ ਕਰ ਦਿਤਾ ਕਿ ਮੇਅਰ ਇਸ ਦੁਨੀਆਂ ਵਿਚ ਨਹੀਂ ਰਹੇ। ਮੇਅਰ ਦੀ ਮੰਗੇਤਰ ਮਾਰੀਆ ਸਾਇਕਸ ਨੇ ਵੀ ਫੇਸਬੁਕ *ਬਾਕੀ ਸਫ਼ਾ 2 'ਤੇ

## ਇੰਡੋਨੇਸ਼ੀਆ 'ਚ ਬਹੁਮੰਜ਼ਲੀ ਇਮਾਰਤ ਨੂੰ ਲੱਗੀ ਭਿਆਨਕ ਅੱਗ

### ਕਈ ਔਰਤਾਂ ਸਮੇਤ 22 ਲੋਕਾਂ ਦੀ ਮੌਤ



ਜਕਾਰਤਾ (ਪੰਜਾਬ ਸਟਾਰ ਬਿਊਰੋ): ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿੱਚ ਮੰਗਲਵਾਰ (9 ਦਸੰਬਰ) ਨੂੰ ਇੱਕ ਸੱਤ ਮੰਜ਼ਿਲਾ ਇਮਾਰਤ ਵਿੱਚ ਭਿਆਨਕ ਅੱਗ ਲੱਗ ਗਈ। ਇਸ ਘਟਨਾ ਵਿੱਚ ਔਰਤਾਂ ਸਮੇਤ ਘੱਟੋ–ਘੱਟ 22 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚੋਂ ਕੁਝ ਦੀ ਮੌਤ ਦਮ ਘੁੱਟਣ ਕਾਰਨ ਹੋਈ।

ਅੱਗ ਲੱਗਣ ਕਾਰਨ ਇਲਾਕੇ 'ਚ ਦਹਿਸ਼ਤ ਫੈਲ ਗਈ। ਦੱਸਿਆ ਜਾ ਰਿਹਾ ਹੈ ਕਿ ਕੁਝ ਲੋਕ ਅਜੇ ਵੀ ਇਮਾਰਤ ਦੇ ਅੰਦਰ ਫਸੇ ਹੋਏ ਹਨ, ਅਤੇ ਉਨ੍ਹਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਜਾਣਕਾਰੀ ਅਨੁਸਾਰ, ਜਿਸ ਇਮਾਰਤ ਨੂੰ ਅੱਗ ਲੱਗੀ ਉਹ ਟੈਰਾ ਡਰੋਨ ਇੰਡੋਨੇਸ਼ੀਆ ਦਾ ਦਫ਼ਤਰ ਹੈ। ਰਿਹਾਇਸ਼ੀ ਅਤੇ ਵਪਾਰਕ ਖੇਤਰ ਵਿੱਚ ਸਥਿਤ ਇਮਾਰਤ ਵਿੱਚੋਂ ਸੰਘਣਾ ਕਾਲਾ * ਬਾਕੀ ਸਫ਼ਾ 2 'ਤੇ

## Unan 'ਚ ਵਾਪਰਿਆ ਵੱਡਾ ਹਾਦਸਾ

### ਕ੍ਰੀਟ ਦੇ ਦੱਖਣ 'ਚ ਕਿਸ਼ਤੀ ਪਲਟਣ ਕਾਰਨ 18 ਪਰਵਾਸੀਆਂ ਦੀ ਹੋਈ ਮੌਤ



ਐਥਨਜ਼, (ਪੰਜਾਬ ਸਟਾਰ ਬਿਊਰੋ): ਯੂਨਾਨੀ ਟਾਪੂ ਕ੍ਰੀਟ ਵਿਚ ਉਸ ਸਮੇਂ ਇਕ ਵੱਡਾ ਹਾਦਸਾ ਵਾਪਰਿਆ ਗਿਆ ਜਦੋਂ ਕ੍ਰੀਟ ਟਾਪੂ ਦੇ ਨੇੜੇ ਪਰਵਾਸੀਆਂ ਨੂੰ ਲੈ ਕੇ * ਬਾਕੀ ਸਫ਼ਾ 2 'ਤੇ

## ਕੈਨੇਡਾ : ਸੈਂਕੜੇ ਪੰਜਾਬੀਆਂ ਨੂੰ ਜਾਰੀ ਹੋ ਰਹੇ ਡਿਪੋਰਟੇਸ਼ਨ ਹੁਕਮ

* ਓਨਟਾਰੀਓ ਸਰਕਾਰ ਨੇ ਪੱਲਾ ਝਾੜਿਆ, ਫੈਡਰਲ ਸਰਕਾਰ 'ਤੇ ਮੜ੍ਹੇ ਦੋਸ਼
* ਸੈਂਕੜੇ ਅਰਜ਼ੀਆਂ ਰੱਦ ਕਰ ਕੇ ਨਵੀਂ ਇੰਮੀਗ੍ਰੇਸ਼ਨ ਯੋਜਨਾ ਲਿਆਉਣ ਦੇ ਚਰਚੇ




ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਛੱਡ ਕੇ ਜਾਣ ਲਈ ਮਜਬੂਰ ਕੀਤੇ ਸੈਂਕੜੇ ਪੰਜਾਬੀ ਨੌਜਵਾਨਾਂ ਨੂੰ ਹੁਣ ਤੱਕ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਮਿਲਿਆ ਅਤੇ ਇਕ ਵਾਰ ਫ਼ਿਰ ਉਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨੇ ਸਪੱਸ਼ਟ ਲਫ਼ਜ਼ਾਂ ਵਿਚ ਆਖ ਦਿਤਾ ਹੈ ਕਿ ਉਨ੍ਹਾਂ ਦਾ ਭਵਿੱਖ ਫ਼ੈਡਰਲ ਸਰਕਾਰ ਦੇ ਹੱਥਾਂ ਵਿਚ ਹੈ। ਜੀ ਹਾਂ, ਉਨਟਾਰੀਓ ਵਿਧਾਨ ਸਭਾ ਦੇ ਬਾਹਰ ਪੰਜਾਬੀ ਨੌਜਵਾਨਾਂ ਦਾ ਲੜੀਵਾਰ ਧਰਨਾ ਤੀਜੇ ਹਫ਼ਤੇ ਵਿਚ ਦਾਖਲ ਹੋ ਚੁੱਕਾ ਹੈ ਪਰ ਸੂਬਾ ਸਰਕਾਰ ਜਾਂ ਫ਼ੈਡਰਲ ਸਰਕਾਰ ਵਿਚੋਂ ਕੋਈ ਨਰਮਦਿਲੀ ਦਿਖਾਉਣ ਦੇ ਰੌਂਅ ਵਿਚ ਨਹੀਂ। ਵਿਦਿਆਰਥੀਆਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਪ੍ਰੀਮੀਅਰ ਨੇ ਕਿਹਾ ਕਿ ਬਿਨਾਂ ਸ਼ੱਕ ਉਨ੍ਹਾਂ ਨੂੰ ਬਿਹਤਰ ਜ਼ਿੰਦਗੀ ਮਾਣਨ ਦਾ ਹੱਕ ਪਰ ਫੈਡਰਲ ਸਰਕਾਰ ਇਨ੍ਹਾਂ ਨੂੰ ਘਰ ਵਾਪਸੀ ਦੇ ਨੋਟਿਸ ਜਾਰੀ ਕਰ ਰਹੀ ਹੈ। ਦੂਜੇ ਪਾਸੇ ਡਗ ਫ਼ੋਰਡ ਨੂੰ ਕਰੜੇ ਹੱਥੀਂ ਲੈਂਦਿਆਂ ਲਿਬਰਲ ਪਾਰਟੀ ਦੇ ਵਿਧਾਇਕ ਜੌਹਨ ਫਰੇਜ਼ਰ ਨੇ ਕਿਹਾ ਹੈ ਕਿ ਪ੍ਰੀਮੀਅਰ ਸਾਰਾ ਦੋਸ਼ ਮਾਰਕ ਕਾਰਨੀ ਸਰਕਾਰ ਦੇ ਸਿਰ ਮੜ੍ਹਨਾ ਚਾਹੁੰਦੇ ਹਨ।

ਮਾਮਲਾ ਇਥੇ ਹੀ ਰੁਕਦਾ ਨਜ਼ਰ ਨਹੀਂ ਆਉਂਦਾ ਕਿਉਂਕਿ ਪੰਜਾਬੀ ਨੌਜਵਾਨਾਂ ਨੂੰ ਕੱਖੋਂ ਹੌਲਾ ਕਰਨ ਮਗਰੋਂ ਡਗ ਫ਼ੋਰਡ ਸਰਕਾਰ ਵੱਲੋਂ ਉਨਟਾਰੀਓ ਇੰਮੀਗ੍ਰੇਂਟ ਨੌਮਿਨੀ ਪ੍ਰੋਗਰਾਮ ਨੂੰ ਨਵਾਂ ਰੂਪ ਦਿਤਾ ਜਾ ਰਿਹਾ ਹੈ ਅਤੇ ਕਿਰਤ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਨਵਾਂ ਸਿਸਟਮ ਇੰਪਲੌਇਰਜ਼ ਨੂੰ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਸਕਿਲਡ ਵਰਕਰ ਮੁਹੱਈਆ ਕਰਵਾਉਣ ਵਿਚ ਸਹਾਈ ਸਾਬਤ ਹੋਵੇਗਾ। ਤਜਵੀਜ਼ਸ਼ੁਦਾ ਸਿਸਟਮ ਵਿਚ ਮੁੱਖ ਤਰਜੀਹ ਜੌਬ ਔਫ਼ਰ ਵਾਲੇ ਬਿਨੈਕਾਰਾਂ ਨੂੰ ਦਿਤੀ ਜਾਵੇਗੀ ਜਾਂ ਆਪਣੇ ਕਿੱਤੇ ਨਾਲ ਸਬੰਧਤ ਲਾਇਸੰਸ ਰੱਖਣ ਵਾਲੇ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣਗੇ। * ਬਾਕੀ ਸਫ਼ਾ 2 'ਤੇ

## ਡੋਨਾਲਡ ਟਰੰਪ ਪ੍ਰਸ਼ਾਸਨ ਦਾ ਵੱਡਾ ਐਕਸ਼ਨ

### 8 ਹਜ਼ਾਰ ਤੋਂ ਵੱਧ ਸਟੂਡੈਂਟ ਵੀਜ਼ੇ ਸਣੇ 85,000 ਵੀਜ਼ੇ ਕੀਤੇ ਰੱਦ




(ਪੰਜਾਬ ਸਟਾਰ ਬਿਊਰੋ): ਸੰਯੁਕਤ ਰਾਜ ਅਮਰੀਕਾ ਵਿੱਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇਸ ਸਾਲ 85,000 ਵੀਜ਼ੇ ਰੱਦ ਕਰ ਦਿੱਤੇ ਹਨ। ਇਹ ਕਾਰਵਾਈ ਇਮੀਗ੍ਰੇਸ਼ਨ ਲਾਗੂ ਕਰਨ ਨੂੰ ਮਜ਼ਬੂਤ ਕਰਨ ਅਤੇ ਰਾਸ਼ਟਰੀ ਸੁਰੱਖਿਆ ਜਾਂਚ ਨੂੰ ਬਿਹਤਰ ਬਣਾਉਣ ਦੇ ਯਤਨਾਂ ਦਾ ਹਿੱਸਾ ਦੱਸੀ ਜਾ ਰਹੀ ਹੈ। ਰੱਦ ਕੀਤੇ ਗਏ ਵੀਜ਼ਿਆਂ ਵਿੱਚ 8,000 ਤੋਂ ਵੱਧ ਵਿਦਿਆਰਥੀ ਵੀਜ਼ੇ ਸ਼ਾਮਲ ਹਨ, ਜੋ ਪਿਛਲੇ ਸਾਲ ਨਾਲੋਂ ਦੁੱਗਣੇ ਹਨ। ਜਨਵਰੀ ਵਿੱਚ ਰਾਸ਼ਟਰਪਤੀ ਬਣਨ ਤੋਂ ਬਾਅਦ, ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਮੁੱਦਿਆਂ 'ਤੇ ਲਗਾਤਾਰ ਸਖ਼ਤ ਰੁਖ਼ ਅਪਣਾਇਆ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਮੰਗਲਵਾਰ ਨੂੰ ਲਿਖਿਆ, "ਜਨਵਰੀ ਤੋਂ 85,000 ਵੀਜ਼ੇ ਰੱਦ ਕੀਤੇ ਗਏ ਹਨ। ਰਾਸ਼ਟਰਪਤੀ ਟਰੰਪ ਅਤੇ ਸਕੱਤਰ ਰੂਬੀਓ ਇੱਕ ਸਧਾਰਨ ਆਦੇਸ਼ ਦੀ * ਬਾਕੀ ਸਫ਼ਾ 2 'ਤੇ

## ਟਰੰਪ ਪ੍ਰਸ਼ਾਸਨ ਵੱਲੋਂ ਮੁੜ ਨਵੀਆਂ ਵੀਜ਼ਾ ਪਾਬੰਦੀਆਂ!

### – ਨਵੀਆਂ ਵੀਜ਼ਾ ਪਾਬੰਦੀਆਂ ਦਾ ਭਾਰਤੀਆਂ 'ਤੇ ਪਵੇਗਾ ਬਹੁਤ ਜ਼ਿਆਦਾ ਅਸਰ



ਨਵੀਂ ਦਿੱਲੀ, (ਪੰਜਾਬ ਸਟਾਰ ਬਿਊਰੋ): ਡੋਨਾਲਡ ਟਰੰਪ ਪ੍ਰਸ਼ਾਸਨ ਨੇ ਅਮਰੀਕੀ ਦੂਤਾਵਾਸ ਦੇ ਅਧਿਕਾਰੀਆਂ ਨੂੰ ਅਜਿਹੇ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦਾ ਨਿਰਦੇਸ਼ ਦਿੱਤਾ ਹੈ, ਜਿਨ੍ਹਾਂ ਨੇ ਫੈਕਟ–ਚੈਕਿੰਗ, ਕੰਟੈਂਟ ਮਾਡਰੇਸ਼ਨ, ਕੰਪਲਾਇੰਸ ਜਾਂ ਆਨਲਾਈਨ ਸੇਫਟੀ ਨਾਲ ਜੁੜੇ ਅਹੁਦਿਆਂ 'ਤੇ ਕੰਮ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਵਿਦੇਸ਼ ਵਿਭਾਗ ਦੇ ਇਕ ਮੈਮੋ ਦੇ ਹਵਾਲੇ ਨਾਲ ਦਿੱਤੀ ਗਈ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਨਵੀਆਂ ਵੀਜ਼ਾ ਪਾਬੰਦੀਆਂ ਦਾ ਟੈਕਨਾਲੋਜੀ ਵਰਕਰਾਂ 'ਤੇ, ਖਾਸ ਕਰਕੇ ਭਾਰਤ ਵਰਗੇ ਦੇਸ਼ਾਂ ਤੋਂ * ਬਾਕੀ ਸਫ਼ਾ 2 'ਤੇ

## ਭਾਰਤ ਨੇ 9 ਸਾਲ ਬਾਅਦ ਜੂਨੀਅਰ ਹਾਕੀ ਵਿਸ਼ਵ ਕੱਪ 'ਚ ਜਿੱਤਿਆ ਕਾਂਸੀ ਦਾ ਤਗਮਾ

### ਅਰਜਨਟੀਨਾ ਨੂੰ 4–2 ਨਾਲ ਹਰਾਇਆ




(ਪੰਜਾਬ ਸਟਾਰ ਬਿਊਰੋ): ਭਾਰਤ ਨੇ 9 ਸਾਲ ਬਾਅਦ ਜੂਨੀਅਰ ਹਾਕੀ ਵਰਲਡ ਕੱਪ ਵਿਚ ਕਾਂਸੇ ਦਾ ਤਗਮਾ ਜਿੱਤਿਆ ਹੈ। ਜੂਨੀਅਰ ਟੀਮ ਇੰਡੀਆ ਨੇ ਆਖਰੀ 11 ਮਿੰਟ ਵਿਚ 4 ਗੋਲ ਕਰਕੇ 2021 ਦੀ ਚੈਂਪੀਅਨ ਅਰਜਨਟੀਨਾ ਨੂੰ 4–2 ਨਾਲ ਹਰਾਇਆ। 2 ਵਾਰ ਦੀ ਵਰਲਡ ਚੈਂਪੀਅਨ ਭਾਰਤੀ ਟੀਮ ਨੇ ਆਖਰੀ ਵਾਰ 2016 ਵਿਚ ਕੋਈ ਮੈਡਲ ਜਿੱਤਿਆ ਸੀ। ਪਿਛਲੀ 2 ਵਾਰ ਟੀਮ ਕਾਂਸੇ ਦਾ ਤਮਗਾ ਹਾਰ ਕੇ ਚੌਥੇ ਸਥਾਨ 'ਤੇ ਰਹੀ ਸੀ। 3 ਕੁਆਰਟਰ ਤੱਕ 2 ਗੋਲ ਤੋਂ ਪਿਛੜਨ ਦੇ ਬਾਅਦ ਭਾਰਤ ਨੇ ਸ਼ਾਨਦਾਰ ਵਾਪਸੀ ਕੀਤੀ। ਟੀਮ ਨੇ ਆਖਰੀ 11 ਮਿੰਟ ਵਿਚ 4 ਗੋਲ ਕਰਕੇ ਖਚਾਖਚ ਭਰੇ ਮੇਅਰ ਰਾਧਾਕ੍ਰਿਸ਼ਣਨ ਸਟੇਡੀਅਮ ਵਿਚ ਜਾਨ ਫੂਕ ਦਿੱਤੀ। ਭਾਰਤ ਲਈ ਅੰਕਿਤ ਪਾਲ (9ਵਾਂ), ਮਨਮੀਤ ਸਿੰਘ (52ਵਾਂ), ਸ਼ਾਰਦਾਨੰਦ ਤਿਵਾਰੀ (57ਵਾਂ) ਤੇ ਅਨਮੋਲ ਇੱਕਾ (58ਵਾਂ) ਨੇ ਗੋਲ ਦਾਗੇ। ਦੂਜੇ ਪਾਸੇ ਅਰਜਨਟੀਨਾ ਲਈ ਨਿਕੋਲਸ ਰੌਦ੍ਰਿਗੇਜ (ਪੰਜਵਾਂ) ਤੇ ਸੈਂਟੀਯਾਗੋ ਫਰਨਾਡੀਸ (44ਵਾਂ) ਗੋਲ ਕੀਤੇ। ਇੰਡੀਆ ਨੇ ਜੂਨੀਅਰ ਟੀਮ ਇੰਡੀਆ ਦੇ ਹਰ ਖਿਡਾਰੀ ਨੂੰ 5–5 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ। ਇੰਨਾ ਹੀ ਨਹੀਂ ਹਾਕੀ ਇੰਡੀਆ ਨੇ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਕਤਲ ਅਤੇ ਲੁੱਟਾਂ–ਖੋਹਾਂ ਕਰਨ ਵਾਲੇ ਗਿਰੋਹ ਦੇ 13 ਮੈਂਬਰ ਕਾਬੂ

* ਯਾਰਕ ਰੀਜਨਲ ਪੁਲਿਸ ਨੇ 150 ਤੋਂ ਵੱਧ ਦੋਸ਼ ਆਇਦ ਕੀਤੇ
* ਓਨਟਾਰੀਓ ਤੋਂ ਕਿਊਬੈਕ ਤੱਕ ਫੈਲਿਆ ਵਾਰਦਾਤਾਂ ਦਾ ਘੇਰਾ



ਓਨਟਾਰੀਓ (ਪੰਜਾਬ ਸਟਾਰ ਬਿਊਰੋ): ਓਨਟਾਰੀਓ ਦੇ ਘਰਾਂ ਵਿਚ ਡਾਕੇ ਮਾਰਨ, ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ, ਹਥਿਆਰਾਂ ਦੀ ਨੋਕ 'ਤੇ ਕਾਰਾਂ ਖੋਹਣ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਵਿਚ ਸ਼ਾਮਲ ਇਕ ਗਿਰੋਹ ਦੇ 13 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਦਿਆਂ ਯਾਰਕ ਰੀਜਨਲ ਪੁਲਿਸ ਵੱਲੋਂ 150 ਤੋਂ ਵੱਧ ਦੋਸ਼ ਆਇਦ ਕੀਤੇ ਗਏ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਸੁਪਰਡੈਂਟ ਸਾਈਮਨ ਜੇਮਜ਼ ਨੇ ਦੱਸਿਆ ਕਿ ਪ੍ਰੋਜੈਕਟ ਰੈਂਗਲਰ ਤਹਿਤ ਇਕ ਸਾਲ ਤੱਕ ਚੱਲੀ ਪੜਤਾਲ ਦੇ ਆਧਾਰ 'ਤੇ ਇਹ ਕਾਰਵਾਈ ਕੀਤੀ ਗਈ। ਮੁਢਲੇ ਤੌਰ 'ਤੇ ਅਪਰਾਧਕ ਵਾਰਦਾਤਾਂ ਆਪਸ ਵਿਚ ਸਬੰਧਤ ਮਹਿਸੂਸ ਨਾ ਹੋਈਆਂ ਪਰ ਸੂਬੇ ਦੇ ਵੱਖ ਵੱਖ ਪੁਲਿਸ ਮਹਿਕਮਿਆਂ ਤੋਂ ਮਿਲੇ ਸਹਿਯੋਗ ਸਦਕਾ ਹੌਲੀ ਹੌਲੀ ਪਰਤਾਂ ਖੁੱਲ੍ਹਣ ਲੱਗੀਆਂ।

ਅਪਰਾਧੀਆਂ ਵੱਲੋਂ * ਬਾਕੀ ਸਫ਼ਾ 2 'ਤੇ

## ਪਰਵਾਸੀਆਂ ਦੇ ਹੱਕ 'ਚ ਆਏ ਨਿਊਯਾਰਕ ਦੇ ਨਵੇਂ ਚੁਣੇ ਗਏ ਮੇਅਰ ਜੋਹਰਾਨ ਮਮਦਾਨੀ




ਨਿਊਯਾਰਕ, (ਪੰਜਾਬ ਸਟਾਰ ਬਿਊਰੋ): ਨਿਊਯਾਰਕ ਸ਼ਹਿਰ ਦੇ ਨਵੇਂ ਚੁਣੇ ਗਏ ਮੇਅਰ ਜੋਹਰਾਨ ਮਮਦਾਨੀ ਨੇ ਸ਼ਹਿਰ ਦੇ ਪਰਵਾਸੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਬਾਰੇ ਜਾਗਰੂਕ ਕਰਨ ਦੇ ਲਈ ਸ਼ੋਸ਼ਲ ਮੀਡੀਆ 'ਤੇ ਇਕ ਵੀਡੀਓ ਸ਼ੇਅਰ ਕੀਤਾ ਹੈ। ਮੈਨਹਟਨ 'ਚ ਯੂਐਸ ਇਮੀਗ੍ਰੇਸ਼ਨ ਅਤੇ ਕਸਟਮ ਇਮੀਗ੍ਰੇਸ਼ਨ ਦੇ ਏਜੰਟਾਂ ਵੱਲੋਂ ਕੀਤੀ ਗਈ ਛਾਪੇਮਾਰੀ ਦੇ ਕੁੱਝ ਦਿਨਾਂ ਤੋਂ ਬਾਅਦ ਜਾਰੀ ਕੀਤੀ ਗਈ ਇਸ ਵੀਡੀਓ 'ਚ ਮਮਦਾਨੀ ਨੇ ਪਰਵਾਸੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਏਜੰਟਾਂ ਨਾਲ ਗੱਲਬਾਤ ਕਰਨ ਜਾਂ ਉਨ੍ਹਾਂ ਦੇ ਹੁਕਮਾਂ ਨੂੰ ਮੰਨਣ * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
www.MakeMeDebtFree.ca
416-502-3100
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਪੰਜਾਬ ਕਾਂਗਰਸ ਵੱਲੋਂ ਨਵਜੋਤ ਕੌਰ ਸਿੱਧੂ ਪਾਰਟੀ 'ਚੋਂ ਮੁਅੱਤਲ



ਪੰਜਾਬ ਕਾਂਗਰਸ ਨੇ ਅੱਜ ਦੇਰ ਸ਼ਾਮ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਆਦੇਸ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਡਾ. ਨਵਜੋਤ ਕੌਰ ਸਿੱਧੂ ਵੱਲੋਂ 6 ਦਸੰਬਰ ਨੂੰ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਦੇਣੇ ਚਾਹੀਦੇ ਬਾਰੇ ਬਿਆਨ ਦਿੱਤਾ ਸੀ। ਇਸ ਬਿਆਨ ਨੂੰ ਲੈ ਕੇ ਉਹ ਪਿਛਲੇ ਦੋ ਦਿਨਾਂ ਤੋਂ ਵਿਵਾਦਾਂ ਵਿੱਚ ਚੱਲ ਰਹੇ ਸਨ। ਡਾ. ਨਵਜੋਤ ਕੌਰ ਸਿੱਧੂ ਦੇ ਇਸ ਬਿਆਨ ਨੂੰ ਲੈ ਕੇ ਕਾਂਗਰਸ ਪਾਰਟੀ ਅੰਦਰ ਪਿਛਲੇ ਦੋ ਦਿਨਾਂ ਤੋਂ ਸਿਆਸਤ ਗਰਮਾਈ ਹੋਈ ਸੀ ਇਸ ਦੌਰਾਨ ਕੁਝ ਕਾਂਗਰਸੀ ਆਗੂਆਂ ਵੱਲੋਂ ਵੀ ਇੱਕ ਦੂਜੇ 'ਤੇ ਟਿੱਪਣੀ ਕੀਤੀਆਂ ਜਾ ਰਹੀਆਂ ਸਨ।

ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਇਹ ਦੋਸ਼ ਲਗਾ ਕੇ ਪੰਜਾਬ ਵਿੱਚ ਸਿਆਸੀ ਤੂਫ਼ਾਨ ਮਚਾ ਦਿੱਤਾ ਸੀ ਕਿ ਪੰਜਾਬ ਵਿੱਚ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਨਾਲ ਭਰਿਆ ਸੂਟਕੇਸ ਦੇਣਾ ਪੈਂਦਾ ਹੈ ਜੋ ਉਨ੍ਹਾਂ ਦਾ ਪਤੀ ਨਹੀਂ ਦੇ ਸਕਦਾ। ਸਾਬਕਾ ਵਿਧਾਇਕ ਨੇ ਸ਼ਨਿੱਚਰਵਾਰ ਸ਼ਾਮ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਸੂਬੇ ਵਿੱਚ ਵਿਗੜੀ ਅਮਨ ਕਾਨੂੰਨ ਦੀ ਸਥਿਤੀ ਸਣੇ ਹੋਰ ਮੁੱਦਿਆਂ 'ਤੇ ਗੱਲਬਾਤ ਕੀਤੀ। ਹਾਲਾਂਕਿ ਉਨ੍ਹਾਂ ਨੇ ਇਹ ਟਿੱਪਣੀ ਕਰਦੇ ਵੇਲੇ ਕਿਸੇ ਪਾਰਟੀ ਦਾ ਨਾਮ ਨਹੀਂ ਲਿਆ ਪਰ ਉਨ੍ਹਾਂ ਨੇ ਖ਼ਾਸ ਤੌਰ 'ਤੇ ਕਿਹਾ ਕਿ ਸਿੱਧੂ ਸਰਗਰਮ ਰਾਜਨੀਤੀ ਵਿੱਚ ਤਾਂ ਹੀ ਵਾਪਸ ਆਉਣਗੇ ਜੇਕਰ ਉਨ੍ਹਾਂ ਨੂੰ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਂਦਾ ਹੈ।

ਨਵਜੋਤ ਕੌਰ ਨੇ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਬਹੁਤ ਜ਼ਿਆਦਾ ਗੁੱਟਬਾਜ਼ੀ ਹੈ ਤੇ ਇੱਥੇ ਕਈ ਜਣੇ ਮੁੱਖ ਮੰਤਰੀ ਦਾ ਚਿਹਰਾ ਬਣਨ ਲਈ ਤਿਆਰ ਹਨ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਕੋਲ ਕਿਸੇ ਵੀ ਪਾਰਟੀ ਨੂੰ ਦੇਣ ਲਈ ਕੋਈ ਪੈਸਾ ਨਹੀਂ ਹੈ, ਪਰ ਉਹ ਪੰਜਾਬ ਨੂੰ ਇੱਕ ਸੁਨਹਿਰੀ ਰਾਜ ਵਿੱਚ ਬਦਲ ਸਕਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਉਸ ਦੇ ਪਤੀ ਕਾਂਗਰਸ ਅਤੇ ਪਾਰਟੀ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਮਜ਼ਬੂਤੀ ਨਾਲ ਜੁੜੇ ਹੋਏ ਹਨ।

# ਅਮਰੀਕਾ : ਪੰਜਾਬੀ ਟਰੱਕ ਡਰਾਈਵਰ ਦਾ ਕਤਲ, ਸਾਬਕਾ ਪਤਨੀ ਗ੍ਰਿਫ਼ਤਾਰ

## * ਕੈਲਫੋਰਨੀਆ ਤੋਂ ਕਾਬੂ ਕੀਤੀ ਜਤਿੰਦਰ ਕੌਰ ਪੁਰੇਵਾਲ

## * ਪ੍ਰੇਮੀ ਨਾਲ ਰਲ ਕੇ 2024 ਵਿਚ ਕੀਤੀ ਸੀ ਜਸਪਿੰਦਰ ਸਿੰਘ ਦੀ ਹੱਤਿਆ



ਯੂਟਾਹ : ਅਮਰੀਕਾ ਵਿਚ ਪੰਜਾਬੀ ਟਰੱਕ ਡਰਾਈਵਰ ਦੀ ਕਾਤਲ ਉਸ ਦੀ ਸਾਬਕਾ ਪਤਨੀ ਹੀ ਨਿਕਲੀ ਅਤੇ ਅਦਾਲਤੀ ਦਸਤਾਵੇਜ਼ਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ਼ਕ ਵਿਚ ਅੰਨ੍ਹੀ ਹੋਈ ਔਰਤ ਨੇ ਵਾਰਦਾਤ ਕਰਵਾਈ। ਪੁਲਿਸ ਨੇ ਮਰਹੂਮ ਟਰੱਕ ਡਰਾਈਵਰ ਜਸਪਿੰਦਰ ਸਿੰਘ ਦੀ ਸਾਬਕਾ ਪਤਨੀ ਜਤਿੰਦਰ ਕੌਰ ਪੁਰੇਵਾਲ ਨੂੰ ਗ੍ਰਿਫ਼ਤਾਰ ਕਰਦਿਆਂ ਪਹਿਲੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕਰ ਦਿਤੇ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਜਤਿੰਦਰ ਕੌਰ ਦੇ ਕਹਿਣ 'ਤੇ ਜਸਵਿੰਦਰ ਸਿੰਘ ਢਿੱਲੋਂ ਨੇ ਕਤਲ ਦੀ ਵਾਰਦਾਤ ਨੂੰ ਅੰਜਾਮ ਦਿਤਾ। ਵਾਸ਼ਿੰਗਟਨ ਸੂਬੇ ਨਾਲ ਸਬੰਧਤ ਜਸਵਿੰਦਰ ਸਿੰਘ ਢਿੱਲੋਂ ਨੂੰ ਪੁਲਿਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ ਜਿਸ ਨੇ ਗ੍ਰਿਫ਼ਤਾਰੀ ਤੋਂ ਬਾਅਦ ਘੱਟੋ ਘੱਟ 30 ਵਾਰ ਜਤਿੰਦਰ ਕੌਰ ਨੂੰ ਫੋਨ ਕੀਤਾ। ਸਿਰਫ਼ ਐਨਾ ਹੀ ਨਹੀਂ ਜਸਪਿੰਦਰ ਸਿੰਘ ਦੇ ਕਤਲ ਤੋਂ ਤੁਰਤ ਬਾਅਦ ਜਸਵਿੰਦਰ ਅਤੇ ਜਤਿੰਦਰ ਕੌਰ ਦਰਮਿਆਨ 12 ਵੁਆਇਸ ਕਾਲਜ਼ ਅਤੇ ਵੀਡੀਓ ਕਾਲਜ਼ ਹੋਈਆਂ। ਦੱਸ ਦੇਈਏ ਕਿ ਯੂਟਾਹ ਸੂਬੇ ਦੇ ਡੈਲ ਸ਼ਹਿਰ ਨੇੜੇ ਇੰਟਰਸਟੇਟ 80 'ਤੇ ਸਤੰਬਰ 2024 ਵਿਚ ਵਾਪਰੇ ਕਤਲਕਾਂਡ ਤਹਿਤ ਜਤਿੰਦਰ ਕੌਰ ਪੁਰੇਵਾਲ ਦੀ ਗ੍ਰਿਫ਼ਤਾਰੀ ਕੈਲੇਫੋਰਨੀਆ ਤੋਂ ਕੀਤੀ ਗਈ ਅਤੇ ਸੈਨ ਵੌਕਿਨ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਦੀ ਮਦਦ ਨਾਲ ਉਸ ਨੂੰ ਯੂਟਾਹ ਸੂਬੇ ਦੀ ਟੂਲੀ ਕਾਊਂਟੀ ਜੇਲ ਵਿਚ ਲਿਜਾਇਆ ਗਿਆ।

ਜਤਿੰਦਰ ਕੌਰ ਵਿਰੁੱਧ ਕਤਲ ਤੋਂ ਇਲਾਵਾ ਕਿਡਨੈਪਿੰਗ ਅਤੇ ਨਿਆਂ ਵਿਚ ਅੜਿੱਕੇ ਡਾਹੁਣ ਦੇ ਦੋਸ਼ ਵੀ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਜਸਪਿੰਦਰ ਸਿੰਘ ਦੀ ਬੇਟੀ ਨੇ ਵੀ ਖ਼ਦਸ਼ਾ ਜ਼ਾਹਰ ਕੀਤਾ ਸੀ ਕਿ ਜਤਿੰਦਰ ਕੌਰ ਉਸ ਦੇ ਪਿਤਾ ਦਾ ਕਤਲ ਕਰ ਸਕਦੀ ਹੈ। ਕਤਲਕਾਂਡ ਦੇ ਪ੍ਰਮੁੱਖ ਗਵਾਹ ਮੁਤਾਬਕ ਜਸਪਿੰਦਰ ਸਿੰਘ ਦਾ ਕੈਲੇਫੋਰਨੀਆ ਤੋਂ ਯੂਟਾਹ ਤੱਕ ਘੱਟੋ-ਘੱਟ 300 ਮੀਲ ਪਿੱਛਾ ਕੀਤਾ ਗਿਆ। ਜਸਪਿੰਦਰ ਦੇ ਕਤਲ ਬਾਰੇ ਸਭ ਤੋਂ ਪਹਿਲਾਂ ਉਸ ਦੇ ਸਾਥੀ ਡਰਾਈਵਰ ਨੂੰ ਪਤਾ ਲੱਗਾ ਜਦੋਂ ਉਸ ਨੇ ਟਰੱਕ ਦੇ ਸਲੀਪਿੰਗ ਏਰੀਆ ਵਿਚ ਜਸਪਿੰਦਰ ਸਿੰਘ ਦੀ ਲਾਸ਼ ਦੇਖੀ। ਜਸਪਿੰਦਰ ਦੇ ਟਰੱਕ ਦਾ ਜੀ.ਪੀ.ਐਸ. ਸਿਸਟਮ ਕੰਮ ਨਹੀਂ ਸੀ ਕਰ ਰਿਹਾ ਅਤੇ ਉਸ ਦਾ ਸਾਥੀ ਡਰਾਈਵਰ ਸਮੱਸਿਆ ਪਤਾ ਕਰਨ ਵਾਸਤੇ ਉਸ ਦੇ ਟਰੱਕ ਵਿਚ ਦਾਖਲ ਹੋਇਆ। ਦੂਜੇ ਪਾਸੇ ਜਾਂਚਕਰਤਾਵਾਂ ਨੇ ਦੱਸਿਆ ਕਿ ਡੈਲ ਸ਼ਹਿਰ ਦੇ ਸਿੰਕਲੇਅਰ ਇਲਾਕੇ ਤੋਂ ਸੀ.ਸੀ.ਟੀ.ਵੀ. ਫੁਟੇਜ ਹਾਸਲ ਕੀਤੀ ਗਈ ਅਤੇ ਜਸਪਿੰਦਰ ਸਿੰਘ ਦੇ ਸਾਥੀ ਡਰਾਈਵਰ ਦੇ ਡੈਸ਼ਕੈਮ ਦੀ ਵੀਡੀਓ ਨੂੰ ਵੀ ਡੂੰਘਾਈ ਨਾਲ ਘੋਖਿਆ ਗਿਆ। ਵੀਡੀਓ ਤੋਂ ਪਤਾ ਲਗਦਾ ਹੈ ਕਿ ਜਸਪਿੰਦਰ ਸਿੰਘ ਦਾ ਟਰੱਕ ਵੱਡੇ ਤੜਕੇ ਤਕਰੀਬਨ ਸਾਢੇ ਤਿੰਨ ਵਜੇ ਗੈਸ ਸਟੇਸ਼ਨ ਵਿਚ ਦਾਖਲ ਹੁੰਦਾ ਹੈ ਅਤੇ ਇਕ ਚਿੱਟੇ ਰੰਗ ਦੀ ਮਰਸਡੀਜ਼ ਪਾਰਕਿੰਗ ਲੌਟ ਵਿਚ ਹੌਲੀ ਹੌਲੀ ਅੱਗੇ ਵਧਦੀ ਨਜ਼ਰ ਆਉਂਦੀ ਹੈ।

ਜਸਪਿੰਦਰ ਸਿੰਘ ਟਰੱਕ ਲੈ ਕੇ ਗੈਸ ਸਟੇਸ਼ਨ ਤੋਂ ਨਿਕਲਦਾ ਹੈ ਤਾਂ ਗੱਡੀ ਵੀ ਉਸ ਦੇ ਪਿੱਛੇ ਜਾਂਦੀ ਹੈ। ਕੁਝ ਦੇਰ ਬਾਅਦ ਗੱਡੀ ਵਿਚੋਂ ਇਕ ਸ਼ਖਸ ਬਾਹਰ ਨਿਕਲ ਕੇ ਜਸਪਿੰਦਰ ਸਿੰਘ ਦੇ ਟਰੱਕ ਵੱਲ ਵਧਦਾ ਹੈ। ਜਾਂਚਕਰਤਾਵਾਂ ਨੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਨ ਲਈ ਜਸਪਿੰਦਰ ਸਿੰਘ ਦਾ ਜੀ.ਪੀ.ਐਸ. ਡਾਟਾ ਹਾਸਲ ਕੀਤਾ ਜਿਸ ਤੋਂ ਪਤਾ ਲੱਗਾ ਕਿ ਉਹ ਗੈਸ ਸਟੇਸ਼ਨ ਤੋਂ ਇੰਟਰਸਟੇਟ 80 'ਤੇ ਚੜ੍ਹ ਗਿਆ ਅਤੇ ਡੈਲ ਦੇ ਪੂਰਬ ਵੱਲ ਇਕ ਮੋੜ ਮੁੜਿਆ। ਇਸ ਮਗਰੋਂ ਟਰੱਕ ਵਾਪਸ ਆਇਆ ਅਤੇ ਪੱਛਮ ਵੱਲ ਚਲਾ ਗਿਆ। ਟਰੱਕ ਮੁੜ ਡੈਲ ਸ਼ਹਿਰ ਵੱਲ ਆਉਂਦਾ ਹੈ ਅਤੇ ਇਕ ਰੈਂਪ 'ਤੇ ਖੜ੍ਹਾ ਹੋ ਜਾਂਦਾ ਹੈ। ਸਿਰਫ ਐਨਾ ਹੀ ਨਹੀਂ ਜਸਪਿੰਦਰ ਸਿੰਘ ਦਾ ਟਰੱਕ ਅਤੇ ਚਿੱਟੀ ਮਰਸਡੀਜ਼ ਕਾਰ ਯੂਟਾਹ ਅਤੇ ਨੇਵਾਡਾ ਦੇ ਬਾਰਡਰ 'ਤੇ ਲੱਗੇ ਕੈਮਰਿਆਂ ਵਿਚ ਵੀ ਨਜ਼ਰ ਆਏ ਜਦਕਿ ਕਈ ਘੰਟੇ ਪਹਿਲਾਂ ਵੈਲਜ਼ ਦੇ ਗੈਸ ਸਟੇਸ਼ਨ 'ਤੇ ਵੀ ਟਰੱਕ ਅਤੇ ਚਿੱਟੀ ਮਰਸਡੀਜ਼ ਨਜ਼ਰ ਆਏ। ਤਿੰਨੋ ਮੌਕਿਆਂ 'ਤੇ ਚਿੱਟੀ ਮਰਸਡੀਜ਼ ਜਸਪਿੰਦਰ ਸਿੰਘ ਦੇ ਟਰੱਕ ਦਾ ਪਿੱਛਾ ਕਰ ਰਹੀ ਸੀ। ਪੁਲਿਸ ਨੇ ਲਾਇਸੰਸ ਪਲੇਟ ਦੇ ਆਧਾਰ 'ਤੇ ਪਤਾ ਕੀਤਾ ਤਾਂ ਗੱਡੀ ਜਸਵਿੰਦਰ ਸਿੰਘ ਢਿੱਲੋਂ ਦੇ ਨਾਂ ਦਰਜ ਸੀ ਅਤੇ ਗੱਡੀ ਚਲਾ ਰਹੇ ਸ਼ਖਸ ਦੀ ਸਰੀਰਕ ਬਣਤਰ ਵੀ ਜਸਵਿੰਦਰ ਸਿੰਘ ਢਿੱਲੋਂ ਨਾਲ ਮੇਲ ਖਾ ਗਈ।

# ਪੇਜ ਇੱਕ ਦੀ ਬਾਕੀ

## ਅਮਰੀਕਾ 'ਚ ਇਕ ਹੋਰ...

ਰਾਹੀਂ ਰੈਨ ਹੈਟ ਦੇ ਅਕਾਲ ਚਲਾਣੇ ਬਾਰੇ ਜਾਣਕਾਰੀ ਸਾਂਝੀ ਕਰ ਦਿਤੀ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਮੇਅਰ ਦੀ ਮੌਤ ਦੇ ਸੋਗ ਵਜੋਂ ਗਰੀਨ ਰਿਵਰ ਸ਼ਹਿਰ ਵਿਚ ਝੰਡੇ ਅੱਧੇ ਝੁਕੇ ਰਹੇ। ਹਾਦਸੇ ਲਈ ਜ਼ਿੰਮੇਵਾਰ ਟਰੱਕ ਡਰਾਈਵਰ ਦੀ ਸ਼ਨਾਖਤ ਸਾਹਮਣੇ ਨਹੀਂ ਆ ਸਕੀ ਜਿਸ ਨੂੰ ਡਾਕਟਰੀ ਮੁਆਇਨੇ ਲਈ ਹਸਪਤਾਲ ਲਿਜਾਇਆ ਗਿਆ।

## ਇੰਡੋਨੇਸ਼ੀਆ 'ਚ ਬਹੁਮੰਜ਼ਲੀ...

ਧੂੰਆਂ ਉੱਠ ਰਿਹਾ ਸੀ। ਇਸ ਘਟਨਾ ਨਾਲ ਆਲੇ-ਦੁਆਲੇ ਦੇ ਲੋਕਾਂ ਅਤੇ ਦਫਤਰ ਦੇ ਕਰਮਚਾਰੀਆਂ ਵਿੱਚ ਦਹਿਸ਼ਤ ਫੈਲ ਗਈ। ਘਟਨਾ ਸਥਾਨ 'ਤੇ ਵੱਡੀ ਭੀੜ ਇਕੱਠੀ ਹੋ ਗਈ। ਅੱਗ ਨੇ ਦੇਖਦੇ ਹੀ ਦੇਖਦੇ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਵੱਡੀ ਗਿਣਤੀ ਵਿੱਚ ਫਾਇਰ ਬ੍ਰਿਗੇਡ ਟੀਮਾਂ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ। ਹਾਲਾਂਕਿ, ਉਦੋਂ ਤੱਕ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਪੁਲਿਸ ਅਨੁਸਾਰ ਹਾਦਸੇ ਵਿੱਚ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਕਈ ਹੋਰ ਜ਼ਖਮੀ ਹੋਣ ਦੀ ਖ਼ਬਰ ਹੈ। ਪੁਲਿਸ ਅਨੁਸਾਰ ਪਹਿਲੀ ਮੰਜ਼ਿਲ 'ਤੇ ਰੱਖੀਆਂ ਬੈਟਰੀਆਂ ਨੂੰ ਅੱਗ ਲੱਗੀ ਸੀ, ਜਿਸ ਕਾਰਨ ਅੱਗ ਫੈਲ ਗਈ ਅਤੇ ਜਲਦੀ ਹੀ ਸੱਤਵੀਂ ਮੰਜ਼ਿਲ ਤੱਕ ਪਹੁੰਚ ਗਈ। ਫਿਲਹਾਲ ਪੂਰੀ ਇਮਾਰਤ ਦੀ ਜਾਂਚ ਜਾਰੀ ਹੈ। ਕੁਝ ਦਿਨ ਪਹਿਲਾਂ ਹੀ, ਹਾਂਗ ਕਾਂਗ ਦੇ ਤਾਈ ਪੋ ਜ਼ਿਲ੍ਹੇ ਵਿੱਚ ਇੱਕ ਰਿਹਾਇਸ਼ੀ ਕੰਪਲੈਕਸ ਵਿੱਚ ਅੱਗ ਲੱਗਣ ਕਾਰਨ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ, ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਇਸ ਘਟਨਾ ਨੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

## Unan 'ਚ ਵਾਪਰਿਆ...

ਜਾ ਰਹੀ ਇਕ ਕਿਸ਼ਤੀ ਪਲਟ ਗਈ । ਇਸ ਹਾਦਸੇ ਵਿਚ 18 ਵਿਅਕਤੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। ਜਦਕਿ ਇਸ ਹਾਦਸੇ ਦੌਰਾਨ ਬਚਣ ਵਾਲੇ ਦੋ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਕਿਸ਼ਤੀ ਵਿਚੋਂ ਸਾਰੀਆਂ ਲਾਸ਼ਾਂ ਬਰਾਮਦ ਹੋ ਗਈਆਂ ਹਨ। ਇਕ ਤੁਰਕੀ ਕਾਰਗੋ ਜਹਾਜ਼ ਨੇ ਕਿਸ਼ਤੀ ਨੂੰ ਭਟਕਦੇ ਦੇਖਿਆ ਅਤੇ ਅਧਿਕਾਰੀਆਂ ਨੂੰ ਸੁਚੇਤ ਕੀਤਾ। ਦੋ ਤੱਟ ਰੱਖਿਅਕ ਜਹਾਜ਼, ਇਕ ਫਰੰਟੈਕਸ ਜਹਾਜ਼, ਇਸ ਦਾ ਜਹਾਜ਼ ਅਤੇ ਇਕ ਸੁਪਰ ਪੁਮਾ ਹੈਲੀਕਾਪਟਰ ਘਟਨਾ ਸਥਾਨ 'ਤੇ ਭੇਜੇ ਗਏ। ਬਚੇ ਲੋਕਾਂ ਨੇ ਦੱਸਿਆ ਕਿ ਖਰਾਬ ਮੌਸਮ ਕਾਰਨ ਕਿਸ਼ਤੀ ਅਸਥਿਰ ਹੋ ਗਈ ਸੀ, ਅਤੇ ਉਨ੍ਹਾਂ ਕੋਲ ਲੋੜੀਂਦੀ ਜਗ੍ਹਾ, ਭੋਜਨ ਜਾਂ ਪਾਣੀ ਨਹੀਂ ਸੀ।

## ਕੈਨੇਡਾ : ਸੈਂਕੜੇ ਪੰਜਾਬੀਆਂ...

ਓ.ਆਈ.ਐਨ.ਪੀ. ਦੇ ਨਵੇਂ ਰੂਪ ਤਹਿਤ ਬਿਨੈਕਾਰ ਕੋਲ ਮੌਜੂਦ ਨੌਕਰੀ ਦੀ ਪੇਸ਼ਕਸ਼ ਵਿਚ ਦਰਮਿਆਨ ਉਜਰਤ ਦਰ ਹੋਣੀ ਲਾਜ਼ਮੀ ਹੈ ਜਿਸ ਦੇ ਆਧਾਰ 'ਤੇ ਕਿਰਤ ਮੰਤਰਾਲੇ ਵੱਲੋਂ ਯੋਗ ਉਮੀਦਵਾਰਾਂ ਨੂੰ ਸੱਦਿਆ ਜਾਵੇਗਾ। ਪਿਛਲੇ ਓ.ਆਈ.ਐਨ.ਪੀ. ਵਿਚ ਤਿੰਨ ਸ਼੍ਰੇਣੀਆਂ ਅਧੀਨ ਅਰਜ਼ੀਆਂ ਪ੍ਰਵਾਨ ਕੀਤੀਆਂ ਜਾਂਦੀਆਂ ਸਨ ਜਿਨ੍ਹਾਂ ਸਭ ਤੋਂ ਜ਼ਿਆਦਾ ਮੰਗ ਵਾਲੇ ਕਿੱਤੇ, ਇੰਟਰਨੈਸ਼ਨਲ ਸਟੂਡੈਂਟਸ ਅਤੇ ਫ਼ੌਰਨ ਵਰਕਰਜ਼ ਸ਼ਾਮਲ ਹੁੰਦੇ ਸਨ ਪਰ ਇੰਟਰਨੈਸ਼ਨਲ ਸਟੂਡੈਂਟਸ ਵਾਲੀ ਸ਼੍ਰੇਣੀ ਦੀਆਂ 2,600 ਅਰਜ਼ੀਆਂ ਸਿੱਧੇ ਤੌਰ 'ਤੇ ਰੱਦ ਕਰ ਦਿਤੀਆਂ ਗਈਆਂ। ਦੂਜੇ ਪਾਸੇ ਇੰਮੀਗ੍ਰੇਸ਼ਨ ਸਲਾਹਕਾਰਾਂ ਦਾ ਕਹਿਣਾ ਹੈ ਕਿ ਨਵਾਂ ਸਿਸਟਮ ਆਉਣ ਮਗਰੋਂ ਭੰਬਲਭੂਸਾ ਖ਼ਤਮ ਹੋ ਸਕਦਾ ਹੈ। ਕੁਈਨਜ਼ ਯੂਨੀਵਰਸਿਟੀ ਵਿਚ ਲਾਅ ਵਿਭਾਗ ਦੇ ਪ੍ਰੋਫੈਸਰ ਅਤੇ ਪਰਸਾਈ ਇੰਮੀਗ੍ਰੇਸ਼ਨ ਸਰਵਿਸਿਜ਼ ਦੇ ਮੁੱਖ ਕਾਰਜਕਾਰੀ ਅਫ਼ਸਰ ਅਲ ਪਰਸਾਈ ਦਾ ਕਹਿਣਾ ਸੀ ਕਿ ਫ਼ਿਲਹਾਲ ਸਪੱਸ਼ਟ ਨਹੀਂ ਹੋ ਸਕਿਆ ਕਿ ਨਵੇਂ ਤਰੀਕੇ ਰਾਹੀਂ ਚਿੰਤਾਵਾਂ ਦੂਰ ਕਿਵੇਂ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਨਵੇਂ ਇੰਮੀਗ੍ਰੇਸ਼ਨ ਯੋਜਨਾ ਕੰਮਕਾਜ ਨੂੰ ਤਾਂ ਸੁਖਾਲਾ ਬਣਾਉਂਦੀ ਹੈ ਪਰ ਅਤੀਤ ਵਿਚ ਸਾਹਮਣੇ ਆਈਆਂ ਸਮੱਸਿਆਵਾਂ ਦਾ ਨਿਪਟਾਰਾ ਕਰਦੀ ਮਹਿਸੂਸ ਨਹੀਂ ਹੁੰਦੀ। ਇਸੇ ਦੌਰਾਨ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਵਿਧਾਇਕ ਅਲੈਕਸਾ ਗਿਲਮੌਰ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਨਵੀਂ ਪ੍ਰਕਿਰਿਆ ਲਿਆਉਣ ਤੋਂ ਪਹਿਲਾਂ ਓ.ਆਈ.ਐਨ.ਪੀ. ਬਿਨੈਕਾਰਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਅਲੈਕਸਾ ਨੇ ਦੋਸ਼ ਲਾਇਆ ਕਿ ਸਰਕਾਰ ਨੇ 2 ਹਜ਼ਾਰ ਬਿਨੈਕਾਰ ਸੁੱਕਣੇ ਪਾ ਰੱਖੇ ਹਨ ਅਤੇ ਉਨ੍ਹਾਂ ਦਾ ਭਵਿੱਖ ਤਬਾਹ ਹੋਣ ਦੀ ਨੌਬਤ ਆ ਚੁੱਕੀ ਹੈ। ਐਨ.ਡੀ.ਪੀ. ਆਗੂ ਨੇ ਸਵਾਲ ਉਠਾਇਆ ਕਿ ਕੀ ਇਨ੍ਹਾਂ ਵਿਸਾਰੇ ਨੌਜਵਾਨਾਂ ਬਾਰੇ ਕੁਝ ਸੋਚਿਆ ਗਿਆ ਹੈ। ਦੱਸ ਦੇਈਏ ਕਿ ਡਗ ਫ਼ੋਰਡ ਸਰਕਾਰ ਸਾਰਾ ਦੋਸ਼ ਫੈਡਰਲ ਸਰਕਾਰ ਦੇ ਸਿਰ ਮੜ੍ਹ ਰਹੀ ਹੈ ਜਿਸ ਵੱਲੋਂ ਇੰਮੀਗ੍ਰੇਸ਼ਨ ਅਰਜ਼ੀਆਂ ਵਿਚ 50 ਫ਼ੀ ਸਦੀ ਕਟੌਤੀ ਕੀਤੀ ਗਈ। 2024 ਵਿਚ ਉਨਟਾਰੀਓ ਤੋਂ 21,500 ਨਾਮਜ਼ਦਗੀਆਂ ਫੈਡਰਲ ਸਰਕਾਰ ਨੇ ਪ੍ਰਾਪਤ ਕੀਤੀਆਂਪਰ ਮੌਜੂਦਾ ਵਰ੍ਹੇ ਦੌਰਾਨ ਅੰਕੜਾ ਘਟਾ ਕੇ 10,750 ਕਰ ਦਿਤਾ ਗਿਆ। ਕੁਲ ਮਿਲਾ ਕੇ ਜੋ ਵੀ ਹੋਵੇ, ਦੋ ਧਿਰਾਂ ਦੀ ਖਹਿਬਾਜ਼ੀ ਦਾ ਖਮਿਆਜ਼ਾ ਪੰਜਾਬੀ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ ਜੋ ਅੰਤਾਂ ਦੀ ਠੰਢ ਦੇ ਬਾਵਜੂਦ ਰੋਸ ਵਿਖਾਵਾ ਕਰਨ ਲਈ ਮਜਬੂਰ ਹਨ।

## ਡੋਨਾਲਡ ਟਰੰਪ ਪ੍ਰਸ਼ਾਸਨ...

ਪਾਲਣਾ ਕਰ ਰਹੇ ਹਨ, ਅਤੇ ਉਹ ਜਲਦੀ ਹੀ ਕਦੇ ਵੀ ਨਹੀਂ ਰੁਕਣਗੇ।" ਪੋਸਟ ਵਿੱਚ ਟਰੰਪ ਦੀ ਫੋਟੋ ਅਤੇ "ਅਮਰੀਕਾ ਨੂੰ ਦੁਬਾਰਾ ਸੁਰੱਖਿਅਤ ਬਣਾਓ" ਦਾ ਨਾਅਰਾ ਹੈ, ਜਿਸ ਤੋਂ ਭਾਵ ਹੈ ਕਿ ਇਹ ਕਦਮ ਅਮਰੀਕਾ ਨੂੰ ਸੁਰੱਖਿਅਤ ਬਣਾਉਣ ਲਈ ਚੁੱਕਿਆ ਗਿਆ ਹੈ। ਸੀਐਨਐਨ ਦੀ ਇੱਕ ਰਿਪੋਰਟ ਦੇ ਅਨੁਸਾਰ, ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ 8,000 ਤੋਂ ਵੱਧ ਵਿਦਿਆਰਥੀ ਵੀਜ਼ੇ ਰੱਦ ਕੀਤੇ ਗਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਦੁੱਗਣੇ ਹਨ। ਅਧਿਕਾਰੀ ਨੇ ਦੱਸਿਆ ਕਿ ਵੀਜ਼ਾ ਰੱਦ ਕਰਨ ਦੇ ਸਭ ਤੋਂ ਆਮ ਕਾਰਨ DUI (ਨਸ਼ਾ ਹੇਠ ਗੱਡੀ ਚਲਾਉਣਾ), ਹਮਲਾ ਅਤੇ ਚੋਰੀ ਸਨ। ਇਨ੍ਹਾਂ ਅਪਰਾਧਾਂ ਵਿੱਚ ਵੀਜ਼ਾ ਰੱਦ ਕਰਨ ਦੇ ਅੱਧੇ ਮਾਮਲੇ ਸ਼ਾਮਲ ਸਨ। ਵੀਜ਼ਾ ਰੱਦ ਕਰਨ ਦੇ ਕਾਰਨਾਂ ਵਿੱਚ ਓਵਰਸਟੇਅਰਿੰਗ, ਅਪਰਾਧਿਕ ਚਿੰਤਾਵਾਂ ਅਤੇ ਅੱਤਵਾਦ ਦਾ ਸਮਰਥਨ ਸ਼ਾਮਲ ਹੈ। CNN ਨੇ ਇਹ ਵੀ ਰਿਪੋਰਟ ਦਿੱਤੀ ਕਿ ਪ੍ਰਸ਼ਾਸਨ ਨੇ ਗਾਜ਼ਾ ਉੱਤੇ ਵਿਦਿਆਰਥੀ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਵਿਦਿਆਰਥੀਆਂ ਵਿਰੁੱਧ ਯਹੂਦੀ ਵਿਰੋਧੀ ਹੋਣ ਦਾ ਹਵਾਲਾ ਦਿੰਦੇ ਹੋਏ ਵੀਜ਼ਾ ਪਾਬੰਦੀਆਂ ਲਗਾਈਆਂ ਗਈਆਂ ਹਨ।

ਵੀਜ਼ਾ ਰੱਦ ਕਰਨ ਵਿੱਚ ਵਾਧਾ ਇਸ ਲਈ ਹੋਇਆ ਹੈ ਕਿਉਂਕਿ ਟਰੰਪ ਪ੍ਰਸ਼ਾਸਨ 55 ਮਿਲੀਅਨ ਵਿਦੇਸ਼ੀ ਨਾਗਰਿਕਾਂ ਲਈ ਆਪਣੀ ਨਿਰੰਤਰ ਜਾਂਚ ਨੀਤੀ ਦਾ ਵਿਸਤਾਰ ਕਰ ਰਿਹਾ ਹੈ ਜਿਨ੍ਹਾਂ ਦੇ ਵੀਜ਼ੇ ਵੈਧ ਹਨ। ਇਸਦਾ ਮਤਲਬ ਹੈ ਕਿ ਜੇਕਰ ਨਵੀਂ ਜਾਣਕਾਰੀ ਸਾਹਮਣੇ ਆਉਂਦੀ ਹੈ ਤਾਂ ਵੀਜ਼ਾ ਕਿਸੇ ਵੀ ਸਮੇਂ ਰੱਦ ਕੀਤੇ ਜਾ ਸਕਦੇ ਹਨ। ਟਰੰਪ ਪ੍ਰਸ਼ਾਸਨ ਪਹਿਲਾਂ ਹੀ 19 ਦੇਸ਼ਾਂ ਤੋਂ ਯਾਤਰਾ 'ਤੇ ਪਾਬੰਦੀ ਲਗਾ ਚੁੱਕਾ ਹੈ।

ਡੋਨਾਲਡ ਟਰੰਪ ਪ੍ਰਸ਼ਾਸਨ ਨੇ ਹੋਰ ਇਮੀਗ੍ਰੇਸ਼ਨ ਰਸਤੇ ਵੀ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। USIS ਨੇ ਕਿਹਾ ਹੈ ਕਿ ਉਹ "ਚਿੰਤਾ ਵਾਲੇ ਦੇਸ਼ਾਂ" ਦੇ ਲੋਕਾਂ ਤੋਂ ਗ੍ਰੀਨ ਕਾਰਡ ਅਰਜ਼ੀਆਂ ਦੀ ਦੁਬਾਰਾ ਜਾਂਚ ਕਰੇਗਾ। ਏਜੰਸੀ ਨੇ ਸਾਰੀਆਂ ਸ਼ਰਨਾਰਥੀ ਅਰਜ਼ੀਆਂ 'ਤੇ ਫੈਸਲਿਆਂ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਅਮਰੀਕੀ ਫੌਜ ਦੀ ਸਹਾਇਤਾ ਕਰਨ ਵਾਲੇ ਅਫਗਾਨੀਆਂ ਲਈ ਵੀਜ਼ਾ ਮੁਅੱਤਲ ਕਰ ਦਿੱਤਾ ਗਿਆ ਹੈ।

## ਟਰੰਪ ਪ੍ਰਸ਼ਾਸਨ ਵੱਲੋਂ ਮੁੜ...

ਅਰਜ਼ੀ ਦੇਣ ਵਾਲਿਆਂ 'ਤੇ ਬਹੁਤ ਜ਼ਿਆਦਾ ਅਸਰ ਪਵੇਗਾ। ਮੈਮੋ 'ਚ ਕੌਂਸਲਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਅਜਿਹੇ ਕਿਸੇ ਵੀ ਵਿਅਕਤੀ ਨੂੰ ਵੀਜ਼ਾ ਨਾ ਦੇਣ ਜਿਸਨੂੰ ਸੰਯੁਕਤ ਰਾਜ ਅਮਰੀਕਾ 'ਚ ਸੁਰੱਖਿਅਤ ਪ੍ਰਗਟਾਵੇ ਦੀ ਸੈਂਸਰਸ਼ਿਪ ਜਾਂ ਸੈਂਸਰਸ਼ਿਪ ਦੀ ਕੋਸ਼ਿਸ਼ ਲਈ ਜ਼ਿੰਮੇਵਾਰ ਜਾਂ ਇਸ ਵਿਚ ਸ਼ਾਮਲ ਪਾਇਆ ਜਾਵੇ। ਇਹ ਨਿਰਦੇਸ਼ ਪੱਤਰਕਾਰਾਂ ਤੇ ਸੈਲਾਨੀਆਂ ਸਮੇਤ ਹਰ ਤਰ੍ਹਾਂ ਦੇ ਵੀਜ਼ਾ 'ਤੇ ਲਾਗੂ ਹੁੰਦਾ ਹੈ ਪਰ ਇਸਦਾ ਮੁੱਖ ਫੋਕਸ ਐੱਚ-1ਬੀ ਵੀਜ਼ਾ 'ਤੇ ਹੈ, ਜੋ ਆਮ ਤੌਰ 'ਤੇ ਟੈਕਨਾਲੋਜੀ ਅਤੇ ਸੰਬੰਧਿਤ ਸੈਕਟਰ ਵਿਚ ਜ਼ਿਆਦਾ ਹੁਨਰਮੰਦ ਵਿਦੇਸ਼ੀ ਕਰਮਚਾਰੀਆਂ ਨੂੰ ਦਿੱਤਾ ਜਾਂਦਾ ਹੈ।

ਗਲਤ ਸੂਚਨਾ ਨਾਲ ਮੁਕਾਬਲਾ ਕਰਨ, ਕੰਟੈਂਟ ਮਾਡਰੇਸ਼ਨ, ਟਰੱਸਟ ਤੇ ਸੇਫਟੀ ਅਤੇ ਕੰਪਲਾਇੰਸ ਵਰਗੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ ਬਿਨੈਕਾਰਾਂ ਦੀ ਪ੍ਰੋਫੈਸ਼ਨਲ ਹਿਸਟਰੀ, ਲਿੰਕਡਇਨ ਪ੍ਰੋਫਾਈਲ ਤੇ ਸੋਸ਼ਲ ਮੀਡੀਆ ਅਕਾਊਂਟ ਦੀ ਜਾਂਚ ਕੀਤੀ ਜਾਵੇਗੀ। ਅਜਿਹੀਆਂ ਭੂਮਿਕਾਵਾਂ 'ਚ ਹਿੱਸਾ ਲੈਣ ਦੇ ਸਬੂਤ ਮਿਲਣ 'ਤੇ ਬਿਨੈਕਾਰ ਐਂਟਰੀ ਲਈ ਅਯੋਗ ਹੋ ਸਕਦੇ ਹਨ। ਅਜਿਹਾ ਲੱਗਦਾ ਹੈ ਕਿ ਇਹ ਪਾਲਿਸੀ ਆਨਲਾਈਨ ਸੇਫਟੀ ਦੇ ਕੰਮ 'ਚ ਸ਼ਾਮਲ ਪ੍ਰੋਫੈਸ਼ਨਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜਿਸ ਵਿਚ ਬਾਲ ਜਿਨਸੀ ਸ਼ੋਸ਼ਣ ਸਮੱਗਰੀ, ਯਹੂਦੀ ਵਿਰੋਧੀ ਭਾਵਨਾ ਅਤੇ ਨੁਕਸਾਨਦੇਹ ਆਨਲਾਈਨ ਕੰਟੈਂਟ ਨਾਲ ਨਜਿੱਠਣ ਵਾਲੇ ਲੋਕ ਸ਼ਾਮਲ ਹਨ। ਟਰੰਪ ਪ੍ਰਸ਼ਾਸਨ ਨੇ ਇਸ ਨਿਰਦੇਸ਼ ਨੂੰ ਫ੍ਰੀ ਸਪੀਚ ਦੀ ਰੱਖਿਆ ਵਜੋਂ ਪੇਸ਼ ਕੀਤਾ ਹੈ ਅਤੇ 6 ਜਨਵਰੀ, 2021 ਨੂੰ ਕੈਪੀਟਲ ਦੰਗੇ ਤੋਂ ਬਾਅਦ ਸੋਸ਼ਲ ਮੀਡੀਆ ਬੈਨ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਦੇ ਆਪਣੇ ਅਨੁਭਵ ਦਾ ਹਵਾਲਾ ਦਿੱਤਾ ਹੈ।

## ਭਾਰਤ ਨੇ 9 ਸਾਲ ਬਾਅਦ...

ਸਪੋਰਟ ਸਟਾਫ ਨੂੰ 2.5 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

## ਕੈਨੇਡਾ 'ਚ ਕਤਲ...

ਵਰਤੇ ਜਾਂਦੇ ਢੰਗ-ਤਰੀਕਿਆਂ ਅਤੇ ਇਕ ਮਗਰੋਂ ਇਕ ਵਾਰਦਾਤਾਂ ਨੇ ਸ਼ੱਕੀਆਂ ਦੀ ਪੈੜ ਨੱਪਣ ਵਿਚ ਮਦਦ ਕੀਤੀ। ਲੰਡਨ ਪੁਲਿਸ, ਪੀਲ ਰੀਜਨਲ ਪੁਲਿਸ, ਟੋਰਾਂਟੋ ਪੁਲਿਸ, ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਅਤੇ ਕਿਊਬੈਕ ਦੇ ਲਾਅ ਐਨਫ਼ੋਰਸਮੈਂਟ ਅਫ਼ਸਰਾਂ ਵਿਚਾਲੇ ਤਾਲਮੇਲ ਰਾਹੀਂ ਸ਼ੱਕੀਆਂ ਦੀ ਪਛਾਣ ਸਾਹਮਣੇ ਆਉਣ ਲੱਗੀ ਅਤੇ ਕਈ ਕਤਲਾਂ, ਇਰਾਦਾ ਕਤਲਾਂ, ਹਥਿਆਰਬੰਦ ਲੁੱਟ ਦੀਆਂ ਵਾਰਦਾਤਾਂ ਨਾਲ ਸ਼ੱਕੀ ਜੁੜਨ ਲੱਗੇ। ਸਭ ਤੋਂ ਅਹਿਮ ਵਾਰਦਾਤਾਂ ਵਿਚੋਂ ਇਕ ਲੰਡਨ ਦੇ ਹਸਪਤਾਲ ਦੇ ਐਮਰਜੰਸੀ ਰੂਮ ਵਿਚ ਹੋਈ ਗੋਲੀਬਾਰੀ ਮੰਨੀ ਗਈ ਜਦਕਿ ਵੌਅਨ ਦੇ ਇਕ ਘਰ ਵਿਚ ਲੁੱਟ ਦੀ ਵਾਰਦਾਤ ਦੌਰਾਨ ਇਕ ਪਰਵਾਰਕ ਮੈਂਬਰ ਨੂੰ ਗੋਲੀ ਮਾਰਨ ਦਾ ਮਾਮਲਾ ਵੀ ਸੁਰਖੀਆਂ ਵਿਚ ਰਿਹਾ। ਸਾਈਮਨ ਜੇਮਜ਼ ਨੇ ਅੱਗੇ ਦੱਸਿਆ ਕਿ ਗਿਰੋਹ ਦੀਆਂ ਜੜਾਂ ਕਿਊਬੈਕ ਦੇ ਰਿਮਸਕੀ ਕਸਬੇ ਤੱਕ ਫੈਲੀਆਂ ਹੋਈਆਂ ਸਨ ਜਿਥੇ ਖ਼ਤਰਨਾਕ ਅਪਰਾਧੀਆਂ ਵੱਲੋਂ ਇਕ ਘਰ ਵਿਚ ਕਤਲ ਦੀ ਵਾਰਦਾਤ ਕੀਤੀ ਗਈ। ਗਿਰੋਹ ਵੱਲੋਂ ਅੱਲ੍ਹੜ ਮੁੰਡਿਆਂ ਦੀ ਭਰਤੀ ਕਰਦਿਆਂ ਉਨ੍ਹਾਂ ਤੋਂ ਵਾਰਦਾਤਾਂ ਕਰਵਾਈਆਂ ਜਾਂਦੀਆਂ ਅਤੇ ਪ੍ਰਮੁੱਖ ਮੈਂਬਰ ਪਰਦੇ ਹੇਠ ਰਹਿ ਕੇ ਕੰਮ ਕਰਦੇ। ਸਾਈਮਨ ਨੇ ਦੱਸਿਆ ਕਿ ਦੋ ਭਗੌੜੇ ਸ਼ੱਕੀਆਂ ਵਿਰੁੱਧ ਕੈਨੇਡਾ ਪੱਧਰੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਇਸੇ ਦੌਰਾਨ ਯਾਰਕ ਰੀਜਨਲ ਪੁਲਿਸ ਦੇ ਮੁਖੀ ਜਿਮ ਮੈਕਸਵੀਨ ਨੇ ਕਿਹਾ ਕਿ ਅਜਿਹੀਆਂ ਅਪਰਾਧਕ ਘਟਨਾਵਾਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਕਮਿਊਨਿਟੀ ਨੂੰ ਲਗਾਤਾਰ ਹਿੰਸਕ ਸਰਗਰਮੀਆਂ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਪੀੜਤਾਂ ਦੀ ਗਿਣਤੀ ਸੈਂਕੜਿਆਂ ਵਿਚ ਪੁੱਜ ਗਈ।

## ਪਰਵਾਸੀਆਂ ਦੇ ਹੱਕ...

ਤੋਂ ਇਨਕਾਰ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਮਮਦਾਨੀ ਨੇ 1 ਜਨਵਰੀ ਨੂੰ ਮੇਅਰ ਦੇ ਰੂਪ 'ਚ ਸਹੁੰ ਚੁੱਕਣਗੇ। ਉਨ੍ਹਾਂ ਨੇ ਸ਼ਹਿਰ ਦੇ 30 ਲੱਖ ਪਰਵਾਸੀਆਂ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਜੇਕਰ ਤੁਸੀਂ ਆਪਣੇ ਅਧਿਕਾਰਾਂ ਨੂੰ ਜਾਣਦੇ ਹੋ ਤਾਂ ਅਸੀਂ ਸਾਰੇ ਆਈ.ਸੀ.ਈ. ਦੇ ਖ਼ਿਲਾਫ਼ ਖੜ੍ਹੇ ਹੋ ਸਕਦੇ ਹਾਂ। ਉਨ੍ਹਾਂ ਕਿਹਾ ਕਿ ਅਮਰੀਕਾ 'ਚ ਲੋਕ ਸੰਘੀ ਇਮੀਗ੍ਰੇਸ਼ਨ ਏਜੰਟਾਂ ਨਾਲ ਗੱਲਬਾਤ ਨਹੀਂ ਕਰਨ ਦਾ ਬਦਲ ਚੁਣ ਸਕਦੇ ਹਨ। ਬਿਨਾ ਕਿਸੇ ਦਖਲਅੰਦਾਜ਼ੀ ਦੇ ਉਨ੍ਹਾਂ ਦਾ ਵੀਡੀਓ ਬਣਾ ਸਕਦੇ ਹਨ ਅਤੇ ਨਿੱਜੀ ਸਥਾਨ 'ਚ ਪ੍ਰਵੇਸ਼ ਕਰਨ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦੇ ਹਨ। ਮਮਦਾਨੀ ਨੇ ਕਿਹਾ ਕਿ ਆਈ.ਸੀ.ਈ. ਏਜੰਟ ਕਿਸੇ ਘਰ, ਸਕੂਲ ਜਾਂ ਦਫ਼ਤਰ ਦੇ ਕਿਸੇ ਨਿੱਜੀ ਖੇਤਰ 'ਚ ਬਿਨਾ ਅਦਾਲਤੀ ਵਰੰਟ ਤੋਂ ਦਾਖਲ ਨਹੀਂ ਹੋ ਸਕਦੇ। ਜ਼ਿਕਰਯੋਗ ਹੈ ਕਿ ਮਮਦਾਨੀ ਨੇ ਹਾਲ 'ਚ ਨਿਊਯਾਰਕ ਸ਼ਹਿਰ ਦੇ ਮੇਅਰ ਦੀ ਚੋਣ ਜਿੱਤੀ ਹੈ। ਮਮਦਾਨੀ ਨੇ ਸਮਾਜਿਕ ਨਿਆਂ ਅਤੇ ਪਰਵਾਸੀ ਅਧਿਕਾਰਾਂ ਦੇ ਲਈ ਜਾਣੇ ਜਾਂਦੇ ਹਨ।

# ਭਾਰਤੀ ਮੂਲ ਦੇ ਸਿੱਖ ਜੈ ਸਿੰਘ ਸੋਹਲ ਨੂੰ ਮਿਲਿਆ ਬ੍ਰਿਟਿਸ਼ ਐਂਪਾਇਰ ਐਵਾਰਡ



ਲੰਡਨ: ਭਾਰਤੀ ਮੂਲ ਦੇ ਬ੍ਰਿਟਿਸ਼ ਸਿੱਖ ਜੈ ਸਿੰਘ ਸੋਹਲ ਨੂੰ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ (OBE) ਨਾਲ ਸਨਮਾਨਿਤ ਕੀਤਾ ਗਿਆ ਹੈ। ਬ੍ਰਿਟੇਨ ਦੀ ਰਾਜਕੁਮਾਰੀ ਐਨ ਨੇ ਉਨ੍ਹਾਂ ਨੂੰ ਸੇਂਟ ਜੇਮਜ਼ ਪੈਲੇਸ ਵਿਖੇ ਇਹ ਸਨਮਾਨ ਦਿੱਤਾ।

ਉਨ੍ਹਾਂ ਨੂੰ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਸੈਨਿਕਾਂ ਦੇ ਸਨਮਾਨ ਲਈ ਪਹਿਲੀ ਯਾਦਗਾਰ ਬਣਾਉਣ ਲਈ OBE ਪ੍ਰਾਪਤ ਹੋਇਆ। ਉਨ੍ਹਾਂ ਨੇ 2015 ਵਿੱਚ ਇਸ ਯਾਦਗਾਰ ਨੂੰ ਸ਼ੁਰੂ ਕੀਤਾ। ਜੈ ਸਿੰਘ ਸੋਹਲ ਜਲੰਧਰ, ਪੰਜਾਬ ਦੇ ਰਹਿਣ ਵਾਲੇ ਹਨ। ਉਨ੍ਹਾਂ ਦੇ ਦਾਦਾ-ਦਾਦੀ 1960 ਦੇ ਦਹਾਕੇ ਵਿੱਚ ਭਾਰਤ ਛੱਡ ਕੇ ਬ੍ਰਿਟੇਨ ਚਲੇ ਗਏ ਸਨ ਅਤੇ ਉੱਥੇ ਹੀ ਵਸ ਗਏ ਸਨ। ਉਨ੍ਹਾਂ ਦੇ ਨਾਨਾ-ਨਾਨੀ ਕਪੂਰਥਲਾ ਤੋਂ ਸਨ।

ਬਰਮਿੰਘਮ ਵਿੱਚ ਜਨਮੇ, ਸੋਹਲ ਨੇ ਲੰਡਨ ਦੀ ਬਰੂਨਲ ਯੂਨੀਵਰਸਿਟੀ ਤੋਂ ਰਾਜਨੀਤੀ ਅਤੇ ਸਮਾਜਿਕ ਨੀਤੀ ਵਿੱਚ ਗ੍ਰੈਜੂਏਸ਼ਨ ਕੀਤੀ। ਫਿਰ ਉਨ੍ਹਾਂ ਨੇ ਪੱਤਰਕਾਰੀ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ। ਉਨ੍ਹਾਂ ਦੇ ਪਿਤਾ ਇੱਕ ਸਮਾਜ ਸੇਵਕ ਸਨ ਅਤੇ ਬਰਮਿੰਘਮ ਵਿੱਚ ਕੰਮ ਕਰਦੇ ਸਨ।

# ਸੂਰਤ : ਟੈਕਸਟਾਈਲ ਮਾਰਕੀਟ 'ਚ ਲੱਗੀ ਅੱਗ, 8ਵੀਂ ਮੰਜ਼ਿਲ ਤੱਕ ਕਈ ਦੁਕਾਨਾਂ ਸੜੀਆਂ, ਬਚਾਅ ਕਾਰਜ ਜਾਰੀ



ਗੁਜਰਾਤ ਦੇ ਸੂਰਤ ਦੇ ਪਰਵਤ ਪਾਟੀਆਂ ਇਲਾਕੇ ਵਿੱਚ ਅੱਜ ਇੱਕ ਟੈਕਸਟਾਈਲ ਮਾਰਕੀਟ ਵਿੱਚ ਭਿਆਨਕ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਅੱਗ ਲੱਗਣ ਕਾਰਨ 8ਵੀਂ ਮੰਜ਼ਿਲ ਤੱਕ ਦੀਆਂ ਕਈ ਦੁਕਾਨ ਸੜਕ ਕੇ ਸੁਆਹ ਹੋ ਗਈਆਂ ਹਨ। ਘਟਨਾ ਵਾਲੀ ਥਾਂ 'ਤੇ 100 ਤੋਂ 125 ਫਾਇਰ ਫਾਈਟਰਸ ਪਹੁੰਚ ਗਏ ਹਨ ਅਤੇ ਉਨ੍ਹਾਂ ਵੱਲੋਂ ਬਚਾਅ ਕਾਰਜ ਜਾਰੀ ਹੈ। ਸਵੇਰੇ 7 ਵਜੇ ਦੇ ਕਰੀਬ ਰਾਜ ਟੈਕਸਟਾਈਲ ਮਾਰਕੀਟ ਦੀ ਉਪਰਲੀ ਮੰਜ਼ਿਲ 'ਤੇ ਅੱਗ ਲੱਗਣ ਦੀਆਂ ਰਿਪੋਰਟਾਂ ਮਿਲੀਆਂ। ਭਿਆਨਕ ਅੱਗ ਲੱਗਣ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਫਾਈਟਰਾਂ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ। ਫਿਲ੍ਹਾ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਪਰ ਅੱਗ ਨੇ ਕਈ ਦੁਕਾਨਾਂ ਨੂੰ ਆਪਣੇ ਲਪੇਟੇ ਵਿੱਚ ਲੈ ਲਿਆ ਹੈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਹਨ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਫਾਇਰ ਬ੍ਰਿਗੇਡ ਉੱਪਰਲੀਆਂ ਮੰਜ਼ਿਲਾਂ ਤੱਕ ਪਹੁੰਚਣ ਅਤੇ ਅੱਗ ਬੁਝਾਉਣ ਲਈ ਹਾਈਡ੍ਰੌਲਿਕ ਐਸਕੇਲੇਟਰਾਂ ਦੀ ਵਰਤੋਂ ਕਰ ਰਹੇ ਹਨ। ਸ਼ੁਰੂਆਤੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

## ਰੋਪੜ-ਮੋਹਾਲੀ ਸੋਸ਼ਲ ਸਰਕਲ ਸੰਗਤ

# ਸ਼ਹੀਦੀ ਜੋੜ ਮੇਲਾ



**ਹਰ ਸਾਲ ਦੀ ਤਰ੍ਹਾਂ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਪੋਹ ਮਹੀਨੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਜੋੜ ਮੇਲਾ ਡਿਕਸੀ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ ਹੈ**

**ਇਸ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ**
**ਮਿਤੀ : 19 ਦਸੰਬਰ 2025 ਨੂੰ**
**ਸਮਾਂ ਸਵੇਰੇ : 10:00, ਸਥਾਨ: ਕਮਰਾ ਨੰ: 303**
**ਸ੍ਰੀ ਅਖੰਡ ਪਾਠ ਸਾਹਿਬ ਭੋਗ, ਕੀਰਤਨ ਕਥਾ**
**ਮਿਤੀ: 21 ਦਸੰਬਰ 2025 ਨੂੰ**
**ਸਮਾਂ : 10:00 to 12:30 PM**
**ਸਥਾਨ:: ਹਾਲ # 5**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਅਮਰ ਸਿੰਘ ਤੁੱਸੜ 416-300-4091, ਸਰਬਜੀਤ ਸਿੰਘ 647-300-1341,
ਗੁਰਦੀਪ ਸਿੰਘ 905-452-2171, ਜਗਜੀਤ ਸਿੰਘ ਸਾਚਾ 416-720-3642,
ਹਰਿੰਦਰ ਸਿੰਘ ਸੋਮਲ 647-718-8114, ਕਰਮਬੀਰ ਸਿੰਘ ਸੀਰਾ 416-919-9040
ਸੁਰਜੀਤ ਸਿੰਘ ਜਟਾਨਾ 416-271-4271

# ਆਸਟ੍ਰੇਲੀਆ ਦੇ ਜੰਗਲਾਂ 'ਚ ਭਿਆਨਕ ਅੱਗ, ਹੁਣ ਤੱਕ ਕਈ ਘਰ ਤਬਾਹ



ਆਸਟ੍ਰੇਲੀਆ: ਆਸਟ੍ਰੇਲੀਆ ਦੇ ਜੰਗਲਾਂ ਦੀ ਅੱਗ ਵਧਦੀ ਜਾ ਰਹੀ ਹੈ। ਆਸਟ੍ਰੇਲੀਆ ਦੇ ਜੰਗਲਾਂ 'ਚ ਲੱਗੀ ਅੱਗ ਨੇ ਵਿਆਪਕ ਨੁਕਸਾਨ ਕੀਤਾ ਹੈ। ਅੱਗ ਦੋ ਰਾਜਾਂ ਵਿੱਚ ਫੈਲ ਚੁੱਕੀ ਹੈ ਅਤੇ ਲਗਭਗ 40 ਘਰ ਤਬਾਹ ਹੋ ਗਏ ਹਨ। 42 ਡਿਗਰੀ ਸੈਲਸੀਅਸ ਦੀ ਅਤਿਅੰਤ ਗਰਮੀ, ਤੇਜ਼ ਹਵਾਵਾਂ ਅਤੇ ਸੁੱਕੀਆਂ ਬਿਜਲੀਆਂ ਅੱਗ ਦੇ ਤੇਜ਼ੀ ਨਾਲ ਫੈਲਣ ਨੂੰ ਵਧਾ ਰਹੀਆਂ ਹਨ। ਸੈਂਟਰਲ ਕੋਸਟ, ਹੰਟਰ ਅਤੇ ਤਸਮਾਨੀਆ ਖੇਤਰਾਂ ਲਈ ਐਮਰਜੈਂਸੀ ਅਲਰਟ ਜਾਰੀ ਕੀਤੇ ਗਏ ਹਨ। ਅਧਿਕਾਰੀਆਂ ਅਨੁਸਾਰ ਅੱਗ ਲੱਗਣ ਕਾਰਨ ਇੱਕ ਫਾਇਰ ਫਾਈਟਰ ਦੀ ਮੌਤ ਹੋ ਗਈ।

ਪੇਂਡੂ ਫਾਇਰ ਸਰਵਿਸ ਕਮਿਸ਼ਨਰ ਟ੍ਰੇਂਟ ਕਰਟਿਨ ਨੇ ਕਿਹਾ ਕਿ ਐਤਵਾਰ ਰਾਤ ਨੂੰ ਨਿਊ ਸਾਊਥ ਵੇਲਜ਼ ਦੇ ਬੁਲਾਹਡੇਲਾਹ ਸ਼ਹਿਰ ਦੇ ਨੇੜੇ ਝਾੜੀਆਂ ਦੀ ਅੱਗ ਨਾਲ ਲੜਦੇ ਸਮੇਂ ਇੱਕ 59 ਸਾਲਾ ਫਾਇਰ ਫਾਈਟਰ ਦੀ ਮੌਤ ਹੋ ਗਈ, ਜਿਸ ਕਾਰਨ 3,500 ਹੈਕਟੇਅਰ ਜੰਗਲ ਸੜ ਗਿਆ ਹੈ। ਅੱਗ ਨਾਲ ਕਈ ਘਰ ਵੀ ਤਬਾਹ ਹੋ ਗਏ। ਕਰਟਿਨ ਨੇ ਕਿਹਾ ਕਿ ਇੱਕ ਫਾਇਰ ਫਾਈਟਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਅਤੇ ਉਸਨੂੰ ਬਚਾਇਆ ਨਹੀਂ ਜਾ ਸਕਿਆ। ਸੋਮਵਾਰ ਨੂੰ ਨਿਊ ਸਾਊਥ ਵੇਲਜ਼ ਵਿੱਚ 52 ਥਾਵਾਂ 'ਤੇ ਜੰਗਲਾਂ ਦੀ ਅੱਗ ਲੱਗੀ ਹੋਈ ਸੀ ਅਤੇ ਨੌਂ ਥਾਵਾਂ 'ਤੇ ਇਹ ਕਾਬੂ ਤੋਂ ਬਾਹਰ ਸੀ।

ਸਥਾਨਕ ਸਰਕਾਰੀ ਅਧਿਕਾਰੀ ਡਿੱਕ ਸ਼ਾਅ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ ਕਿ ਡੌਲਫਿਨ ਸੈਂਡਸ ਦੇ ਤੱਟਵਰਤੀ ਖੇਤਰ ਵਿੱਚ ਜੰਗਲ ਦੀ ਅੱਗ ਨਾਲ ਕਈ ਘਰ ਤਬਾਹ ਹੋ ਗਏ ਹਨ। ਸ਼ਾਅ ਨੇ ਕਿਹਾ ਕਿ ਅੱਗ 'ਤੇ ਕਾਫ਼ੀ ਹੱਦ ਤੱਕ ਕਾਬੂ ਪਾ ਲਿਆ ਗਿਆ ਹੈ, ਪਰ ਸਾਵਧਾਨੀ ਵਜੋਂ, ਇਲਾਕੇ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਆਪਣੇ ਘਰਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਹੁਣ ਤਕ ਦੇ ਆਸਟ੍ਰੇਲੀਆ ਦੇ ਇਤਿਹਾਸ ਦੀ ਸਭ ਤੋਂ ਘਾਤਕ ਅਤੇ ਸਭ ਤੋਂ ਵਿਆਪਕ ਜੰਗਲੀ ਅੱਗ ਜੂਨ 2019 ਵਿੱਚ ਸ਼ੁਰੂ ਹੋਈ ਅਤੇ ਫਰਵਰੀ 2020 ਤੱਕ ਜਾਰੀ ਰਹੀ।

Make This Diwali Truly Bright — Step into Your Dream Home with Team Garry Thind
ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
Contact for all your residential & commercial real estate services
RE/MAX GOLD
RE/MAX GOLD REALTY INC., BROKERAGE*
Garry Thind
416-702-5151
Top 100 Agents in Canada & Team Garry Thind
ਬਲਜਿੰਦਰ ਸਾਰਾ
Realtor
416-509-6200
905-456-1010, 905-673-8900
2720 North Park Dr. #50, Brampton, On L6S0E9

STUDENT VISA
Fulfill your dreams in
CANADA
* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
iccrc crcic
Ripudaman Dhillon
Manu Datta
Ph:- 905-461-2424
#1137 Derry Road East, Mississauga, ON. L5T 1P3 Email:- info@iccimmigration.ca

# ਸ਼ਹੀਦੀ ਸਮਾਗਮ

## ਸ੍ਰੀ ਮਾਛੀਵਾੜਾ' ਸਾਹਿਬ ਇਲਾਕਾ ਨਿਵਾਸੀਆਂ ਦੀ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ ਵਿਖੇ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ 'ਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 22 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 24 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉਪਲ- 647-207-1887, ਸਤਪਾਲ ਸਿੰਘ ਗਰੇਵਾਲ, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕਰੋ ਜੀ।**

# ਐਮਰਜੈਂਸੀ ਲੈਂਡਿੰਗ ਦੌਰਾਨ ਹਾਈਵੇਅ 'ਤੇ ਕਾਰ ਨਾਲ ਟਕਰਾਇਆ ਜਹਾਜ਼, ਮਚੀ ਹਫੜਾ- ਦਫੜੀ



ਫਲੋਰੀਡਾ : ਅਮਰੀਕਾ ਦੇ ਫਲੋਰੀਡਾ ਰਾਜ ਵਿੱਚ ਸੋਮਵਾਰ ਸ਼ਾਮ ਨੂੰ ਇੱਕ ਵੱਡਾ ਹਾਦਸਾ ਵਾਪਰਿਆ ਜਦੋਂ ਮੈਰਿਟ ਆਈਲੈਂਡ ਨੇੜੇ ਵਿਅਸਤ I-95 ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ ਕਰਦੇ ਸਮੇਂ ਇੱਕ ਛੋਟਾ ਜਹਾਜ਼ ਇੱਕ ਕਾਰ ਨਾਲ ਟਕਰਾ ਗਿਆ। ਇਸ ਹਾਦਸੇ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਜਹਾਜ਼ ਵਿੱਚ ਤਕਨੀਕੀ ਨੁਕਸ ਪੈਣ ਤੋਂ ਬਾਅਦ ਪਾਇਲਟ ਨੂੰ ਮਜ਼ਬੂਰਨ ਹਾਈਵੇਅ 'ਤੇ ਲੈਂਡਿੰਗ ਕਰਨੀ ਪਈ, ਪਰ ਟ੍ਰੈਫਿਕ ਵਿੱਚ ਲੈਂਡਿੰਗ ਕਰਦੇ ਸਮੇਂ, ਜਹਾਜ਼ 2023 ਮਾਡਲ ਟੋਇਟਾ ਕਾਰ ਨਾਲ ਟਕਰਾ ਗਿਆ। ਇਹ ਜਹਾਜ਼ ਬੀਚਕ੍ਰਾਫਟ 55 ਮਾਡਲ ਦਾ ਸੀ, ਜਿਸ ਵਿੱਚ ਇੱਕ 27 ਸਾਲਾ ਪਾਇਲਟ ਅਤੇ ਉਸਦਾ ਸਾਥੀ ਸਵਾਰ ਸਨ। ਛੋਟਾ ਬੀਚਕ੍ਰਾਫਟ 55 ਮਾਡਲ ਜਹਾਜ਼ ਉਡਾਣ ਦੌਰਾਨ ਅਚਾਨਕ ਖਰਾਬ ਹੋ ਗਿਆ। ਦੋਵੇਂ ਇੰਜਣ ਪਾਵਰ ਗੁਆਉਣ ਲੱਗ ਪਏ, ਜਿਸ ਕਾਰਨ 27 ਸਾਲਾ ਪਾਇਲਟ ਨੂੰ ਹਾਈਵੇਅ 'ਤੇ ਲੈਂਡ ਕਰਨਾ ਪਿਆ। ਪਰ ਹਾਈਵੇਅ 'ਤੇ ਟ੍ਰੈਫਿਕ ਸੀ, ਇਸ ਲਈ ਲੈਂਡਿੰਗ ਕਰਦੇ ਸਮੇਂ ਜਹਾਜ਼ ਟੋਇਟਾ ਕਾਰ ਨਾਲ ਟਕਰਾ ਗਿਆ। ਇਸ ਹਾਦਸੇ 'ਚ ਕਾਰ ਚਲਾ ਰਹੀ 57 ਸਾਲਾ ਔਰਤ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਹਾਲਾਂਕਿ ਜਹਾਜ਼ 'ਚ ਸਵਾਰ ਦੋਵਾਂ 'ਚੋਂ ਕੋਈ ਵੀ ਜ਼ਖਮੀ ਨਹੀਂ ਹੋਇਆ, ਦੋਨੋ ਸੁਰੱਖਿਅਤ ਹਨ। ਟੱਕਰ ਤੋਂ ਬਾਅਦ ਜਹਾਜ਼ ਹਾਈਵੇਅ 'ਤੇ ਰੁਕ ਗਿਆ ਸੀ ਜਿਸ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹਾਦਸੇ ਤੋਂ ਬਾਅਦ 201 ਮੀਲ ਦੇ ਨੇੜੇ I-95 ਦੀਆਂ ਦੱਖਣ ਵੱਲ ਜਾਣ ਵਾਲੀਆਂ ਲੇਨਾਂ ਪੂਰੀ ਤਰ੍ਹਾਂ ਬੰਦ ਕੀਤੀਆਂ ਗਈਆਂ। ਬਚਾਅ ਅਤੇ ਰਾਹਤ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਜਾਂਚ ਸ਼ੁਰੂ ਕਰ ਦਿੱਤੀ। ਹਾਈਵੇਅ ਕਈ ਘੰਟਿਆਂ ਲਈ ਬੰਦ ਰਿਹਾ। ਦੱਸ ਦਈਏ ਕਿ ਅਮਰੀਕਾ ਦੇ ਫਲੋਰੀਡਾ ਵਿੱਚ ਇਕੋ ਦਿਨ 'ਚ ਇਹ ਦੂਜਾ ਜਹਾਜ਼ ਹਾਦਸਾ ਵਾਪਰਿਆ ਸੀ। ਇਸ ਤੋਂ ਪਹਿਲਾ ਇਕ ਇੱਕ ਸੇਸਨਾ 172 ਜਹਾਜ਼ ਨੇ ਓਰਲੈਂਡੋ ਤੋਂ 46 ਮੀਲ ਦੂਰ ਡੀਲੈਂਡ ਵਿੱਚ ਐਮਰਜੈਂਸੀ ਲੈਂਡਿੰਗ ਕੀਤੀ।

# ਸੁਖਜਿੰਦਰ ਰੰਧਾਵਾ ਨੇ ਨਵਜੋਤ ਕੌਰ ਸਿੱਧੂ ਨੂੰ ਭੇਜਿਆ ਨੋਟਿਸ

## ਸੱਤ ਦਿਨਾਂ ਦੇ ਅੰਦਰ ਮੁਆਫ਼ੀ ਮੰਗਣ ਦੀ ਕੀਤੀ ਮੰਗ



ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਅੰਦਰ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਸਾਬਕਾ ਕ੍ਰਿਕਟਰ ਅਤੇ ਪਾਰਟੀ ਨੇਤਾ ਨਵਜੋਤ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਮੁਸ਼ਕਿਲਾਂ ਵਿੱਚ ਫਸਦੀ ਨਜ਼ਰ ਆ ਰਹੀ ਹੈ। ਕਾਂਗਰਸ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਨੇ ਉਨ੍ਹਾਂ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਰੰਧਾਵਾ ਦੇ ਨੋਟਿਸ ਵਿੱਚ ਡਾ. ਨਵਜੋਤ ਕੌਰ ਤੋਂ ਸੱਤ ਦਿਨਾਂ ਦੇ ਅੰਦਰ ਮੁਆਫ਼ੀ ਮੰਗਣ ਦੀ ਮੰਗ ਕੀਤੀ ਗਈ ਹੈ। ਇਹ ਨੋਟਿਸ ਇਸ ਆਧਾਰ 'ਤੇ ਜਾਰੀ ਕੀਤਾ ਗਿਆ ਕਿ ਨਵਜੋਤ ਕੌਰ ਨੇ ਰੰਧਾਵਾ 'ਤੇ ਗੰਭੀਰ ਦੋਸ਼ ਲਗਾਏ ਸਨ। ਬੀਤੇ ਦਿਨੀਂ ਨਵਜੋਤ ਕੌਰ ਸਿੱਧੂ ਨੇ ਦੋਸ਼ ਲਗਾਇਆ ਸੀ ਕਿ ਰੰਧਾਵਾ ਦੇ ਗੈਂਗਸਟਰਾਂ ਨਾਲ ਸਬੰਧ ਸਨ ਅਤੇ ਉਸਨੇ ਰਾਜਸਥਾਨ ਵਿੱਚ ਟਿਕਟਾਂ ਵੇਚ ਕੇ ਕਾਂਗਰਸ ਨੂੰ ਨੁਕਸਾਨ ਪਹੁੰਚਾਇਆ, ਜਿਸ ਕਾਰਨ ਕਾਂਗਰਸ ਦੀ ਹਾਰ ਹੋਈ। ਜਿਸ ਦੇ ਜਵਾਬ ਵਿੱਚ, ਰੰਧਾਵਾ ਨੇ ਕਾਨੂੰਨੀ ਨੋਟਿਸ ਭੇਜਿਆ ਹੈ ਦੱਸ ਦਈਏ ਕਿ ਪੰਜਾਬ ਕਾਂਗਰਸ ਤੋਂ ਮੁਅੱਤਲ ਕੀਤੇ ਜਾਣ ਦੇ ਬਾਵਜੂਦ, ਨਵਜੋਤ ਕੌਰ ਸਿੱਧੂ ਦਾ ਦੇ ਤੇਵਰ ਨਰਮ ਨਹੀਂ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਨੋਟਿਸ ਬਹੁਤ ਜਾਰੀ ਕੀਤੇ ਜਾਂਦੇ ਹਨ। ਇਸ ਤੋਂ ਪਹਿਲਾਂ ਪਾਰਟੀ ਨੇ ਨਵਜੋਤ ਕੌਰ ਨੂੰ ਕਾਂਗਰਸ ਤੋਂ ਮੁਅੱਤਲ ਕਰ ਦਿੱਤਾ ਸੀ, ਹਾਲਾਂਕਿ ਉਨ੍ਹਾਂ ਨੂੰ ਅਜੇ ਤੱਕ ਪਾਰਟੀ ਵਿੱਚੋਂ ਪੂਰੀ ਤਰ੍ਹਾਂ ਨਹੀਂ ਕੱਢਿਆ ਗਿਆ ਹੈ। ਨਵਜੋਤ ਕੌਰ ਦੇ ਇੱਕ ਬਿਆਨ ਨੇ ਪਾਰਟੀ ਅੰਦਰ ਹਲਚਲ ਮਚਾ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਤਾਂ ਹੀ ਸਰਗਰਮ ਹੋਣਗੇ ਜੇਕਰ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਂਦਾ ਹੈ। ਉਨ੍ਹਾਂ ਕੋਲ ਕਿਸੇ ਵੀ ਪਾਰਟੀ ਨੂੰ ਦੇਣ ਲਈ ਪੈਸੇ ਨਹੀਂ ਹਨ ਪਰ ਉਹ ਪੰਜਾਬ ਨੂੰ 'ਸੁਨਹਿਰੀ ਸੂਬਾ' ਬਣਾ ਸਕਦੇ ਹਨ, ਪਰ ਸਾਡੇ ਕੋਲ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣ ਲਈ 500 ਕਰੋੜ ਰੁਪਏ ਨਹੀਂ ਹਨ। ਜੋ ਕੋਈ 500 ਕਰੋੜ ਰੁਪਏ ਵਾਲਾ ਬ੍ਰੀਫਕੇਸ ਦਿੰਦਾ ਹੈ, ਉਹ ਮੁੱਖ ਮੰਤਰੀ ਬਣਦਾ ਹੈ।"

# ਕੰਬੋਡੀਆ ਤੇ ਥਾਈਲੈਂਡ ਸੰਘਰਸ਼ ਜਾਰੀ ਰੱਖਣ ਲਈ ਅੜੇ

ਕੰਬੋਡੀਆ ਦੀ ਸੈਨੇਟ ਦੇ ਪ੍ਰਧਾਨ ਹੁਨ ਸੇਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਥਾਈਲੈਂਡ ਖ਼ਿਲਾਫ਼ ਸਖ਼ਤ ਸੰਘਰਸ਼ ਕਰੇਗਾ। ਦੱਖਣ-ਪੂਰਬੀ ਏਸ਼ਿਆਈ ਗੁਆਂਢੀ ਮੁਲਕਾਂ ਵਿਚਾਲੇ ਦੂਜੇ ਦਿਨ ਵੱਡੇ ਪੱਧਰ 'ਤੇ ਸ਼ੁਰੂ ਹੋਏ ਸੰਘਰਸ਼ ਕਾਰਨ ਹਜ਼ਾਰਾਂ ਲੋਕ ਸਰਹੱਦੀ ਖੇਤਰ ਛੱਡ ਕੇ ਚਲੇ ਗਏ ਹਨ। ਲੰਘੇ ਐਤਵਾਰ ਦੀ ਰਾਤ ਹੋਈ ਝੜਪ ਮਗਰੋਂ ਲੜਾਈ ਸ਼ੁਰੂ ਹੋ ਗਈ ਜਿਸ 'ਚ ਥਾਈਲੈਂਡ ਦਾ ਸੈਨਿਕ ਮਾਰਿਆ ਗਿਆ। ਜੁਲਾਈ 'ਚ ਖੇਤਰੀ ਦਾਅਵਿਆਂ ਨੂੰ ਲੈ ਕੇ ਜੰਗਬੰਦੀ ਹੋਈ ਸੀ। ਪੰਜ ਦਿਨ ਤੱਕ ਚੱਲੀ ਲੜਾਈ 'ਚ ਦੋਵਾਂ ਧਿਰਾਂ ਦੇ ਕਈ ਵਿਅਕਤੀ ਮਾਰੇ ਗਏ ਸਨ ਤੇ ਇੱਕ ਲੱਖ ਤੋਂ ਵੱਧ ਆਮ ਨਾਗਰਿਕ ਇਲਾਕਾ ਛੱਡਣ ਲਈ ਮਜਬੂਰ ਹੋਏ ਸਨ। ਦੋਵੇਂ ਧਿਰਾਂ ਨੇ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ ਹੈ।

# ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖਿਆ ਪੱਤਰ

## ਕਿਹਾ- "ਮੈਂ ਕਾਂਗਰਸੀਆਂ ਦੀਆਂ ਫਾਈਲਾਂ ਖੋਲ੍ਹਣ ਦੀ ਮੰਗ ਕਰਦਾ ਹਾਂ"



ਪੰਜਾਬ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਪੱਤਰ ਲਿਖਿਆ ਹੈ। ਜਾਖੜ ਨੇ ਪੱਤਰ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਨਿਗਰਾਨੀ ਹੇਠ ਸੂਬੇ ਵਿੱਚ ਨਸ਼ੀਲੇ ਪਦਾਰਥਾਂ ਦੇ ਮਨੀ ਟ੍ਰੇਲ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀਆਂ ਜੜ੍ਹਾਂ "ਮਨੀ ਟ੍ਰੇਲ" ਵਿੱਚ ਹਨ, ਜਿਨ੍ਹਾਂ ਦੇ ਸ਼ਕਤੀਸ਼ਾਲੀ ਲਾਭਪਾਤਰੀਆਂ ਤੱਕ ਸਰਕਾਰ ਅਜੇ ਤੱਕ ਨਹੀਂ ਪਹੁੰਚ ਸਕੀ ਹੈ। ਸੁਨੀਲ ਜਾਖੜ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਸਿਰਫ਼ ਨਸ਼ੀਲੇ ਪਦਾਰਥਾਂ ਦੇ ਆਦੀ ਜਾਂ ਛੋਟੇ-ਛੋਟੇ ਸਪਲਾਇਰਾਂ ਨੂੰ ਗ੍ਰਿਫ਼ਤਾਰ ਕਰਨ ਨਾਲ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਖ਼ਤਮ ਨਹੀਂ ਹੋਵੇਗੀ, ਕਿਉਂਕਿ ਅਸਲ "ਵੱਡੀਆਂ ਮੱਛੀਆਂ" ਕਾਨੂੰਨ ਤੋਂ ਬਾਹਰ ਰਹਿੰਦੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਲਿਖੇ ਆਪਣੇ ਪੱਤਰ ਵਿੱਚ, ਸੁਨੀਲ ਜਾਖੜ ਨੇ ਲਿਖਿਆ ਕਿ ਜੇਕਰ ਸਰਕਾਰ ਸੱਚਮੁੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਤਾਂ "ਪੈਸੇ ਦੀ ਪਾਲਣਾ ਕਰੋ" ਦੇ ਸਿਧਾਂਤ 'ਤੇ ਆਧਾਰਿਤ ਜਾਂਚ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਵਾਬ ਦੀ ਉਡੀਕ ਕਰ ਰਹੇ ਹਨ। ਇਸ ਮਨੀ ਟ੍ਰੇਲ ਨੇ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ ਸਭ ਤੋਂ ਵੱਧ ਪੀੜਤ ਕੀਤਾ ਹੈ।

ਜੇਕਰ ਸਰਕਾਰ ਆਪਣੀ ਭਰੋਸੇਯੋਗਤਾ ਸਾਬਤ ਕਰਨਾ ਚਾਹੁੰਦੀ ਹੈ, ਤਾਂ ਉਸਨੂੰ ਤੁਰੰਤ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਨਿਗਰਾਨੀ ਹੇਠ ਇਸ ਪੈਸੇ ਦੇ ਪ੍ਰਵਾਹ ਦੀ ਜਾਂਚ ਕਰਨੀ ਚਾਹੀਦੀ ਹੈ। ਸੁਨੀਲ ਜਾਖੜ ਨੇ ਕਿਹਾ ਹੈ ਕਿ ਉਹ ਜਾਂਚ ਵਿੱਚ ਸਭ ਤੋਂ ਪਹਿਲਾਂ ਹਿੱਸਾ ਲੈਣ ਲਈ ਤਿਆਰ ਹਨ। ਆਪਣੇ ਪੱਤਰ ਵਿੱਚ, ਜਾਖੜ ਨੇ ਇੱਕ ਮਹੱਤਵਪੂਰਨ ਬਿਆਨ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਦੇ ਸੂਬਾ ਪ੍ਰਧਾਨ ਹੋਣ ਦੇ ਨਾਤੇ, ਉਹ ਜਾਂਚ ਵਿੱਚ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਪੇਸ਼ ਕਰਨ ਲਈ ਤਿਆਰ ਹਨ। ਸਿਰਫ਼ ਆਮਦਨ ਕਰ ਰਿਟਰਨ ਭਰਨਾ ਇਮਾਨਦਾਰੀ ਦਾ ਮਾਪ ਨਹੀਂ ਹੋ ਸਕਦਾ।

ਉਨ੍ਹਾਂ ਕਿਹਾ ਕਿ ਮੰਤਰੀਆਂ, ਵਿਧਾਇਕਾਂ, ਪਾਰਟੀ ਪ੍ਰਧਾਨਾਂ, ਇੰਚਾਰਜਾਂ ਅਤੇ ਸਾਰੇ ਰਾਜਨੀਤਿਕ ਪੱਧਰਾਂ ਦੇ ਲੋਕਾਂ ਨੂੰ ਜਾਂਚ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਾਖੜ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਜਾਂਚ ਸਿਰਫ ਡਰੱਗ ਮਨੀ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਗੈਰ-ਕਾਨੂੰਨੀ ਮਾਈਨਿੰਗ, ਰੇਤ ਮਾਫੀਆ ਅਤੇ ਹੋਰ ਗੈਰ-ਕਾਨੂੰਨੀ ਸਰੋਤਾਂ ਤੋਂ ਪੈਸੇ ਦੇ ਟ੍ਰੇਲ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਪੰਜਾਬ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧ ਦੀਆਂ ਜੜ੍ਹਾਂ ਨੂੰ ਖਤਮ ਕੀਤਾ ਜਾ ਸਕੇ।

# ਟਰੰਪ ਵੱਲੋਂ 'ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਸ਼ੁਰੂ;

## 10 ਲੱਖ ਡਾਲਰ ਖਰਚ ਕੇ ਅਮਰੀਕਾ 'ਚ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ




ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਅਧਿਕਾਰਤ ਤੌਰ 'ਤੇ ਆਪਣਾ 'ਟਰੰਪ ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰੋਗਰਾਮ ਤਹਿਤ ਗੈਰ-ਅਮਰੀਕੀ ਨਾਗਰਿਕਾਂ ਨੂੰ ਇਕ ਭਾਰੀ ਕੀਮਤ ਦੀ ਅਦਾਇਗੀ ਕਰਕੇ ਅਮਰੀਕਾ ਵਿਚ ਰਹਿਣ ਦੀ ਖੁੱਲ੍ਹ ਮਿਲੇਗੀ। ਵੈੱਬਸਾਈਟ Trumpcard.gov, ਜਿਸ ਵਿੱਚ 'ਹੁਣੇ ਅਪਲਾਈ ਕਰੋ' ਬਟਨ ਹੈ, ਦਿਲਚਸਪੀ ਰੱਖਣ ਵਾਲੇ ਬਿਨੈਕਾਰਾਂ ਨੂੰ ਤੇਜ਼ੀ ਨਾਲ ਪ੍ਰਕਿਰਿਆ ਲਈ ਹੋਮਲੈਂਡ ਸਿਕਿਓਰਿਟੀ ਵਿਭਾਗ ਨੂੰ $15,000 ਦੀ ਫੀਸ ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ।

ਪਿਛੋਕੜ ਦੀ ਜਾਂਚ ਜਾਂ ਜਾਂਚ ਅਮਲ ਵਿੱਚੋਂ ਲੰਘਣ ਮਗਰੋਂ ਬਿਨੈਕਾਰਾਂ ਨੂੰ ਵੀਜ਼ਾ ਪ੍ਰਾਪਤ ਕਰਨ ਲਈ $1 ਮਿਲੀਅਨ (10 ਲੱਖ ਡਾਲਰ) ਦਾ 'ਯੋਗਦਾਨ' ਦੇਣਾ ਪਵੇਗਾ। ਵੈੱਬਸਾਈਟ 'ਤੇ ਅਪਲੋਡ ਜਾਣਕਾਰੀ ਵਿਚ 'ਟਰੰਪ ਕਾਰਡ' ਨੂੰ 'ਤੋਹਫ਼ਾ' ਦੱਸਿਆ ਗਿਆ ਹੈ, ਜੋ 'ਗ੍ਰੀਨ ਕਾਰਡ' ਵਾਂਗ ਹੈ, ਜੋ ਉਨ੍ਹਾਂ ਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ।

ਟਰੰਪ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਦੱਸਿਆ, "ਅਸਲ ਵਿੱਚ ਇਹ ਇੱਕ ਗ੍ਰੀਨ ਕਾਰਡ ਹੈ, ਪਰ ਬਹੁਤ ਵਧੀਆ। ਬਹੁਤ ਜ਼ਿਆਦਾ ਸ਼ਕਤੀਸ਼ਾਲੀ, ਇੱਕ ਬਹੁਤ ਮਜ਼ਬੂਤ ਰਾਹ। ਇੱਕ ਰਾਹ, ਜੋ ਵੱਡੀ ਗੱਲ ਹੈ। ਮਹਾਨ ਲੋਕ ਬਣਨਾ ਪਵੇਗਾ।" ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ ਕਿ ਲਗਪਗ 10,000 ਲੋਕਾਂ ਨੇ ਪਹਿਲਾਂ ਹੀ ਪ੍ਰੀ-ਰਜਿਸਟ੍ਰੇਸ਼ਨ ਅਰਸੇ ਦੌਰਾਨ ਗੋਲਡ ਕਾਰਡ ਲਈ ਸਾਈਨ ਅੱਪ ਕੀਤਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਹੋਰ ਵੀ ਬਹੁਤ ਸਾਰੇ ਅਜਿਹਾ ਕਰਨਗੇ। ਲੂਟਨਿਕ ਨੇ ਇੱਕ ਸੰਖੇਪ ਇੰਟਰਵਿਊ ਵਿੱਚ ਖ਼ਬਰ ਏਜੰਸੀ ਨੂੰ ਦੱਸਿਆ "ਮੈਂ ਸਮੇਂ ਦੇ ਨਾਲ ਉਮੀਦ ਕਰਾਂਗਾ ਕਿ ਅਸੀਂ ਇਨ੍ਹਾਂ ਹਜ਼ਾਰਾਂ ਕਾਰਡਾਂ ਨੂੰ ਵੇਚਾਂਗੇ ਅਤੇ ਅਰਬਾਂ, ਅਰਬਾਂ ਡਾਲਰ ਇਕੱਠੇ ਕਰਾਂਗੇ।" ਲੂਟਨਿਕ ਨੇ ਕਿਹਾ ਕਿ ਗੋਲਡ ਕਾਰਡ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਅਮਰੀਕਾ ਲਿਆਏਗਾ ਜਿਨ੍ਹਾਂ ਦਾ ਅਰਥਚਾਰੇ ਨੂੰ ਲਾਭ ਹੋਵੇਗਾ। ਉਸ ਨੇ 'ਟਰੰਪ ਗੋਲਡ ਕਾਰਡ' ਦੀ ਤੁਲਨਾ 'ਔਸਤ' ਗ੍ਰੀਨ ਕਾਰਡ ਧਾਰਕਾਂ ਨਾਲ ਕੀਤੀ, ਜਿਨ੍ਹਾਂ ਬਾਰੇ ਉਸ ਨੇ ਕਿਹਾ ਕਿ ਉਹ ਔਸਤ ਅਮਰੀਕੀਆਂ ਨਾਲੋਂ ਘੱਟ ਪੈਸੇ ਕਮਾਉਂਦੇ ਸਨ ਅਤੇ ਉਨ੍ਹਾਂ ਦੇ ਖ਼ੁਦ ਜਾਂ ਪਰਿਵਾਰਕ ਮੈਂਬਰਾਂ ਦੇ ਸਰਕਾਰੀ ਸਹਾਇਤਾ 'ਤੇ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਲੂਟਨਿਕ ਨੇ ਹਾਲਾਂਕਿ ਇਸ ਦਾਅਵੇ ਲਈ ਕੋਈ ਸਬੂਤ ਨਹੀਂ ਦਿੱਤਾ।

ਟਰੰਪ ਪ੍ਰਸ਼ਾਸਨ ਨੇ ਗੈਰਕਾਨੂੰਨੀ ਪਰਵਾਸ ਖਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਹੈ। ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। 'ਗੋਲਡ ਕਾਰਡ' ਪ੍ਰੋਗਰਾਮ ਇਸੇ ਦਾ ਕਾਊਂਟਰ ਬੈਲੇਂਸ ਹੈ, ਜੋ ਕਿ ਅਮਰੀਕੀ ਖਜ਼ਾਨੇ ਨੂੰ ਭਰਨ ਲਈ ਤਿਆਰ ਕੀਤਾ ਗਿਆ ਹੈ। ਰਾਸ਼ਟਰਪਤੀ ਟਰੰਪ, ਜੋ ਨਿਊਯਾਰਕ ਦੇ ਇੱਕ ਸਾਬਕਾ ਕਾਰੋਬਾਰੀ ਅਤੇ ਰਿਐਲਿਟੀ ਟੈਲੀਵਿਜ਼ਨ ਹੋਸਟ ਹਨ, ਨੇ ਕਿਹਾ ਹੈ ਕਿ ਉਨ੍ਹਾਂ ਦਾ ਟੈਰਿਫ ਪ੍ਰੋਗਰਾਮ ਸਫਲ ਰਿਹਾ ਹੈ।

# ਪੰਜਾਬ 'ਚ ਵੱਡੀ ਵਾਰਦਾਤ, ਤਰੀਕ ਭੁਗਤਣ ਆਏ ਸ਼ਖਸ 'ਤੇ ਚਲਾਈਆਂ ਗੋਲੀਆਂ, 1 ਦੀ ਮੌਤ, 1 ਜ਼ਖਮੀ



ਪੰਜਾਬ ਦੇ ਅਬੋਹਰ ਵਿਚ ਵੱਡੀ ਵਾਰਦਾਤ ਵਾਪਰੀ ਹੈ ਜਿਥੇ ਕੋਰਟ ਕੰਪਲੈਕਸ ਵਿਚ ਫਾਇਰਿੰਗ ਹੋਣ ਦੀ ਖਬਰ ਹੈ। ਤਰੀਕ ਭੁਗਤਣ ਆਏ ਸ਼ਖਸ 'ਤੇ ਗੋਲੀਆਂ ਚਲਾਈਆਂ ਗਈਆਂ ਹਨ। ਦੋ ਧਿਰਾਂ ਵਿਚਾਲੇ ਪ੍ਰਾਪਰਟੀ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਫਾਇਰਿੰਗ ਦੌਰਾਨ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਜਦੋਂ ਕਿ ਗੰਭੀਰ ਜ਼ਖਮੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਗੋਲੂ ਨਾਂ ਦਾ ਸ਼ਖਸ ਆਪਣੇ ਦੋਸਤਾਂ ਨਾਲ ਤਹਿਸੀਲ ਕੰਪਲੈਕਸ ਵਿਚ ਤਰੀਕ ਭੁਗਤਣ ਲਈ ਆਇਆ ਸੀ। ਇਸੇ ਦੌਰਾਨ ਪੁਰਾਣੀ ਰੰਜਿਸ਼ ਦੇ ਚੱਲਦਿਆਂ ਕਾਰ ਪਾਰਕ ਕਰਦੇ ਸਮੇਂ ਦੂਜੀ ਧਿਰ ਵੱਲੋਂ ਉਸ 'ਤੇ ਫਾਇਰਿੰਗ ਕਰ ਦਿੱਤੀ ਗਈ। ਗੋਲੀਆਂ ਗੋਲੂ ਪੰਡਿਤ ਤੇ ਉਸ ਦੇ ਦੋਸਤਾਂ ਨੂੰ ਲੱਗ ਗਈ। ਉਨ੍ਹਾਂ ਨੂੰ ਤੁਰੰਤ ਹਸਪਤਾਲ ਭਰਤੀ ਕਰਵਾਇਆ ਗਿਆ ਜਿਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦੋਂ ਕਿ ਦੂਜੇ ਦੋਸਤ ਦਾ ਇਲਾਜ ਹਸਪਤਾਲ ਵਿਚ ਚੱਲ ਰਿਹਾ ਹੈ। ਹਮਲਾਵਰ ਹਮਲਾ ਕਰਕੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਜਲਦ ਹੀ ਮੁਲਜ਼ਮਾਂ ਨੂੰ ਫੜ ਲਿਆ ਜਾਵੇਗਾ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਵੜਿੰਗ ਪਾਰਟੀ ਨੂੰ ਤਬਾਹ ਕਰ ਰਿਹੈ...ਮੈਂ ਤੇ ਮੇਰਾ ਪਤੀ ਹਮੇਸ਼ਾਂ ਕਾਂਗਰਸ ਪਾਰਟੀ ਨਾਲ ਖੜ੍ਹਾਂਗੇ: ਨਵਜੋਤ ਕੌਰ ਸਿੱਧੂ



'ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ' ਵਾਲੀ ਆਪਣੀ ਟਿੱਪਣੀ ਲਈ ਕਾਂਗਰਸ 'ਚੋਂ ਮੁਅੱਤਲ ਸਾਬਕਾ ਮੰਤਰੀ ਨਵਜੋਤ ਕੌਰ ਸਿੱਧੂ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਤੇ ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ 'ਹਮੇਸ਼ਾ ਪਾਰਟੀ ਨਾਲ ਖੜਨਗੇ'। ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਉੱਤੇ ਪਾਰਟੀ ਨੂੰ 'ਤਬਾਹ' ਕਰਨ ਦਾ ਦੋਸ਼ ਲਾਇਆ। ਕੌਰ ਨੂੰ ਲੰਘੇ ਦਿਨੀਂ ਆਪਣੀ ਉਪਰੋਕਤ ਟਿੱਪਣੀ ਲਈ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ।

ਕੌਰ ਨੇ ਬੁੱਧਵਾਰ ਨੂੰ ਐਕਸ 'ਤੇ ਲੜੀਵਾਰ ਪੋਸਟਾਂ ਵਿਚ ਕਿਹਾ, "ਅਸੀਂ ਹਮੇਸ਼ਾ ਕਾਂਗਰਸ ਦੇ ਨਾਲ ਹਾਂ ਅਤੇ ਰਹਾਂਗੇ ਅਤੇ ਆਪਣਾ ਪੰਜਾਬ ਰਾਜ ਜਿੱਤਾਂਗੇ ਅਤੇ ਇਸ ਨੂੰ ਆਪਣੇ ਨਿਮਰ, ਪਿਆਰ ਕਰਨ ਵਾਲੇ ਅਤੇ ਕੁਰਬਾਨੀ ਦੇਣ ਵਾਲੇ ਗਾਂਧੀ ਪਰਿਵਾਰ ਨੂੰ ਭੇਟ ਕਰਾਂਗੇ।" ਨਵਜੋਤ ਕੌਰ ਨੇ ਵੜਿੰਗ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ 70 'ਕੁਸ਼ਲ, ਇਮਾਨਦਾਰ ਅਤੇ ਵਫ਼ਾਦਾਰ' ਨੇਤਾ', ਜਿਨ੍ਹਾਂ ਨੂੰ ਤੁਸੀਂ ਕਾਂਗਰਸ ਪਾਰਟੀ ਤੋਂ ਵੱਖ ਕਰ ਦਿੱਤਾ ਹੈ ਅਤੇ ਜੋ ਉਮੀਦਵਾਰ ਵਜੋਂ ਪਾਰਟੀ ਦੀ ਟਿਕਟ 'ਤੇ ਜਿੱਤਣ ਦੇ ਸਮਰੱਥ ਹਨ, ਉਨ੍ਹਾਂ ਦੇ ਸੰਪਰਕ ਵਿੱਚ ਹਨ।" ਕੌਰ ਨੇ ਐਕਸ 'ਤੇ ਇਕ ਪੋਸਟ ਵਿਚ ਦੋਸ਼ ਲਾਇਆ, "ਕਾਂਗਰਸ ਪੰਜਾਬ ਜਿੱਤੇਗੀ, ਭਾਵੇਂ ਕਿ ਤੁਹਾਡਾ ਸਾਰਾ ਧਿਆਨ ਸਾਡੀਆਂ 70 ਫੀਸਦ ਸੀਟਾਂ ਖ਼ਤਮ ਕਰਨ ਵੱਲ ਹੈ, ਜਿੱਥੇ ਤੁਸੀਂ ਪਹਿਲਾਂ ਬੇਅਸਰ ਲੋਕਾਂ ਨੂੰ ਡਮੀ ਟਿਕਟਾਂ ਦੇ ਚੁੱਕੇ ਹੋ।"

ਇਸ ਤੋਂ ਪਹਿਲਾਂ ਕੌਰ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਸੀ ਕਿ ਪੰਜਾਬ ਵਿੱਚ ਚੋਣਾਂ ਲਈ ਬਹੁਤ ਸਾਰੀਆਂ ਟਿਕਟਾਂ ਪਹਿਲਾਂ ਹੀ 'ਵਿਕ ਚੁੱਕੀਆਂ ਹਨ।' ਵੜਿੰਗ ਨੂੰ ਲੰਮੇ ਹੱਥੀਂ ਲੈਂਦਿਆਂ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਪੁੱਛਿਆ ਸੀ ਕਿ ਉਹ ਆਪਣੇ ਹੀ ਹਲਕੇ ਵਿੱਚ ਦੋ ਵਾਰ ਕਿਉਂ ਹਾਰਿਆ। ਕੌਰ ਨੇ ਪੋਸਟ ਵਿੱਚ ਅੱਗੇ ਦੋਸ਼ ਲਗਾਇਆ ਕਿ ਇਹ ਇਸ ਲਈ ਸੀ ਕਿਉਂਕਿ ਉਸ ਦਾ ਧਿਆਨ ਕਾਂਗਰਸ ਨੂੰ ਤਬਾਹ ਕਰਨ ਵੱਲ ਹੈ ਅਤੇ ਉਹ ਕਾਂਗਰਸੀ ਉਮੀਦਵਾਰਾਂ ਨੂੰ ਹਰਾਉਣ ਲਈ 'ਵਿਰੋਧੀ ਪਾਰਟੀ ਨਾਲ ਮਿਲੀਭੁਗਤ' ਵਿੱਚ ਸੀ। ਨਵਜੋਤ ਕੌਰ ਸਿੱਧੂ ਨੇ ਕਿਹਾ, "ਕਾਂਗਰਸ ਹਮੇਸ਼ਾ ਤੁਹਾਡੇ ਵਰਗੇ ਲੋਕਾਂ ਵਿਰੁੱਧ ਲੜਨ ਲਈ ਇਕੱਠੀ ਰਹੇਗੀ।" ਕੌਰ ਨੇ ਦੋਸ਼ ਲਾਇਆ ਕਿ ਸੂਬਾਈ ਪ੍ਰਧਾਨ ਨੇ ਉਸ ਦੀ ਵੀਡੀਓ ਸੁਣਨ ਦੀ ਬਜਾਏ, ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਉਸ ਨੂੰ ਬੋਲਣ ਲਈ ਮਜਬੂਰ ਕੀਤਾ। ਸਾਬਕਾ ਮੰਤਰੀ ਨੇ ਕਿਹਾ, "ਤੁਸੀਂ ਸਾਫ਼ ਕਰ ਸਕਦੇ ਸੀ ਕਿ ਮੈਂ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਕਾਂਗਰਸ ਨੇ ਮੇਰੇ ਤੋਂ ਕਦੇ ਪੈਸੇ ਨਹੀਂ ਮੰਗੇ। ਫਿਰ, ਜਦੋਂ ਇਹ ਪੁੱਛਿਆ ਗਿਆ ਕਿ ਸਿੱਧੂ ਕਿਸੇ ਹੋਰ ਪਾਰਟੀ ਤੋਂ ਮੁੱਖ ਮੰਤਰੀ ਕਿਉਂ ਨਹੀਂ ਬਣ ਰਿਹਾ, ਤਾਂ ਮੇਰਾ ਜਵਾਬ ਸੀ ਕਿ ਸਾਡੇ ਕੋਲ ਖਰਚ ਕਰਨ ਲਈ 500 ਕਰੋੜ ਰੁਪਏ ਨਹੀਂ ਹਨ।" ਵੜਿੰਗ 'ਤੇ ਹਮਲਾ ਕਰਦਿਆਂ ਕੌਰ ਨੇ ਕਿਹਾ, "ਤੁਹਾਨੂੰ ਟਿਕਟਾਂ ਵੇਚਣ ਕਰਕੇ ਗੁਜਰਾਤ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਤੁਸੀਂ ਫੈਂਸੀ ਕਾਰਾਂ, ਜ਼ਮੀਨਾਂ ਅਤੇ ਸਬਵੇਅ ਖਰੀਦੇ ਸਨ। ਆਮਦਨ ਕਰ ਬਾਰੇ ਸਵਾਲਾਂ ਲਈ ਤਿਆਰ ਰਹੋ? ਰਾਜਾ ਵੜਿੰਗ, ਭੌਂਕਣ ਲਈ ਆਪਣੇ ਕੁੱਤਿਆਂ ਨੂੰ ਨਾ ਵਰਤੋ, ਜਿਨ੍ਹਾਂ ਨੂੰ ਤੁਹਾਡੇ ਕਾਰਨ ਟਿਕਟਾਂ ਦਿੱਤੀਆਂ ਗਈਆਂ ਸਨ" ਕੌਰ ਨੇ ਰਾਜਾ ਵੜਿੰਗ ਨੂੰ ਸਵਾਲ ਕੀਤਾ, "ਤੁਸੀਂ ਲਗਾਤਾਰ ਕਾਂਗਰਸ ਪਾਰਟੀ ਦੇ ਵਿਰੁੱਧ ਕਿਉਂ ਕੰਮ ਕਰ ਰਹੇ ਹੋ ਅਤੇ ਉਮੀਦਵਾਰਾਂ ਨੂੰ ਹਰਾ ਰਹੇ ਹੋ ਅਤੇ ਉਨ੍ਹਾਂ ਨੂੰ ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਰਹੇ ਹੋ?" "ਅੰਮ੍ਰਿਤਸਰ ਦੇ ਸਾਰੇ 5 ਵਿਧਾਇਕ ਉਸ ਵਿਅਕਤੀ ਦੇ ਵਿਰੁੱਧ ਸਨ ਜਿਸ ਨੂੰ ਤੁਸੀਂ 34 ਸੀਨੀਅਰਾਂ ਨੂੰ ਨਜ਼ਰਅੰਦਾਜ਼ ਕਰਕੇ ਪ੍ਰਧਾਨ ਬਣਾਇਆ ਸੀ। ਇਹ ਕੰਮ ਤੁਸੀਂ ਭ੍ਰਿਸ਼ਟ ਲੋਕਾਂ ਦੀ ਮਿਲੀਭੁਗਤ ਨਾਲ ਕੀਤਾ ਹੈ ਅਤੇ ਚੰਗੇ ਲੋਕਾਂ ਨੂੰ ਕਾਂਗਰਸ ਛੱਡਣ ਲਈ ਮਜਬੂਰ ਕਰ ਰਹੇ ਹੋ।"



# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਮ 'ਤੇ ਰੱਖਿਆ ਜਾਵੇਗਾ ਹੈਦਰਾਬਾਦ 'ਚ ਸੜਕ ਦਾ ਨਾਮ; ਸਰਕਾਰ ਦਾ ਵੱਡਾ ਫ਼ੈਸਲਾ



ਨਵੀ ਦਿੱਲੀ : ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਨੇ ਹੈਦਰਾਬਾਦ ਵਿੱਚ ਇੱਕ ਪ੍ਰਮੁੱਖ ਸੜਕ ਦਾ ਨਾਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਮ 'ਤੇ ਰੱਖਣ ਦਾ ਪ੍ਰਸਤਾਵ ਰੱਖਿਆ ਹੈ। ਮੰਨਿਆ ਜਾ ਰਿਹਾ ਕਿ ਇਸ ਦਾ ਉਦੇਸ਼ ਤੇਲੰਗਾਨਾ ਰਾਈਜ਼ਿੰਗ ਗਲੋਬਲ ਸੰਮੇਲਨ ਤੋਂ ਪਹਿਲਾਂ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਣਾ ਹੈ।

ਦੱਸ ਦਈਏ ਕਿ ਹੈਦਰਾਬਾਦ ਦੀਆਂ ਕਈ ਸੜਕਾਂ ਦੇ ਨਾਮ ਹੁਣ ਮਸ਼ਹੂਰ ਹਸਤੀਆਂ ਅਤੇ ਵੱਡੀਆਂ ਕੰਪਨੀਆਂ ਦੇ ਨਾਮ 'ਤੇ ਰੱਖੇ ਜਾਣਗੇ। ਇਨ੍ਹਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਰਤਨ ਟਾਟਾ, ਗੂਗਲ, ਮਾਈਕ੍ਰੋਸਾਫਟ ਅਤੇ ਵਿਪਰੋ ਵਰਗੇ ਨਾਮ ਸ਼ਾਮਲ ਹਨ। ਮੁੱਖ ਮੰਤਰੀ ਦਫ਼ਤਰ ਦੇ ਅਨੁਸਾਰ, ਹੈਦਰਾਬਾਦ ਵਿੱਚ ਅਮਰੀਕੀ ਕੌਂਸਲੇਟ ਦੇ ਨੇੜੇ ਸੜਕ ਦਾ ਨਾਮ 'ਡੋਨਾਲਡ ਟਰੰਪ ਐਵੇਨਿਊ' ਰੱਖਿਆ ਜਾਵੇਗਾ। ਇੱਕ ਨਵੀਂ ਗ੍ਰੀਨਫੀਲਡ ਰੇਡੀਅਲ ਸੜਕ ਜੋ ਰਵੀਰਿਆਲ ਵਿਖੇ ORR ਨੂੰ ਪ੍ਰਸਤਾਵਿਤ RRR ਨਾਲ ਜੋੜੇਗੀ, ਉਸਦਾ ਨਾਮ ਰਤਨ ਟਾਟਾ ਦੇ ਨਾਮ 'ਤੇ ਰੱਖਿਆ ਜਾਵੇਗਾ।

ਸਰਕਾਰ ਦੀ ਯੋਜਨਾ ਦੇ ਅਨੁਸਾਰ ਅਮਰੀਕੀ ਦੂਤਾਵਾਸ ਦੇ ਨੇੜੇ ਤੋਂ ਲੰਘਣ ਵਾਲੀ ਮੁੱਖ ਸੜਕ ਦਾ ਨਾਮ "ਡੋਨਾਲਡ ਟਰੰਪ ਐਵੇਨਿਊ" ਹੋਵੇਗਾ। ਅਧਿਕਾਰੀਆਂ ਦੇ ਅਨੁਸਾਰ, ਇਹ ਸੰਭਾਵਤ ਤੌਰ 'ਤੇ ਅਮਰੀਕਾ ਤੋਂ ਬਾਹਰ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਨਾਮ 'ਤੇ ਰੱਖੀ ਗਈ ਸੜਕ ਲਈ ਦੁਨੀਆ ਦੀ ਪਹਿਲੀ ਸੜਕ ਹੋਵੇਗੀ। ਇਸ ਦੇ ਨਾਲ ਹੀ, ਰਾਵੀਰੀਆਲਾ ਵਿੱਚ ਨਹਿਰੂ ਆਊਟਰ ਰਿੰਗ ਰੋਡ ਨੂੰ ਫਿਊਚਰ ਸਿਟੀ ਨਾਲ ਜੋੜਨ ਵਾਲੀ 100 ਮੀਟਰ ਚੌੜੀ ਨਵੀਂ ਸੜਕ ਦਾ ਨਾਮ ਪਦਮ ਭੂਸ਼ਣ ਰਤਨ ਟਾਟਾ ਦੇ ਨਾਮ 'ਤੇ ਰੱਖਣ ਦਾ ਵੀ ਫੈਸਲਾ ਕੀਤਾ ਗਿਆ ਹੈ।

ਸਰਕਾਰ ਨਾ ਸਿਰਫ਼ ਰਾਜਨੀਤਿਕ ਸ਼ਖਸੀਅਤਾਂ ਨੂੰ ਸਗੋਂ ਦੁਨੀਆ ਦੀਆਂ ਪ੍ਰਮੁੱਖ ਤਕਨੀਕੀ ਕੰਪਨੀਆਂ ਅਤੇ ਉੱਦਮੀਆਂ ਨੂੰ ਵੀ ਸਨਮਾਨਿਤ ਕਰ ਰਹੀ ਹੈ। ਯੋਜਨਾ ਦੇ ਤਹਿਤ, ਇੱਕ ਗਲੀ ਦਾ ਨਾਮ "ਗੂਗਲ ਸਟ੍ਰੀਟ" ਰੱਖਿਆ ਜਾਵੇਗਾ। ਹੋਰ ਪ੍ਰਸਤਾਵਿਤ ਨਾਵਾਂ ਵਿੱਚ 'ਮਾਈਕ੍ਰੋਸਾਫਟ ਰੋਡ' ਅਤੇ 'ਵਿਪਰੋ ਜੰਕਸ਼ਨ' ਸ਼ਾਮਲ ਹਨ। ਇਹ ਨਾਵਾਂ ਇਸ ਲਈ ਚੁਣਿਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਕੰਪਨੀਆਂ ਨੇ ਹੈਦਰਾਬਾਦ ਨੂੰ ਇੱਕ ਪ੍ਰਮੁੱਖ ਤਕਨੀਕੀ ਹੱਬ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਪੁਲਿਸ ਵੈਨ ਅਤੇ ਕੰਟੇਨਰ ਦੀ ਭਿਆਨਕ ਟੱਕਰ, 4 ਦੀ ਮੌਤ



ਮੱਧ ਪ੍ਰਦੇਸ਼ : ਸਾਗਰ ਜ਼ਿਲ੍ਹੇ ਦੇ ਰਾਸ਼ਟਰੀ ਰਾਜਮਾਰਗ-44 'ਤੇ ਬਾਂਦਰੀ ਕਸਬੇ ਨੇੜੇ ਬੁੱਧਵਾਰ ਸਵੇਰੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਤੇਜ਼ ਰਫ਼ਤਾਰ ਕੰਟੇਨਰ ਅਤੇ ਇੱਕ ਪੁਲਿਸ ਵਾਹਨ ਦੀ ਟੱਕਰ ਹੋ ਗਈ, ਜਿਸ ਵਿੱਚ ਚਾਰ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਕਰਮਚਾਰੀ ਬਾਲਾਘਾਟ ਜ਼ਿਲ੍ਹੇ ਵਿੱਚ ਆਪਣੀ ਡਿਊਟੀ ਪੂਰੀ ਕਰਨ ਤੋਂ ਬਾਅਦ ਮੋਰੇਨਾ ਵਾਪਸ ਆ ਰਹੇ ਸਨ, ਜਦੋਂ ਸਵੇਰੇ ਇਹ ਹਾਦਸਾ ਵਾਪਰਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਪੁਲਿਸ ਮੌਕੇ 'ਤੇ ਪਹੁੰਚੀ। ਇਸ ਹਾਦਸੇ ਚ ਇਕ ਪੁਲਿਸ ਮੁਲਾਜ਼ਮ ਇੱਕ ਗੰਭੀਰ ਜ਼ਖਮੀ ਹੈ ਅਤੇ ਉਸਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਮੋਰੇਨਾ ਜ਼ਿਲ੍ਹੇ ਦੇ ਬੰਬ ਨਿਰੋਧਕ ਦਸਤੇ ਅਤੇ ਕੁੱਤਿਆਂ ਦਾ ਦਸਤਾ ਬਾਲਾਘਾਟ ਵਿੱਚ ਡਿਊਟੀ 'ਤੇ ਤਾਇਨਾਤ ਸੀ। ਬੁੱਧਵਾਰ ਸਵੇਰੇ ਟੀਮ ਆਪਣੀ ਅਧਿਕਾਰਤ ਬੀਡੀਡੀਐਸ ਗੱਡੀ ਵਿੱਚ ਮੋਰੇਨਾ ਵਾਪਸ ਆ ਰਹੀ ਸੀ, ਜਦੋਂ ਅਚਾਨਕ ਸਾਹਮਣੇ ਤੋਂ ਆ ਰਹੇ ਇੱਕ ਕੰਟੇਨਰ ਨੇ ਝਿੰਝਨੀ ਘਾਟੀ ਦੇ ਨੇੜੇ ਇਸਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਹਾਦਸਾ ਇੰਨਾ ਭਿਆਨਕ ਸੀ ਕਿ ਪੁਲਿਸ ਦੀ ਗੱਡੀ ਪੂਰੀ ਤਰ੍ਹਾਂ ਨੁਕਸਾਨੀ ਗਈ, ਜਿਸ ਕਾਰਨ ਆਹਮੋ-ਸਾਹਮਣੇ ਹੋਈ ਟੱਕਰ ਕਾਰਨ ਡਰਾਈਵਰ ਅਤੇ ਅਧਿਕਾਰੀ ਅੰਦਰ ਹੀ ਫਸ ਗਏ। ਜੇਸੀਬੀ ਦੀ ਮਦਦ ਨਾਲ ਗੱਡੀ ਨੂੰ ਕੱਟ ਕੇ ਲਾਸ਼ਾਂ ਨੂੰ ਬਾਹਰ ਕੱਢਿਆ ਗਿਆ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਸਥਾਨਕ ਪੁਲਿਸ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਇਸ ਤੋਂ ਬਾਅਦ ਪੰਚਨਾਮਾ ਤਿਆਰ ਕੀਤਾ ਗਿਆ ਅਤੇ ਲਾਸ਼ਾਂ ਨੂੰ ਬਾਂਦਰੀ ਹਸਪਤਾਲ ਭੇਜ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਜਵਾਨ ਪ੍ਰਦੁਮਨ ਦੀਕਸ਼ਿਤ, ਅਮਨ ਕੌਰਵ ਅਤੇ ਡਰਾਈਵਰ ਪਰਮਲਾਲ ਤੋਮਰ (ਸਾਰੇ ਮੋਰੇਨਾ ਦੇ ਵਸਨੀਕ) ਵਜੋਂ ਹੋਈ ਹੈ। ਚੌਥਾ ਮ੍ਰਿਤਕ, ਡੌਗ ਮਾਸਟਰ ਵਿਨੋਦ ਸ਼ਰਮਾ, ਭਿੰਡ ਦਾ ਵਸਨੀਕ ਸੀ।

# ਮਾਨ ਸਰਕਾਰ ਦਾ ਪ੍ਰੋਜੈਕਟ ਹਿਫਾਜ਼ਤ—ਘਰੇਲੂ ਹਿੰਸਾ ਅਤੇ ਪਰੇਸ਼ਾਨੀ ਵਿਰੁੱਧ ਸਭ ਤੋਂ ਵੱਡਾ ਉਪਰਾਲਾ

## ਪੰਜਾਬ ਦੀ ਹਰ ਧੀ ਨੂੰ ਮਿਲੇਗੀ 24 ਘੰਟੇ ਸੁਰੱਖਿਆ –181 ਹੈਲਪਲਾਈਨ ਨੰਬਰ ਜ਼ਾਰੀ

ਚੰਡੀਗੜ੍ਹ :ਪੰਜਾਬ ਦੀ ਭਗਵੰਤ ਮਾਨ ਸਰਕਾਰ ਲਈ ਔਰਤਾਂ ਦੀ ਸੁਰੱਖਿਆ ਹਮੇਸ਼ਾ ਇੱਕ ਤਰਜੀਹ ਰਹੀ ਹੈ। ਇਸੇ ਕਰਕੇ ਮਾਨ ਸਰਕਾਰ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਲਗਾਤਾਰ ਕੰਮ ਕਰ ਰਹੀ ਹੈ। ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਦੁਆਰਾ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਅਤੇ ਮਾਣ ਲਈ ਸ਼ੁਰੂ ਕੀਤੀ ਗਈ ਇੱਕ ਪਹਿਲ 'ਪ੍ਰੋਜੈਕਟ ਹਿਫਾਜ਼ਤ' ਦਾ ਉਦੇਸ਼ ਉਸ ਡਰ ਨੂੰ ਖਤਮ ਕਰਨਾ ਹੈ ਜੋ ਉਨ੍ਹਾਂ ਨੂੰ ਹਿੰਸਾ ਅਤੇ ਪਰੇਸ਼ਾਨੀ ਦੀ ਰਿਪੋਰਟ ਕਰਨ ਤੋਂ ਰੋਕਦਾ ਹੈ। ਇਹ 181 ਹੈਲਪਲਾਈਨ ਨੰਬਰ ਰਾਹੀਂ 24 ਘੰਟੇ ਤੁਰੰਤ ਸਹਾਇਤਾ ਪ੍ਰਦਾਨ ਕਰਦਾ ਹੈ, ਘਰੇਲੂ ਹਿੰਸਾ, ਕੰਮ ਵਾਲੀ ਥਾਂ 'ਤੇ ਪਰੇਸ਼ਾਨੀ, ਜਾਂ ਔਰਤਾਂ ਅਤੇ ਬੱਚਿਆਂ ਵਿਰੁੱਧ ਕਿਸੇ ਵੀ ਹੋਰ ਦੁਰਵਿਵਹਾਰ ਦੇ ਡਰ ਨੂੰ ਖਤਮ ਕਰਦਾ ਹੈ।




ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ, ਪੰਜਾਬ ਦੇ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ 'ਪ੍ਰੋਜੈਕਟ ਹਿਫਾਜ਼ਤ' ਲਾਂਚ ਕੀਤਾ। ਇਸ ਪ੍ਰੋਜੈਕਟ ਦਾ ਉਦੇਸ਼ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਦੇ ਪੀੜਤਾਂ ਲਈ ਪ੍ਰਤੀਕਿਰਿਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ। ਪੰਜਾਬ ਸਰਕਾਰ ਦੇ ਇਸ ਮਿਸ਼ਨ ਦਾ ਉਦੇਸ਼ ਸਾਰਿਆਂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣਾ ਹੈ। ਇਹ ਪ੍ਰੋਜੈਕਟ ਪੀੜਤਾਂ ਤੱਕ ਪਹੁੰਚਣ ਅਤੇ ਇੱਕ ਏਕੀਕ੍ਰਿਤ ਸਹਾਇਤਾ ਪ੍ਰਣਾਲੀ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਡਾ.ਬਲਜੀਤ ਕੌਰ ਨੇ ਕਿਹਾ ਕਿ 'ਪ੍ਰੋਜੈਕਟ ਹਿਫਾਜ਼ਤ' ਸ਼ੁਰੂ ਕਰਨ ਦਾ ਮੁੱਖ ਉਦੇਸ਼ ਉਨ੍ਹਾਂ ਔਰਤਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੈ ਜੋ ਘਰੇਲੂ ਹਿੰਸਾ, ਕੰਮ ਵਾਲੀ ਥਾਂ 'ਤੇ ਪਰੇਸ਼ਾਨੀ, ਜਾਂ ਕਿਸੇ ਹੋਰ ਕਿਸਮ ਦੀ ਹਿੰਸਾ ਦਾ ਸ਼ਿਕਾਰ ਹਨ ਪਰ ਡਰ ਕਾਰਨ ਆਪਣੀਆਂ ਸਮੱਸਿਆਵਾਂ ਪ੍ਰਗਟ ਕਰਨ ਵਿੱਚ ਅਸਮਰੱਥ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਔਰਤਾਂ ਨੂੰ ਆਪਣੀ ਮੋਬਾਈਲ ਫੋਨ ਸੰਪਰਕ ਸੂਚੀ ਵਿੱਚ 181 ਨੰਬਰ ਜੋੜਨਾ ਚਾਹੀਦਾ ਹੈ ਤਾਂ ਜੋ ਉਹ ਕਿਸੇ ਵੀ ਹਿੰਸਾ ਦੀ ਸਥਿਤੀ ਵਿੱਚ ਬਿਨਾਂ ਕਿਸੇ ਡਰ ਦੇ ਸਾਡੇ ਨਾਲ ਸੰਪਰਕ ਕਰ ਸਕਣ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਪੰਜਾਬ ਨੂੰ ਇੱਕ ਖੁਸ਼ਹਾਲ ਅਤੇ ਸੁਰੱਖਿਅਤ ਸੂਬਾ ਬਣਾਉਣਾ ਹੈ। ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਸੂਬੇ ਦੀਆਂ ਔਰਤਾਂ ਬਿਨਾਂ ਕਿਸੇ ਡਰ ਦੇ ਰਹਿਣ। ਉਨ੍ਹਾਂ ਕਿਹਾ ਕਿ 'ਪ੍ਰੋਜੈਕਟ ਹਿਫਾਜ਼ਤ' ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਉਨ੍ਹਾਂ ਅੱਗੇ ਕਿਹਾ ਕਿ ਕਈ ਯੋਜਨਾਵਾਂ ਦੇ ਬਾਵਜੂਦ, ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਵਿੱਚ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ। 'ਪ੍ਰੋਜੈਕਟ ਹਿਫਾਜ਼ਤ' ਵੱਖ-ਵੱਖ ਵਿਭਾਗਾਂ ਅਤੇ ਏਜੰਸੀਆਂ ਵਿਚਕਾਰ ਤਾਲਮੇਲ ਨੂੰ ਸੁਚਾਰੂ ਬਣਾ ਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਯਕੀਨੀ ਬਣਾਏਗਾ ਕਿ ਪੀੜਤਾਂ ਨੂੰ ਤੁਰੰਤ ਸਹਾਇਤਾ ਮਿਲੇ। ਇਹ ਹੈਲਪਲਾਈਨ ਮੁਸੀਬਤ ਵਿੱਚ ਫਸੀਆਂ ਔਰਤਾਂ ਅਤੇ ਬੱਚਿਆਂ ਨੂੰ ਤੁਰੰਤ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗੀ। ਕਾਲਾਂ ਨੂੰ ਐਮਰਜੈਂਸੀ, ਗੈਰ-ਐਮਰਜੈਂਸੀ, ਜਾਂ ਜਾਣਕਾਰੀ ਵਜੋਂ ਸ਼੍ਰੇਣੀਬੱਧ ਕੀਤਾ ਜਾਵੇਗਾ, ਅਤੇ ਐਮਰਜੈਂਸੀ ਮਾਮਲਿਆਂ ਨੂੰ ਤੁਰੰਤ ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ERSS-112) ਵਿੱਚ ਤਬਦੀਲ ਕੀਤਾ ਜਾਵੇਗਾ। ਇਹ ਪਹਿਲ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗਾਂ, ਪੰਜਾਬ ਪੁਲਿਸ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿਚਕਾਰ ਤਾਲਮੇਲ ਨੂੰ ਉਤਸ਼ਾਹਿਤ ਕਰੇਗੀ। ਇਹ ਸਹਿਯੋਗ ਬਚਾਅ ਕਾਰਜ, ਕਾਨੂੰਨੀ ਸਹਾਇਤਾ, ਡਾਕਟਰੀ ਸਹਾਇਤਾ ਅਤੇ ਮਨੋ-ਸਮਾਜਿਕ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਇਹ ਪ੍ਰੋਗਰਾਮ ਡਿਪਟੀ ਕਮਿਸ਼ਨਰਾਂ ਦੀ ਨਿਗਰਾਨੀ ਹੇਠ ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀਆਂ ਦੁਆਰਾ ਚਲਾਇਆ ਜਾਵੇਗਾ। ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਹਰੇਕ ਜ਼ਿਲ੍ਹੇ ਵਿੱਚ ਸਮਰਪਿਤ ਵਾਹਨ ਪ੍ਰਦਾਨ ਕੀਤੇ ਜਾਣਗੇ। ਗੈਰ-ਐਮਰਜੈਂਸੀ ਮਾਮਲਿਆਂ ਵਿੱਚ, ਮਨੋਵਿਗਿਆਨਕ ਸਲਾਹ, ਕਾਨੂੰਨੀ ਸਹਾਇਤਾ ਅਤੇ ਪੁਨਰਵਾਸ ਸੇਵਾਵਾਂ ਵਨ-ਸਟਾਪ ਸੈਂਟਰਾਂ (OSCs), ਜ਼ਿਲ੍ਹਾ ਬਾਲ ਸੁਰੱਖਿਆ ਇਕਾਈਆਂ (DCPUs), ਅਤੇ ਜ਼ਿਲ੍ਹਾ ਮਹਿਲਾ ਸਸ਼ਕਤੀਕਰਨ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। ਪੀੜਤਾਂ ਨੂੰ ਆਸਰਾ ਘਰਾਂ ਅਤੇ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿੱਚ ਇੱਕ ਅਤਿ-ਆਧੁਨਿਕ ਕੰਟਰੋਲ ਰੂਮ ਕਾਲ ਟ੍ਰੈਫਿਕ ਦਾ ਪ੍ਰਬੰਧਨ ਕਰੇਗਾ, ਮਹਿਲਾ-ਕੇਂਦ੍ਰਿਤ ਸਕੀਮਾਂ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ, ਅਤੇ ਨਿਗਰਾਨੀ ਅਤੇ ਮੁਲਾਂਕਣ ਲਈ ਰਿਪੋਰਟਾਂ ਤਿਆਰ ਕਰੇਗਾ। ਡਾ.ਬਲਜੀਤ ਕੌਰ ਨੇ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, "ਪ੍ਰੋਜੈਕਟ ਹਿਫਾਜ਼ਤ ਰਾਹੀਂ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਕੋਈ ਵੀ ਪੀੜਤ ਅਣਗੌਲਿਆ ਜਾਂ ਬੇਸਹਾਰਾ ਨਾ ਮਹਿਸੂਸ ਕਰੇ। ਇਹ ਪਹਿਲਕਦਮੀ ਇੱਕ ਸੁਰੱਖਿਅਤ ਵਾਤਾਵਰਣ ਪੈਦਾ ਕਰੇਗੀ ਅਤੇ ਪੀੜਤਾਂ ਨੂੰ ਸਨਮਾਨ ਨਾਲ ਜ਼ਿੰਦਗੀ ਜਿਊਣ ਲਈ ਸ਼ਕਤੀ ਪ੍ਰਦਾਨ ਕਰੇਗੀ।"

ਕੈਬਨਿਟ ਮੰਤਰੀ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਦੇ ਕਿਸੇ ਵੀ ਮਾਮਲੇ ਦੀ ਰਿਪੋਰਟ ਕਰਨ ਲਈ ਹੈਲਪਲਾਈਨ ਨੰਬਰ 181 ਅਤੇ 1098 'ਤੇ ਕਾਲ ਕਰਨ। ਕਾਨੂੰਨੀ ਅਤੇ ਸਮਾਜਿਕ ਸਹਾਇਤਾ ਨੂੰ ਮਜ਼ਬੂਤ ਕਰਕੇ, 'ਪ੍ਰੋਜੈਕਟ ਹਿਫਾਜ਼ਤ' ਘਰੇਲੂ ਹਿੰਸਾ ਐਕਟ ਅਤੇ ਪੋਕਸੋ ਐਕਟ ਸਮੇਤ ਮੁੱਖ ਕਾਨੂੰਨਾਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਵਿੱਚ ਸੁਧਾਰ ਕਰੇਗਾ, ਜਿਸ ਨਾਲ ਇੱਕ ਸੁਰੱਖਿਅਤ ਅਤੇ ਵਧੇਰੇ ਨਿਆਂਪੂਰਨ ਸਮਾਜ ਬਣੇਗਾ। ਮਾਨ ਸਰਕਾਰ ਦੁਆਰਾ ਸ਼ੁਰੂ ਕੀਤਾ ਗਿਆ "ਪ੍ਰੋਜੈਕਟ ਹਿਫਾਜ਼ਤ" ਸਿਰਫ਼ ਇੱਕ ਸਰਕਾਰੀ ਯੋਜਨਾ ਨਹੀਂ ਹੈ। ਇਹ ਹਰ ਉਸ ਧੀ, ਭੈਣ ਅਤੇ ਮਾਂ ਲਈ ਇੱਕ ਭਾਵਨਾਤਮਕ ਸਹਾਇਤਾ ਹੈ ਜੋ ਅਜੇ ਵੀ ਆਪਣੇ ਘਰਾਂ ਦੀਆਂ ਸੀਮਾਵਾਂ ਜਾਂ ਆਪਣੇ ਕੰਮ ਵਾਲੀਆਂ ਥਾਵਾਂ ਦੇ ਹਨੇਰੇ ਕੋਨਿਆਂ ਵਿੱਚ ਡਰ ਵਿੱਚ ਰਹਿੰਦੀ ਹੈ। ਹਿਫਾਜ਼ਤ ਸਿਰਫ਼ ਇੱਕ ਪ੍ਰੋਜੈਕਟ ਨਹੀਂ ਹੈ; ਇਹ ਇੱਕ ਨਵੀਂ ਉਮੀਦ ਹੈ ਜੋ ਲੱਖਾਂ ਅੱਖਾਂ ਨੂੰ ਭਰ ਦਿੰਦੀ ਹੈ: ਕਿ ਪੰਜਾਬ ਵਿੱਚ ਧੀਆਂ ਹੁਣ ਡਰ ਵਿੱਚ ਨਹੀਂ ਰਹਿਣਗੀਆਂ, ਸਗੋਂ ਆਪਣੇ ਸਿਰ ਉੱਚੇ ਰੱਖ ਕੇ ਰਹਿਣਗੀਆਂ।

# ਅੰਮ੍ਰਿਤਸਰ ਏਅਰਪੋਰਟ 'ਤੇ ਉਡਾਣਾਂ ਜਲਦ ਹੋਣਗੀਆਂ ਆਮ

## ਪ੍ਰੇਸ਼ਾਨ ਯਾਤਰੀਆਂ ਲਈ ਰਾਹਤ ਭਰੀ ਖਬਰ





ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਆਮ ਵਾਂਗ ਹੋ ਰਿਹਾ ਹੈ। 3 ਤੋਂ 10 ਦਸੰਬਰ ਦਰਮਿਆਨ ਇੰਡੀਗੋ ਏਅਰਲਾਈਨਸ ਦੀ ਲਗਾਤਾਰ ਰੱਦ ਹੋਈ ਉਡਾਣਾਂ ਤੋਂ ਪ੍ਰੇਸ਼ਾਨ ਹੋਏ ਹਜਾਰਾਂ ਯਾਤਰੀਆਂ ਲਈ ਰਾਹਤ ਦ ਖਬਰ ਹੈ। ਏਅਰਪੋਰਟ ਪ੍ਰਸ਼ਾਸਨ ਨੇ ਦੱਸਿਆ ਹੈ ਕਿ 14 ਤੋਂ 15 ਦਸੰਬਰ ਤੱਕ ਉਡਾਣ ਸੰਚਾਲਨ ਪੂਰੀ ਤਰ੍ਹਾਂ ਆਮ ਹੋ ਜਾਏਗਾ।

ਏਅਰਪੋਰਟ ਡਾਇਰੈਕਟਰ ਭੁਪਿੰਦਰ ਸਿੰਘ ਮੁਤਾਬਕ 3 ਤੋਂ 10 ਦਸੰਬਰ ਦਰਮਿਆਨ 196 ਨਿਰਧਾਰਿਤ ਇੰਡੀਗੋ ਉਡਾਣਾਂ ਵਿੱਚੋਂ ਸਿਰਫ਼ 106 ਉਡਾਣਾਂ ਹੀ ਸੰਚਾਲਿਤ ਹੋ ਸਕੀਆਂ, ਜਦਕਿ 90 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਇਨ੍ਹਾਂ ਰੱਦ ਉਡਾਣਾਂ ਕਾਰਨ 4,500 ਤੋਂ ਵੱਧ ਯਾਤਰੀ ਪ੍ਰਭਾਵਿਤ ਹੋਏ।

ਯਾਤਰੀਆਂ ਦ ਮਦਦ ਲਈ ਏਅਰਪੋਰਟ ਪ੍ਰਸ਼ਾਸਨ ਨੇ ਵੱਡੇ ਪੱਧਰ 'ਤੇ ਇੰਤਜਾਮ ਕੀਤੇ। 247 ਯਾਤਰੀਆਂ ਨੂੰ ਤੁਰੰਤ ਰਿਫੰਡ ਪ੍ਰਦਾਨ ਕੀਤਾ ਗਿਆ, 200 ਤੋਂ ਵੱਧ ਯਾਤਰੀਆਂ ਲਈ ਹੋਟਲ ਵਿਚ ਰੁਕਣ ਦ ਵਿਵਸਥਾ ਕੀਤੀ ਗਈ ਅਤੇ 78 ਤੋਂ ਵੱਧ ਟੈਕਸੀ ਕੈਬਸ ਉਪਲਬਧ ਕਰਾਈਆਂ ਗਈਆਂ, ਤਾਂਕਿ ਉਹ ਆਪਣੀ ਮੰਜਿਲ ਤੱਕ ਪਹੁੰਚ ਸਕਣ।

ਏਅਰਪੋਰਟ 'ਤੇ ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਦੀ ਸਹੂਲਤ ਲਈ ਵਾਧੂ ਸੁਰੱਖਿਆ ਅਤ ਸਹਾਇਤਾ ਸਟਾਫ ਤਾਇਨਾਤ ਕੀਤਾ ਗਿਆ। ਪਾਣੀ, ਭੋਜਨ ਅਤੇ ਬੈਠਣ ਦੀ ਸਹੂਲਤ ਨੂੰ ਵੀ ਮਜਬੂਤ ਕੀਤਾ ਗਿਆ। ਖਾਸ ਗੱਲ ਇਹ ਰਹੀ ਕਿ ਯਾਤਰੀਆਂ ਦੀ ਲੋੜ ਦੇਖਦੇ ਹੋਏ ਏਅਰਪੋਰਟ ਦੇ ਅੰਦਰ ਹੀ ਟ੍ਰੇਨ ਰਿਜਰਵੇਸ਼ਨ ਕਾਊਂਟਰ ਵੀ ਸ਼ੁਰੂ ਕੀਤਾ ਗਿਆ, ਤਾਂਕਿ ਉਡਾਣ ਰੱਦ ਹੋਣ 'ਤੇ ਯਾਤਰੀਆਂ ਨੂੰ ਤੁਰੰਤ ਦੂਜਾ ਆਪਸ਼ਨ ਮਿਲ ਸਕੇ। ਭੁਪਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇੰਡੀਗੋ ਦੇ ਉਡਾਣ ਕੋਟੇ ਵਿੱਚ ਕਟੌਤੀ ਕਰਨ ਨਾਲ ਵੀ ਸੰਚਾਲਨ ਪ੍ਰਭਾਵਿਤ ਹੋਇਆ, ਪਰ ਹੁਣ ਸਥਿਤੀ ਵਿੱਚ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡਾ 14 ਤੋਂ 15 ਦਸੰਬਰ ਦੇ ਵਿਚਕਾਰ ਪੂਰੀ ਤਰ੍ਹਾਂ ਚਾਲੂ ਹੋ ਜਾਵੇਗਾ।

# ਨਵਜੋਤ ਕੌਰ ਸਿੱਧੂ ਦਾ ਮਿੱਠੂ ਮਦਾਨ 'ਤੇ ਪਲਟਵਾਰ, ਵਿਵਾਦਿਤ ਬਿਆਨਬਾਜ਼ੀ ਲਈ ਭੇਜਿਆ ਮਾਨਹਾਨੀ ਦਾ ਨੋਟਿਸ



ਹਾਲ ਹੀ ਦੇ ਵਿਚ ਨਵਜੋਤ ਕੌਰ ਸਿੱਧੂ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਸਿਆਸਤ ਵਿਚ ਹਲਚਲ ਮਚ ਗਈ ਹੈ। ਨਵਜੋਤ ਕੌਰ ਸਿੱਧੂ ਵੱਲੋਂ ਦਿੱਤੇ ਇਸ ਵਿਵਾਦਿਤ ਬਿਆਨ 'ਤੇ ਅੰਮ੍ਰਿਤਸਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਮਿੱਠੂ ਮਦਾਨ ਨੇ ਵੀ ਬਿਆਨਬਾਜ਼ੀ ਕੀਤੀ ਸੀ ਜਿਸ ਦਾ ਜਵਾਬ ਹੁਣ ਨਵਜੋਤ ਕੌਰ ਸਿੱਧੂ ਵੱਲੋਂ ਦਿੱਤਾ ਗਿਆ ਹੈ। ਨਵਜੋਤ ਕੌਰ ਸਿੱਧੂ ਨੇ ਮਿੱਠੂ ਮਦਾਨ ਨੂੰ ਗਲਤ ਬਿਆਨਬਾਜ਼ੀ ਲਈ ਕਾਨੂੰਨੀ ਨੋਟਿਸ ਭੇਜਿਆ ਹੈ । ਉਨ੍ਹਾਂ ਨੋਟਿਸ ਵਿਚ ਕਿਹਾ ਹੈ ਕਿ ਮਿੱਠੂ ਮਦਾਨ ਵੱਲੋਂ ਦਿੱਤਾ ਗਿਆ ਬਿਆਨ ਝੂਠਾ, ਗੁੰਮਰਾਹਕੁੰਨ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਇਸ ਨੂੰ ਜਨਤਕ ਅਕਸ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਦੱਸਿਆ ਅਤੇ ਕਿਹਾ ਕਿ ਇਸ ਤਰ੍ਹਾਂ ਦੀ ਟਿੱਪਣੀ ਸਿਆਸੀ ਮਰਿਆਦਾ ਦੇ ਖ਼ਿਲਾਫ਼ ਹੈ। ਨੋਟਿਸ ਵਿਚ ਨਵਜੋਤ ਕੌਰ ਸਿੱਧੂ ਨੇ ਸਪੱਸ਼ਟ ਕੀਤਾ ਹੈ ਕਿ ਮਿੱਠੂ ਮਦਾਨ ਅਗਲੇ 7 ਦਿਨਾਂ ਦੇ ਅੰਦਰ ਬਿਨਾਂ ਸ਼ਰਤ ਜਨਤਕ ਤੌਰ 'ਤੇ ਮਾਫੀ ਮੰਗਣ ਤੇ ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਉਨ੍ਹਾਂ ਖਿਲਾਫ ਮਾਨਹਾਣੀ ਦਾ ਕੇਸ ਦਰਜ ਕੀਤਾ ਜਾਵੇਗਾ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਦੱਸ ਦੇਈਏ ਕਿ ਬੀਤੇ ਦਿਨੀਂ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਵੀ ਨਵਜੋਤ ਕੌਰ ਸਿੱਧੂ ਨੂੰ ਲੀਗਲ ਨੋਟਿਸ ਜਾਰੀ ਕੀਤਾ ਗਿਆ ਸੀ ਜਿਸ ਦਾ ਜਵਾਬ ਵੀ ਨਵਜੋਤ ਕੌਰ ਸਿੱਧੂ ਵੱਲੋਂ ਨੋਟਿਸ ਵਿਚ ਦਿੱਤਾ ਗਿਆ ਹੈ। ਨੋਟਿਸ ਵਿਚ ਉਨ੍ਹਾਂ ਨੇ ਕਈ ਸਵਾਲ ਸੁਖਜਿੰਦਰ ਰੰਧਾਵਾ 'ਤੇ ਖੜ੍ਹੇ ਕੀਤੇ ਹਨ। ਹਾਲ ਹੀ ਵਿਚ ਦਿੱਤੇ ਬਿਆਨ ਵਿਚ ਜਿਸ ਵਿਚ ਉਨ੍ਹਾਂ ਵੱਲੋਂ 500 ਕਰੋੜ ਦੇ ਅਟੈਚੀ ਦਾ ਜ਼ਿਕਰ ਕੀਤਾ ਗਿਆ ਹੈ, ਉਸ ਦੇ ਬਿਆਨ ਲੈ ਕੇ ਕਈ ਲੀਗਲ ਨੋਟਿਸ ਜਾਰੀ ਕੀਤੇ ਗਏ ਹਨ।















ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjer
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ—ਵਿਅੰਗ

# ਤਾਇਆ ਬਿਸ਼ਨਾ ਖੜਾ ਚੌਰਾਹੇ 'ਚ !





ਬੁੱਧ ਸਿੰਘ ਨੀਲੋਂ
94643 70823

ਬਿਸ਼ਨੇ ਨੇ ਜਦੋਂ ਦਾ ਜੈਤੋਂ ਦਾ ਖਹਿੜਾ ਛੱਡਿਆ, ਉਦੋਂ ਦਾ ਹੀ ਅਜਿਹੀ ਥਾਂ ਦੀ ਭਾਲ 'ਚ ਹੈ, ਜਿਥੇ ਜ਼ਿੰਦਗੀ ਨੂੰ ਅਰਾਮ ਨਾਲ ਬਹਿ ਕੇ ਕੱਟ ਸਕੇ ਪਰ ਉਸਦੇ ਮੱਥੇ ਦੀ ਸੋਚ ਉਸਨੂੰ ਇੱਕ ਪਲ ਵੀ ਮੀਲ ਪੱਥਰ ਨੀਂ ਬਣਨ ਦੇਂਦੀ। ਉਹ ਆਪਣੇ ਹਿੱਸੇ ਦੀ ਰੋਸ਼ਨੀ ਵੰਡ ਦੇਣੀ ਚਾਹੁੰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਹ ਚੁੱਪ ਕਰਕੇ ਬੈਠ ਜਾਵੇ।

ਇੱਕ ਦਿਨ ਮਹਾਂਨਗਰ ਦੇ ਇੱਕ ਚੌਂਕ ਨੂੰ ਪਾਰ ਕਰਨ ਲੱਗਿਆਂ, ਟ੍ਰੈਫਿਕ 'ਚ ਫਸ ਗਿਆ। ਉਸ ਨੇ ਜਦੋਂ ਚੁਫੇਰੇ ਨਿਗਾ ਘੁੰਮਾਈ ਤਾਂ ਚੌਂਕ ਦੇ ਚਾਰੇ ਪਾਸੇ ਵੱਡੇ ਛੋਟੇ ਵਾਹਨ ਇੱਕ ਦੂਜੇ ਤੋਂ ਅੱਗੇ ਲੰਘਣ ਲਈ ਦੌੜਦੇ ਹਨ ਜਿਵੇਂ ਪੂਛ ਨੂੰ ਅੱਗ ਲੱਗੀ ਹੋਵੇ। ਉਹ ਤਾਂ ਫ਼ਾਇਰ ਬ੍ਰਿਗੇਡ ਵਾਲੀਆਂ ਗੱਡੀਆਂ ਵਾਂਗ ਇਉ ਭੱਜੇ ਜਾਂਦੇ ਹਨ, ਜਿਵੇਂ ਕਿਤੇ ਅੱਗ ਬੁਝਾਉਣੀ ਹੋਵੇ। ਉਹ ਸੋਚਦਾ ਅੱਗ ਤਾਂ ਇੱਕ ਪਾਸੇ ਲੱਗੀ ਹੋ ਸਕਦੀ ਹੈ ਪਰ ਇਹ ਤਾਂ ਚਾਰੇ ਦਿਸ਼ਾਵਾਂ ਨੂੰ ਭੱਜੀ ਜਾ ਰਹੇ ਹਨ, ਜਿਵੇਂ ਸਾਰੇ ਹੀ ਸ਼ਹਿਰ ਨੂੰ ਅੱਗ ਲੱਗੀ ਹੋਵੇ?

ਅੱਗ ਤਾਂ ਕਿਤੇ ਵੀ ਲੱਗੀ ਦਿਸਦੀ ਨੀ ਪਰ ਹਰ ਗੱਡੀ ਦੇ ਪਿੱਛਿਉਂ ਧੂੰਆਂ ਜ਼ਰੂਰ ਨਿਕਲਦਾ ਦਿਸਦਾ ਹੈ। ਉਹ ਸੋਚਦਾ ਸੜਕਾਂ 'ਤੇ ਭੱਜੇ ਜਾਂਦੇ ਇਹ ਵਾਹਨ ਕਿਤੇ ਰੁਕਦੇ ਹੋਣਗੇ? ਉਸਨੂੰ ਇੰਝ ਲਗਦਾ ਹੈ ਜਿਵੇਂ ਮਨੁੱਖ ਖੜ ਗਿਆ ਹੋਵੇ ਤੇ ਮੋਟਰ ਗੱਡੀਆਂ ਦੇ ਘੜਮੱਸ ਤੋਂ ਠਿੱਠ ਹੋਇਆ ਉਹ ਸੜਕ ਦੇ ਕਿਨਾਰੇ ਉੱਚੀ ਥਾਂ ਉਪਰ ਬੈਠਾ ਆਉਂਦੀਆਂ ਜਾਂਦੀਆਂ ਮੋਟਰ ਗੱਡੀਆਂ ਨੂੰ ਤੱਕਣ ਲੱਗਿਆ।

ਸਾਹਮਣੇ ਤੋਂ ਘੋੜੀ ਉੱਤੇ ਸਮਾਨ ਲੱਦੀ ਆਉਂਦਾ ਉਸਨੂੰ 'ਅਜਾਤ ਸੁੰਦਰੀ' ਵਾਲਾ ਮਨਮੋਹਨ ਬਾਵਾ ਦਿਖਿਆ। ਜਦੋਂ ਉਸ ਨੇ ਉਸ ਵੱਲ ਵੇਖਿਆ ਤਾਂ ਉਦੋਂ ਤੀਕ 'ਯੁੱਧ ਨਾਦ' ਦਾ ਬਿਗਲ ਵੱਜ ਚੁੱਕਿਆ ਸੀ। ਦਿੱਲੀ ਦੇ ਕਿਸਾਨ ਅੰਦੋਲਨ ਸ਼ੁਰੂ ਹੋ ਗਿਆ ਸੀ। ਐਨੇ ਨੂੰ 'ਤਫ਼ਤੀਸ਼' ਕਰਕੇ 'ਕਟਹਿਰੇ' ਤੋਂ ਮੁੜਿਆ ਮਿੱਤਰ ਸੈਨ ਮੀਤ 'ਕੌਰਵ ਸਭਾ' ਦੇ ਇਸ਼ਤਿਹਾਰ ਵੰਡਦਾ ਉਹਦੇ ਕੋਲ ਆ ਗਿਆ। ਕਹਿੰਦਾ ''ਬਿਸ਼ਨਿਆ ਐਵੇ ਨਾ ਝੁਰ ਇਹ ਜ਼ਿੰਦਗੀ 'ਕੌਰਵ ਸਭਾ' ਹੈ, ਇਸਨੂੰ ਹੁਣ 'ਸੁਧਾਰ ਘਰ' ਲੈ ਕੇ ਜਾਣ ਦੀ ਜ਼ਰੂਰਤ ਐ, ਤੂੰ ਸੁਣਾ ਕਿਵੇਂ ਬੈਠੈ?''

ਉਹ ਮੀਤ ਨਾਲ ਗੱਲਾਂ ਕਰਨ ਲੱਗਿਆ ਤਾਂ ਐਨੇ ਨੂੰ ਕਨੇਡੋਂ ਪਰਤਿਆ ਮੋਗੇ ਵਾਲਾ ਬਾਣੀਆ ਕੇ. ਐਲ. ਗਰਗ ਆਪਣਾ 'ਆਖਰੀ ਪੱਤਾ' ਸੁੱਟ ਕੇ ਬੋਲਿਆ '' ਇਸ ਭੀੜ 'ਚ ਖੇਡਣਾ ਤਾਂ ਗਿੱਟੇ ਗੋਡੇ ਤੁੜਵਾਉਣ ਦੇ ਤੁੱਲ ਏ।'' ਜਦ ਨੂੰ ਬੁੱਕ ਸਟਾਲ ਉੱਤੇ ' ਕਹਾਣੀ ਪੰਜਾਬ' ਫੜਾ ' ਕੋਠੇ ਖੜਕ ਸਿੰਘ' ਵਾਲਾ ਰਾਮ ਸਰੂਪ ਅਣਖੀ ਆ ਕੇ ਬੋਲਿਆ, '' ਬਿਸ਼ਨ ਸਿਆਂ, ਸਰਦਾਰੋ, ਪਰਤਾਪੀ ਤੇ ਜੱਸੀ ਸਰਪੰਚ ਤਾਂ ਸਲਫ਼ਾਸ ਖਾ ਕੇ ਮਰ ਗਏ, ਉਨਾਂ ਦੇ ਬੱਚਿਆਂ ਦੀ ਹਾਲਤ ਵੇਖ ਕੇ ' ਬਸ ਹੋਰ ਨਹੀਂ' ਲਿਖਿਆ ਜਾਂਦਾ।''

ਉਦੋਂ ਹੀ ਸਪੀਕਰ ਵਾਲੇ ਆਟੋ ਰਿਕਸ਼ੇ ਤੋਂ ਆਵਾਜ਼ ਆਈ। '' ਸੁਣੋ ਸੁਣੋ ਜੀ . . ' ਹਵਾ 'ਚ ਲਿਖੇ ਹਰਫ਼ ' ਵਾਲਾ ਸੁਰਜੀਤ ਪਾਤਰ ' ਬਿਰਖਾਂ ਦੀ ਅਰਜ਼' ਕਰਦਾ ਹੋਇਆ ' ਹੁਕਮੀ ਦੀ ਹਵੇਲੀ' ਦਾ ਮਾਲਕ ਬਣ ਗਿਆ ਏ, ਜਿੱਥੇ ਅੱਜ ਰਾਤ ਸੁਰਮਈ ਸ਼ਾਮ ਹੋਣੀ ਐ।'' ਏਨੇ ਨੂੰ ' ਸੂਰਜ ਦੀ ਦਹਿਲੀਜ਼ ' ਵਾਲੀ 'ਧੁੱਪ ਦੀ ਚੁੰਨੀ' ਲਈਂ ਸੁਖਵਿੰਦਰ ਅੰਮ੍ਰਿਤ ਆ ਕੇ ਤਾਏ ਬਿਸ਼ਨੇ ਕੋਲ ਬੈਠ ਗਈ।

ਸਪੀਕਰ ਦਾ ਅਜੇ ਸਾਹ ਨਹੀਂ ਸੀ ਸੁਕਿਆ। ਉਦੋਂ ਹੀ ' ਹਾਰੇ ਦੀ ਅੱਗ' ਵਾਲਾ ਬਲਜਿੰਦਰ ਨਸਰਾਲੀ ' ਡਾਕਖਾਨਾ ਖਾਸ' ਮੋਢੇ ਉੱਤੇ ਚੁੱਕੀ ਆਉਂਦਾ ਬੋਲਿਆ, '' ਇਹ ' ਵੀਹਵੀਂ ਸਦੀ ਦੀ ਆਖਰੀ ਕਥਾ' ਆਪ ਪੜੋ ਤੇ ਅਪਣੇ ਬੱਚਿਆਂ ਨੂੰ ਪੜਾਉਂ।'' ਪਰ ਇਸ ਮਹਾਂਨਗਰ ਦੇ ਚੌਂਕ ਵਿੱਚ ' ਨੀਰੋ ਦੀ ਬੰਸਰੀ ' ਦੀ ਆਵਾਜ਼ ਕੌਣ ਸੁਣੇ ਤਾਂ ਭਗਵਾਨ ਢਿਲੋਂ ਕਹਿੰਦਾ ''ਹੁਣ ਤਾਂ ਚਾਰ ਚੁਫੇਰਾ ''ਕਲਿੰਗਾ'' ਬਣ ਗਿਆ ਏ ''ਉਦਾਸੀ ਹੀਰੇ ਹਰਨ ਦੀ '' ਕੌਣ ਸਮਝੇ।'' ਜਦ ਨੂੰ ਉੱਚੀਆਂ ਇਮਾਰਤਾਂ ਨੂੰ ਵੇਖਦਾ ਭੋਲਾ ਸਿੰਘ ਸੰਘੇੜਾ ਬੋਲਿਆ, '' ਬਾਈ ਜੀ, ਇਹ ਤਾਂ ਸਭ 'ਰੇਤ ਦੀਆਂ ਕੰਧਾਂ' ਨੇ, ਤੁਸੀਂ ਜ਼ਿੰਦਗੀ ਦੀਆਂ ਗੱਲਾਂ ਕਰਦੇ ਹੋ।'' ਮਾਲ ਰੋਡ 'ਤੇ ਬਣੇ ਸਾਈਬਰ ਕੈਫਿਆਂ 'ਚੋਂ ਜ਼ਿੰਦਗੀ ਭਾਲਦੀਆਂ ਦੇਹਾਂ ਨੂੰ ਵੇਖ ਹਰਜੀਤ ਅਟਵਾਲ ਆਖਣ ਲੱਗਾ, '' ਇਹ ਤਾਂ ਨਿਰਾ 'ਰੇਤ ਛਲ ' ਹੈ।'' ਜਦ ਨੂੰ 'ਸ਼ਬਦ' ਦੇ ਅੰਕ ਫੜਾਉਂਦਾ ਜਿੰਦਰ ਬੋਲਿਆ ''ਪਰ, ' ਤੁਸੀਂ ਨਹੀਂ ਸਮਝ ਸਕਦੇ', ਕਿ 'ਕਤਲ' ਕਿਸ ਦਾ ਹੋਇਆ ਏ।''

ਤਾਇਆ ਵੇਖ ਰਿਹਾ ਸੀ, ਉਸ ਦੇ ਆਲੇ ਦੁਆਲੇ ਗੱਡੀਆਂ ਮੋਟਰਾਂ ਦੀ ਬਜਾਏ, ਲੇਖਕਾਂ ਦਾ ਝੁੰਡ ਵਧ ਰਿਹਾ ਸੀ। ਉਹ ਵੇਖਦਾ ਹੈ ਕਿ ਇੱਥੇ ਕੋਈ ਵੀ ਕਿਸੇ ਦੀ ਗੱਲ ਸੁਣਦਾ ਨਹੀਂ। ਸਭ ਆਪੋ ਆਪਣੀ ਟਿੰਡ 'ਚ ਕਾਨਾ ਪਾ ਕੇ ਖੜਕਾਈ ਜਾਂਦੇ ਹਨ।

ਬੱਸ 'ਚੋਂ ਉਤਰ ਸਿੱਧੀ ਹੀ ਬਿਸ਼ਨੇ ਵੱਲ ਆਉਂਦੀ ' ਇੱਕ ਚੁੱਪ ਜਿਹੀ ਕੁੜੀ' ਨਿਰਮਲ ਜਸਵਾਲ ਨੇ ਆਖਿਆ '' ਇਨਾਂ ਨੂੰ ਹੱਥ ਨਾ ਲਾਇਓ, ਇਹ ਤਾਂ 'ਕੱਚ ਦੀਆਂ ਮੱਛੀਆ' ਨੇ।'' ਫੇਰ ਤਾਏ ਦੇ ਕੋਲ ਹੋ ਕੇ ਬਹਿੰਦੀ ਬੋਲੀ ,''ਆ ਜਦੋਂ ਦੀ ਬੁਢਲਾਡੇ ਵਾਲੇ ਵੀਨਾ ਵਰਮਾ 'ਫਰੰਗੀਆਂ ਦੀ ਨੂੰਹ' ਬਣੀ ਐ ਪੰਜਾਬ ਵਿਚ ' ਮੁੱਲ ਦੀ ਤੀਵੀਂ ' ਦਾ ਮੁੱਲ ਵੱਧ ਗਿਆ ਏ? ਹੁਣ ਉਹ ''ਜੋਗੀਆਂ ਦੀ ਧੀ'' ਬਣ ਕੇ ਦਰ ਦਰ ਅਲਖ ਜਗਾਉਂਦੀ ਫਿਰਦੀ ਹੈ।'' ਜਦ ਨੂੰ 'ਗੈਰ ਹਾਜ਼ਿਰ ਆਦਮੀ ' ਹਾਜ਼ਰ ਹੁੰਦਾ ਪ੍ਰੇਮ ਗੋਰਖੀ ਕਹਿੰਦਾ '' ਕੋਈ ਨਾ ਪੰਜਾਬੀ ਟਿ੍ਬਿਊਨ 'ਚ ਆਪਾਂ ਖਬਰ ਲਾ ਦੇਵਾਂਗੇ ਤੂੰ ਫਿਕਰ ਨਾ ਕਰ ।''

'' ਤਾਇਆ ਜੀ ਸਵੀਡਨ ਵਿਚ ਹੀ ਨਹੀਂ ਪੰਜਾਬ ਵਿਚ ਵੀ ਔਰਤ ਦਾ 'ਗਿਰ ਰਿਹਾ ਗਰਾਫ਼ ' ਹੈ। ਨਿੰਦਰ ਗਿੱਲ ਅਪਣਾ ਸਾਈਕਲ ਸਟੈਂਡ 'ਤੇ ਲਾਉਂਦਿਆਂ ਬੋਲਿਆ। ਜਦ ਤਾਏ ਨੇ ਉਹਦੇ ਵੱਲ ਵੇਖਿਆ ਤਾਂ ਪਰਲੇ ਪਾਸੇ ਬਲਦੇਵ ਸਿੰਘ ' ਗਿੱਲੀਆਂ ਛਿੱਟੀਆਂ ' ਦੀ ਅੱਗ ਬਾਲੀ ' ਲਾਲ ਬੱਤੀ' ਥੱਲੇ 'ਅੰਨਦਾਤਿਆਂ' ਨਾਲ ਧਰਨਾ ਲਾਈ ਬੈਠਾ ਸੀ । ਕਹਿੰਦਾ '' ਸਤਲੁਜ ਵਹਿੰਦਾ ਰਿਹਾ ' ਪਰ ਕਿਸੇ ਸਰਕਾਰ ਨੇ ਪਾਣੀ ਨਹੀਂ ਸਾਂਭਿਆ ਹੁਣ ਸਮਰੀਬਲ ਲਾਉਂਦੇ ਫਿਰਦੇ ਨੇ। ਉਧਰ 'ਪੰਜਵਾਂ ਸਾਹਿਬਜਾਦਾ' ਆਪਣੇ ਟੱਬਰ ਸਮੇਤ ਅਲੱਗ ਹੋ ਗਿਆ ਕਹਿੰਦਾ ਸਾਨੂੰ ਤਾਂ ਕੋਈ ਗੁਰਦੁਆਰੇ ਨੀਂ ਵੜਨ ਦੇਂਦਾ ਚੌਧਰੀ ਬੇਦਾਵਾ ਲਿਖਣ ਵਾਲੇ ਬਣੇ ਬੈਠੇ ਨੇ ਤੇ ਕੁਰਬਾਨੀਆਂ ਕਰਨ ਨੂੰ ਅਸੀਂ ਹੀ ਬਚੇ ਆ, ਤੇ ਹੁਣ ' ਢਾਹਾਂ ਦਿੱਲੀ ਦੇ ਕਿੰਗਰੇ' ਦੀ ਕਥਾ ਕੀਹਨੂੰ ਸੁਣਾਵਾਂ।''

ਇੰਨੇ ਨੂੰ ਲੇਖਕ ਤੋਂ ਪ੍ਰਕਾਸ਼ਕ ਬਣਿਆ ਚੇਤਨਾ ਪ੍ਰਕਾਸ਼ਨ ਵਾਲਾ ਸਤੀਸ਼ ਗੁਲਾਟੀ ਜਿਹੜਾ ' ਚੁੱਪ ਦੇ ਖਿਲਾਫ਼' ਸੀ ਹੁਣ ਉਹ ਵੀ ' ਚੁੱਪ ਦੇ ਅੰਦਰ ਬਾਹਰ ' ਹੋਇਆ ਆਪਣੀਆਂ ਕਿਤਾਬਾਂ ਦੀ ਫੜੀ ਲੈ ਕੇ ਆ ਗਿਆ। ਚੌਂਕ ਵਿਚ ਲੇਖਕਾਂ ਦਾ 'ਕੱਠ ਪਲ ਪਲ ਵੱਧ ਰਿਹਾ ਸੀ। ਤਾਇਆ ਬਿਸ਼ਨਾ ਚੁੱਪ ਚਾਪ ਬੈਠਾ ਦੇਖੀ ਜਾ ਰਿਹਾ। ਉਸ ਨੇ ਜਦ ਉਪਰ ਨੂੰ ਮੂੰਹ ਚੁੱਕ ਕੇ ਦੇਖਿਆ ਤਾਂ ਪੰਜਾਬ ਦੇ ਸਭਿਆਚਾਰ ਦੇ ਬਚੇ ਖੁਚੇ ਕਾਗਜ਼ ਪੱਤਰ ਚੁੱਕੀ ਆਉਂਦਾ ਨਵਾਂ ਸ਼ਹਿਰ ਵਾਲਾ ਅਜਮੇਰ ਸਿੱਧੂ ਦਿਖਿਆ ਆਉਂਦਾ ਹੀ ਬੋਲਿਆ '' ਤਾਇਆ ਜੀ, ਅਜੇ ਪੰਜਾਬੀ ਸੱਭਿਆਚਾਰ ਖ਼ਤਮ ਨਹੀਂ ਹੋਇਆ ਆ ਦੇਖੋ 'ਖੂਹ ਗਿੜਦਾ ਐ' ਨਾਲੇ ' ਨਚੀਕੇਤਾ ਦੀ ਮੌਤ' ਨਹੀਂ ਹੋਈ ਇਹ ਤਾਂ ਅਫਵਾਹ ਐ।'' ਜਦ ਨੂੰ ਜਤਿੰਦਰ ਹਾਂਸ ਬੋਲਿਆ '' ਤਾਇਆ ਜੀ ਏਹਦੇ 'ਤੇ ਇਤਬਾਰ ਨਾ ਕਰਿਓ, ਸਾਡੇ ਪਿੰਡ 'ਈਸ਼ਵਰ ਦਾ ਜਨਮ' ਹੋ ਗਿਆ ਤੇ ਨਾਲੇ ਅਸੀਂ ਉਥੇ ' ਪਾਵੇ ਨਾਲ ਬੰਨਿਆ ਕਾਲ' ਰੱਖਿਆ ਏ, ਤੁਸੀਂ ਮੇਰੇ ਨਾਲ ਚੱਲੋ।'' ਏਨੇ ਨੂੰ 'ਚੂੜੇ ਵਾਲੀ ਬਾਂਹ ' ਵਾਲਾ ਜਸਵੀਰ ਰਾਣਾ ਆ ਕੇ ਬੋਲਿਆ 'ਦਿਨ ਢਲਿਆ ਨਹੀਂ ਅਜੇ ਤਾਂ 'ਸਿਖ਼ਰ ਦੁਪਹਿਰਾ' ਐ।'' ਮੱਖਣ ਮਾਨ ਆ ਕੇ ਬੋਲਿਆ, '' ਤਾਇਆ ਜੀ, ਮਹਾਂਨਗਰ ਦੇ ' ਪ੍ਰਵੇਸ਼ ਦੁਆਰ' ਮੂਹਰੇ ਬਾਬਾ ਜਗਤਾਰ ਧੂਣੀ ਲਾਹੀ ਬੈਠਾ ਏ। ਕਹਿੰਦਾ 'ਬਿਰਛਾਂ ਅੰਦਰ ਉਗੇ ਖੰਡਰ ' ਵਾਲਾ ਕੁਲਵਿੰਦਰ ਆਉਂਦਾ ਹੈ। ਉਹ ਨੂੰ ਇਹ ਆਸ ਹੈ ਕਿ 'ਮੁਰੰਡੀਆਂ ਡਾਲਾ ' ਵਾਲਾ ਰਾਮ ਸਿੰਘ ਤਸੀਲਦਾਰ ਆ ਜਾਵੇ ਤੇ ਪਰਦਿਆਂ ਦੀ ਓਟ ' 'ਚ ਇਸ ਚੌਰਾਹੇ ਦੀ ਨਿਸ਼ਾਨਦੇਹੀ ਕਰਕੇ ਪ੍ਰੇਮ ਪਕਾਸ਼ ਦੀਆਂ ਪਾਈਆਂ 'ਗੰਢਾਂ' ਨੂੰ ਖੋਲ੍ਹ ਦੇਵੇਗਾ। ਜਦ ਨੂੰ ਹਰਮੀਤ ਵਿਦਿਆਰਥੀ ਆ ਕੇ ਆਖਣ ਲੱਗਾ ''ਤਸੀਲਦਾਰ ਸਾਹਿਬ ਤੁਹਾਨੂੰ ' ਸਮੁੰਦਰ ਬੁਲਾਉਂਦਾ ' ਐ।''

ਜਰਨੈਲ ਸਿੰਘ ਆ ਕੇ ਬੋਲਿਆ,''ਬਈ ਇਹ ਤਾਂ 'ਦੋ ਟਾਪੂ' ਨੇ ਕੋਈ ਕਾਰੋਬਾਰ ਕਰਦੇ ਆ।'' ਵਿਜੇ ਵਿਵੇਕ ਵੀ ਲੋਰ 'ਚ ਬੋਲਿਆ '' ਇਹਨੂੰ ਦੇ ਟਾਪੂ ਨਾ ਜਾਇਓ, ਇਹ ਤਾਂ 'ਚੱਪਾ ਕੁ ਪੂਰਬ' ਆ, ਰੂਹ ਪੰਜਾਬ ਦੀ ਕਿੱਥੇ ਐ।''

ਦੇਸ ਰਾਜ ਕਾਲੀ ਬੋਲਿਆ, ''ਬਾਬਿਓ ਜਦੋਂ ਦੀਆਂ ਸ਼ੇਖਰ ਨੇ 'ਮੁੰਦਰਾਂ' ਪਵਾਈਆਂ ਨੇ, ਉਹ ਜਨਮੀਤ ਦੀਆਂ ' ਦੇ ਅੱਖਾਂ' ਲੇ ਕੇ ਬਲਬੀਰ ਸਿੰਘ ਸ਼ਾਹ ਦੇ ਨਾਲ 'ਬੇਵਸ ਪਰਿੰਦੇ' ਲੱਭਦਾ ਫਿਰਦਾ ਐ।''

'ਅੱਖਰ' ਦਾ ਵਾਸਤਾ ਪਾਉਂਦਾ ਭਾਊ ਪ੍ਰਮਿੰਦਰਜੀਤ ਬੋਲਿਆ ''ਬਈ ਜੇ ਸ਼ਾਹ ਚਮਨ ਦਾ ' ਹਨੇਰੇ 'ਚ ਘਿਰਿਆ ਮਨੁੱਖ ' ਦੇਖਣਾ ਹੈ ਤਾਂ ' ਮੇਰੀ ਮਾਰਫ਼ਤ ' ਮਿਲੋ। ਨਾਲੇ ਜੇ ' ਰਾਗ ਇਸ਼ਕ ' ਪੜ੍ਹਨਾ ਤਾਂ ਗੁਰਭਜਨ ਗਿੱਲ ਤੋਂ ' ਫੁੱਲਾਂ ਦੀ ਝਾਂਜ਼ਰ ' ਲੈ ਜਾਓ ਐਂਤਕੀਂ ਪ੍ਰਧਾਨਗੀ ਦੀ ਚੋਣ ਲੜਨੀ ਐ। ਵੋਟਾਂ ਜਰੂਰ ਪਾਇਓ।'' ਦਿੱਲੀ ਵਾਲਾ ਗੁਰਬਚਨ ਭੁੱਲਰ ਬੋਲਿਆ ''ਜੇ ਤੁਸੀਂ ' ਤਿੰਨ ਮੂਰਤੀਆਂ ਵਾਲਾ ਮੰਦਰ ' ਦੇਖਣਾ ਤਾਂ ਬਲਵੀਰ ਪਰਵਾਨਾ ਦੇ ਨਾਲ ' ਵਰਜਣਾ ਤੋਂ ਪਾਰ' ਜਾਣਾ ਪਊ, ਨਾਲ ਹੀ ਜੀ. ਐਸ. ਰਿਆਲ ਦੀ ' ਸ਼ਬਦਾਂ ਦੀਆ ਲਿਖਤਾਂ ' ਵਾਚਣੀ ਪਊ।'' 'ਲੀਹੋਂ ਲੱਥੇ' ਵਾਲਾ ਅਮਰੀਕ ਕੰਡਾ ਬੋਲਿਆ '' ਬਾਈ ਜੀ, ਤੁਸੀਂ ਉਥੇ ਜਾਣ ਦੀਆਂ ਗੱਲਾਂ ਕਰਦੇ ਹੋ। ਬਲਦੇਵ ਸਿੰਘ ਨੇ ਵਰਿਆਮ ਸੰਧੂ ਦੀ ' ਚੌਥੀ ਕੂਟ' ਨੂੰ ' ਨਾਗਵਲ ' ਪਾ ਕੇ ਬੈਠਾ।'' ਕਲਕੱਤੇ ਤੋਂ ਆਇਆ ਮੋਹਨ ਕਾਹਲੋਂ ਆਪਣਾ ਬੈਗ, ਅਟੈਚੀ ਮੋਢੇ ਤੋਂ ਉਤਾਰਦਾ ਬੋਲਿਆ '' ਇਹ ਤਾਂ ਸਭ ' ਵਹਿ ਗਏ ਪਾਣੀ ' ਨੇ ' ਕਾਲੀ ਮਿੱਟੀ ' ਤਾਂ ਹੁਣ ਦੇਖਣ ਨੂੰ ਨਹੀਂ ਮਿਲਦੀ, ਤੁਸੀਂ ਕੀਹਦੀ ਗੱਲ ਕਰਦੇ ਹੋਉਂ ।''

ਬਿਸ਼ਨਾ ਤਾਇਆ ਦੇਖਦਾ ਹੈ ਕਿ ਮਨਜੀਤ ਮੀਤ 'ਲੱਕੜ ਦੇ ਘੋੜੇ' ਲਈ ਆਉਂਦਾ ਏ। ਉਸਦੇ ਪਿੱਛੇ ਪਿੱਛੇ 'ਸਲਾਬੀ ਹਵਾ' 'ਚੋਂ ' ਸ਼ਬਦ, ਸ਼ਹਿਰ ਤੇ ਰੇਤ' ਲੱਭਣ ਲਈ ਪੈਰੀਂ ' ਖੜਾਵਾਂ ' ਪਾਈ ਆਉਂਦਾ ਦਰਸ਼ਨ ਬੁੱਟਰ ਵੀ ਦਿਖਿਆ, ਉਸਨੂੰ 'ਮਹਾਂਕੰਬਣੀ' ਲੱਗੀ ਹੋਈ ਸੀ। ਆਉਂਦਾ ਹੀ ਬੋਲਿਆ '' ਤਸੀਂ ਏਥੇ ਮਜ਼ਮਾਂ ਲਾਈ ਬੈਠੇ ਹੋ। ਮੈਂ ਨਾਭੇ ਉਡਕੀਦਾ ' ਕਵਿਤਾ ਉਸਤਵ' ਮਨਾਉਣਾ। ਤਰਲੋਚਨ ਲੋਚੀ ਦਰ ਦਰਵਾਜ਼ੇ ਖੋਲੀ ਬੈਠਾ ਕਹਿੰਦਾ ਗਿੱਲ ਸਾਬ ਤੇ ਮਨਜਿੰਦਰ ਧਨੋਆ ਦੇ ਨਾਲ ਜਾਣਾ ਡੀ ਡੀ ਪੰਜਾਬੀ ਤੇ ਕਵੀ ਦਰਬਾਰ ਐ ਤੇ ਨਾਲੇ ਰਸਤੇ ਚ ਹੋਰ ਸਮਾਗਮ ਹੈ.ਅਸੀ ਤੇ ਚੱਲੇ ਆ !

ਜੰਮੂ ਤੋਂ ਵਿਦੇਸ਼ ਗਈ ਸੁਰਜੀਤ ਸਖੀ ਨੇ ਡਰਦਿਆਂ ਤਾਏ ਬਿਸ਼ਨੇ ਨੂੰ ਕਿਹਾ, '' ਮੈਂ ਸਿਕੰਦਰ ਨਹੀਂ, ਤੁਹਾਨੂੰ ਭਲੇਖਾ ਪਿਆ ਹੋਣਾ।'' ਜੱਗਬਾਣੀ ਵਾਲਾ ਕੁਲਦੀਪ ਸਿੰਘ ਬੇਦੀ ' ਕਿੰਨੇ ਹੀ ਵਰਿਆਂ ' ਬਾਅਦ ਬੋਲਿਆ '' ਤਾਇਆ ਜੀ ! ਢੁਡੀਕੇ ਵਾਲੇ ਜਸਵੰਤ ਸਿੰਘ ਕੰਵਲ ਨੂੰ ' ਇੱਕ ਹੋਰ ਹੈਲਨ' ਤੋਂ ਬਾਅਦ ' ਸੁੰਦਰਾਂ' ਮਿਲੀ ਐ। ਓਧਰ ਮੋਹਨ ਭੰਡਾਰੀ ' ਕਾਠ ਦੀ ਲੱਤ' ਲਵਾਈ ਹੱਥ 'ਚ 'ਨੱਥ ' ਚੁੱਕੀ ਫਿਰਦਾ ਏ।''

ਦੂਰ ਪਰੇ ' ਛਾਂਗਿਆਂ ਹੋਇਆ ਰੁੱਖ' ਦੇ ਥੱਲੇ ਬਲਵੀਰ ਮਾਧੋਪੁਰੀ ਬੈਠਾ ਆਪ ਮੁਹਾਰੇ ਬੋਲੀ ਜਾ ਰਿਹਾ ਏ। ਜੇ ਤੁਸੀਂ ਓਮ ਬਾਲਮੀਕੀ ਦੀ ' ਜੂਠ' ਨਹੀਂ ਖਾ ਸਕਦੇ ਤਾਂ ਲਾਲ ਸਿੰਘ ਦਿਲ ਦੀ ' ਦਾਸਤਾਨ' ਦਾ ਹੀ ਪਾਠ ਕਰ ਲਓ।

ਉਦੋਂ ਹੀ ਗੱਡੀ ਖੜਾ ਹੱਥ 'ਚ 'ਇਹ ਬੰਦਾ ਕੀ ਹੁੰਦਾ' ਕਿਤਾਬ ਚੁਕੀ ਆਉਂਦਾ ਜਸਵੰਤ ਜ਼ਫਰ ਤਾਏ ਦੇ ਗੋਡੀ ਹੱਥ ਲਾਉਂਦਾ ਬੋਲਿਆ '' ਅਸੀਂ ਨਾਨਕ ਦੇ ਕੀ ਲਗਦੇ ਆ।' ਤਾਇਆ ਬਿਸ਼ਨਾ ਕੁਝ ਬੋਲਦਾ ਹਰ ਮਹੀਨੇ ਨਾਵਲ ਲਿਖਣ ਵਾਲਾ ਅਮਰਜੀਤ ਗੋਰਕੀ ਬੋਲਿਆ ' ਅਣਜਿੱਤੀ ਲੰਕਾ ਦੇ ਰਾਮ' ਤੇ ਵਿਚੋਂ ਹੀ ਲਾਲ ਸਿੰਘ ਦਿਲ ਬੋਲ ਪਿਆ... ' ਨਾਗ ਲੋਕ, ਨਾਗ ਲੋਕ ।'' ਇਹ ਸ਼ੂਦਰਾਂ ਦੀ ਦਾਸਤਾਨ ਕਦੋਂ ਪੜ੍ਹਨਗੇ ਤੇ ਸਮਝਣਗੇ, ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਲੀਆਂ ਮੁਹੱਲਿਆਂ ਵਿੱਚ ਖਲਾਰ ਦਿੱਤਾ ਹੈ।

ਲਾਲ ਬੱਤੀ ਵਾਲਾ ਗੱਡੀ 'ਚੋਂ ਉਤਰ ਕੇ ਆਉਂਦਾ ਡਾ. ਸਵਰਾਜਬੀਰ ਆਖਣ ਲੱਗਾ '' ਤਾਇਆ ਜੀ, ਕੋਈ ਉਪਾਅ ਦੱਸੋ, ਜਿਸ ਦਿਨ ਦੀ ' ਮੇਦਨੀ', ਧਰਮ ਗੁਰੂ' ਬਣੀ ਐ, ਉਹਨੇ ' ਸ਼ਾਇਰੀ' ਦਾ ਕਤਲ ਕਰਵਾ ਦਿੱਤਾ ਏ ਤੇ ' ਕ੍ਰਿਸ਼ਨ' ਦੀ ਪੇਂਟਿੰਗ ਉਸ ਨੇ ਡਰਾਇੰਗ ਰੂਮ ਵਿਚ ਲਾ ਦਿੱਤੀ ਏ, ਦੱਸੋ ਹੁਣ '23 ਮਾਰਚ' ਕਿਵੇਂ ਮਨਾਈਏ ?''

''ਭਰਾਵੋ ! ਮੈਂ ਤਾਂ ' ਚਾਰੇ ਕੂੰਢਾਂ ਢੂੰਡੀਆਂ' ਮੈਨੂੰ ਤਾਂ ਲੇਖਕ ਦੇ ਮਨ ਦਾ ਧਰਾਤਲ ਨੀਂ ਲੱਭਿਆ।'' ਸਤਵਿੰਦਰ ਕੁੱਸਾ ਨੇ ਤਾਏ ਨੂੰ ਆਖਿਆ।

ਜਦ ਨੂੰ ਭਾਊ ਤਲਵਿੰਦਰ 'ਯੋਧੇ' ਲੈ ਕੇ ਆ ਗਿਆ। ਆਖਣ ਲੱਗਾ '' ਬਲਵੀਰ ਪਰਵਾਨਾ ਆਪਣੇ ਆਲੇ ਦੁਆਲੇ ਐਨਾ ' ਧੂੰਆਂ' ਕਰੀ ਬੈਠਾ ਸਰਹੱਦ 'ਤੇ ਚੱਲਣਾ ਮੋਮਬੱਤੀਆਂ ਜਗਾਉਂਣ ਜਾਣਾ ਐ ।'। ਕੋਈ ਇੱਕ ਸਵਾਰ', ' ਮੇਰਾ ਉਜੜਿਆ ਗੁਆਂਢੀ' ਦੇ ਘਰ ਤੀਕ ਜਾਣਾ ।'' ਤਾਏ ਨੇ ਸੜਕ ਪਾਰ ਦੇਖਿਆ ਸਾਧੂ ਬਿਨਿੰਗ ' ਜੁਗਤੂ' ਨਾਲ ਮਿਖਾਇਲ ਬਲਗਾਕੋਵ ਦਾ 'ਕੁੱਤਾ ਆਦਮੀ' ਲਈ ਸੜਕ ਪਾਰ ਕਰਨ ਲਹੀ ਟ੍ਰੈਫਿਕ ਬੰਦ ਹੋਣ ਦੀ ਉਡੀਕ ' ਚ ਖੜਾ ਏ। ਪਰੇ ਪਾਰਕ 'ਚ ਸਵਿਤੋਜ ' ਸ਼ਬਦਾਂ ਦੀ ਸ਼ਤਰੰਜ' ਵਿਛਾਈ ਬੈਠਾ ਵਰਿੰਦਰ ਪਰਿਹਾਰ ਨਾਲ ' ਕੁਦਰਤ' ਦਾ ਨਜ਼ਾਰਾ ਲੈ ਰਿਹਾ ਏ। ਉਧਰ ਜਗਤਾਰ ਢਾਅ 'ਗੁਆਚੇ ਘਰ ਦੀ ਤਲਾਸ਼' 'ਚ ਅਜਾਇਬ ਕਮਲ ਦੇ ' ਬੀਜ ਤੋਂ ਬ੍ਰਹਿਮੰਡ' ਤੀਕ ਚੱਕਰ ਲਾ ਆਇਆ ਏ ਪਰ ਉਸ ਨੂੰ ਸੁਖਚੈਨ ਮਿਸਤਰੀ ਦਾ 'ਘਰ' ਨਹੀਂ ਲੱਭਿਆ। ਉਹ ਆਸ਼ਾ ਪੁਰੀ ਦੀ ਗਲੀਆਂ ਕੱਛਦਾ ਫਿਰਦਾ ਹੈ।

ਪਾਲੀ ਭੁਪਿੰਦਰ ਕਹਿੰਦਾ,'' ਭਾਅ ਜੀ ਨੇ ਐਨੇ 'ਲਾਰੇ' ਲਾਏ, 'ਧਮਕ ਨਗਾਰੇ ਦੀ' ਸੁਣਾਈ ਪਰ ਇਨਕਲਾਬ ਨਹੀਂ ਆਇਆ। ਆਤਮਜੀਤ ਕਹਿੰਦਾ 'ਮੰਗੂ ਕਾਮਰੇਡ' ਤਾਂ ਹੈ ਪਰ 'ਮੈਂ ਤਾਂ ਇੱਕ ਸਾਰੰਗੀ' ਆਂ। ਕਹਿ ਕੇ ਨਾਟਕ ਕਰਨ ਚਲੇ ਗਿਆ । ਕਹਿੰਦਾ 'ਉਸਨੂੰ ਕਹੀਂ' ਕਿ ਉਹ ' ਮਿੱਟੀ ਦਾ ਬਾਵਾ' ਲਿਆ ਕੇ ਕੋਈ 'ਸਿਰਜਣਾ' ਕਰੇ ਤਾਂ ਕਿ ਘਰ ਬਣ ਸਕੇ।''

ਜਪਾਨ ਵਾਲਾ ਪਰਮਿੰਦਰ ਸੋਢੀ ਆਖਣ ਲੱਗਾ ' ਤੇਰੇ ਜਾਣ' ਤੋਂ ਮੇਰੀ ਹਾਲਤ ਤਾਂ ਜੋਗਾ ਸਿੰਘ ਦੀ 'ਸਬੂਤੀ ਅਲਵਿਦਾ' ਵਰਗੀ ਹੋ ਗਈ ਹੈ। ਰੋਪੜ ਵਾਲਾ ਜਸਵਿੰਦਰ ' ਕੱਕੀ ਰੇਤ ਦੇ ਵਰਕੇ' ਇੱਕਠੇ ਕਰਕੇ ਮਾਛੀਵਾੜੇ ਦੇ ਜੰਗਲਾਂ ਵੱਲ ਤੁਰ ਗਿਆ ਏ, ਕਹਿੰਦਾ ''ਹਰਬੰਸ ਮਾਛੀਵਾੜਾ ਤੋਂ ' ਸਵੈ ਦੀ ਤਲਾਸ਼' ਕਰਨੀ ਸਿੱਖਣੀ ਐ, ਉਹ ਕਹਿੰਦਾ ਨਾਲੇ ਉਥੇ ਸਵਾਮੀ ਸੂਰੀਆ ਪ੍ਰਤਾਪ ਸਿੰਘ ਨੂੰ ਮਿਲਣਾ ਤੇ ਸੁਖਜੀਤ ਦੀ 'ਅੰਤਰਾ' ਦੇਖਣੀ ਏ ਜਿਹੜੀ ਕਹਿੰਦੀ ਏ ਮੈਂ ਇੰਨਜੁਆਏ ਕਰਦੀ ਆ ।''ਉਹ ਕਹਿੰਦੇ '' ਮੈ ਜੈਸਾ ਵੈਸਾ ਕਿਉਂ ਹੂੰ ?''

ਦਿੱਲੀ ਵਾਲਾ ਨਛੱਤਰ ਆ ਕੇ ਕਹਿੰਦਾ,'' ਤਾਇਆ ਜੀ, ਤੁਸੀਂ ਏਥੇ ਚੌਕ 'ਚ ਹੀ ਬੈਠੇ ਹੋ। ਮੈਂ ਤਾਂ ' ਨਿੱਕੇ ਨਿੱਕੇ ਅਸਮਾਨ' ਕਈ ਲੱਭ ਲਿਆਇਆ ਹਾਂ । ਪੰਜਾਬ ਨੂੰ ਕੈਂਸਰ ਹੋ ਗਿਆ.'' ਚੌਰਾਹੇ 'ਚ ਵਧ ਰਹੀ ਭੀੜ ਨੂੰ ਦੇਖਦੇ ਅਜਾਇਬ ਕਮਲ 'ਅਗਿਆਤ ਵਾਸੀ' ਹੋ ਗਿਆ ਹੈ ਪਰ ਗੁਰਪਾਲ ਲਿੱਟ ਕਹਿੰਦਾ 'ਇਹ ਅੰਤ ਨਹੀਂ।'' ਕਿਰਪਾਲ ਕਜ਼ਾਕ ਕਹਿੰਦਾ ਅਜੇ 'ਹੁੰਮਸ' ਜ਼ਰੂਰ ਏ। ਕਦੇ ਤਾਂ ਸਾਡੇ ਵੀ ਦਿਨ ਅਉਂਣਗੇ। ਇਹ ਅੰਤਹੀਣ ਨਹੀ ।'' ਡਾਕਟਰ ਜਗਤਾਰ ਕਹਿੰਦਾ ' ਹਰ ਮੋੜ 'ਤੇ ਸਲੀਬਾਂ ' ਨੇ। ਟਿੱਬੇ ਵਾਲਾ ਮਹਾਂਵੀਰ ਸਿੰਘ ਦਰਦੀ ਬੋਲਿਆ ਨਹੀਂ ' ਸਵੇਰ ਆਵੇਗੀ।' ਤਾਇਆ ਬਿਸ਼ਨਾ ਸੋਚੀ ਪਿਆ ਹੋਇਆ ਸੀ। ਉਹ ਸੋਚਦਾ ਸੀ ਕਿ ਉਹ ਤਾਂ ਚੌਂਕ ਪਾਰ ਕਰਨ ਲਈ ਰੁਕਿਆ ਸੀ ਪਰ ਏਥੇ ਮੋਟਰ ਗੱਡੀਆਂ ਦੀ ਬਜਾਏ 'ਨਰਬਲੀ ' ਆ ਗਏ।

ਇਨ੍ਹਾਂ ਨੂੰ ' ਮੋਹ ਮਿੱਟੀ ' ਦਾ ' ਰੂਪ ਅਰੂਪ' ਕਦੋਂ ਯਾਦ ਆਵੇਗਾ, ਦਰਸ਼ਨ ਗਿੱਲ ਦੀ ' ਨਜ਼ਮ' ਕੌਣ ਸੁਣੇਗਾ।''

ਲੇਖਕਾਂ ਦੀ ਏਨੀ ਭੀੜ ਦੇਖ ਕੇ ਉਸ ਦਾ ਦਿਲ ਪੈ ਗਿਆ ਹੈ। ਉਹ ਸੋਚਣ ਲੱਗਿਆ, ਮਹਾਂਨਗਰ ਵਿਚ ਗੱਡੀਆਂ ਦੀ ਤਾਂ ਏਨੀ ਭੀੜ ਤਾਂ ਦੇਖੀ ਸੁਣੀ ਸੀ ਪਰ ਆ ਲੇਖਕਾਂ ਦੀ ਏਨੀ ਭੀੜ ਤੱਕ ਕੇ ਬੜੀ ਹੈਰਾਨੀ ਹੋਈ ਹੈ ਕਿ ਸਾਹਿਤਕ ਪਾਠਕਾਂ ਦੀ ਕਿਉਂ ਘੱਟ ਰਹੀ ਹੈ?

ਉਹ ਸੋਚਦਾ ਹੈ ਸਾਹਮਣੇ ਚੌਂਕ 'ਚ ਲੇਖਕਾਂ ਦੀ ਭੀੜ ਇਕ ਦੂਜੇ ਨੂੰ ਪਛਾੜ ਕੇ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਹੈ ਪਰੇ ਇਨਾਮਾਂ ਤੇ ਪੁਰਸਕਾਰਾਂ ਦੀ ਵੰਡ ਹੋ ਰਈ ਸੀ ਲੇਖਕ ਇੱਕ ਦੂਜੇ ਅੱਗੇ ਹੋ ਇਨਾਮ ਚੱਕਣ ਦੀ ਕੋਸ਼ਿਸ਼ 'ਚ ਲੱਗੇ ਹੋਏ ਸਨ ਪਰ ਅਜੇ ਲਾਲ ਬੱਤੀ ਹੋਈ . . . । ਸਾਰੇ ਚੀਕਾਂ ਮਾਰਦੇ ਹਨ। ਕੁਝ ਵੀ ਸੁਣਾਈ ਨਹੀਂ ਦੇ ਰਿਹਾ। ਜੇ ਤੁਹਾਨੂੰ ਕੁਝ ਸੁਣਦਾ ਏ, ਤਾਂ ਦੱਸਿਓ ! ''ਬਿਸ਼ਨਾ ਚੌਕ 'ਚ ਖੜਾ ਪੁੱਛ ਰਿਹਾ ਪਰ ਕੋਈ ਉਸ ਦੀ ਗੱਲ ਨਹੀਂ ਸੁਣਦਾ। ਉਹ ਡੋਰ ਭੋਰ ਹੋਇਆ ਭੀੜ ਵੱਲ ਦੇਖ ਰਿਹਾ। ਲੇਖਕ ਇਨਾਮ ਡੁਕਣ ਲਈ ਇੱਕ ਦੂਜੇ ਨੂੰ ਲਿਤਾੜ ਕੇ ਦੌੜ ਰਹੇ ਹਨ। ਉਹ ਸੋਚਦਾ ਹੈ ਇਹ ਕੀ ਹੋ ਰਿਹਾ ਹੈ?







# ਹਰੀ ਝੰਡੀ - ਥਰਮਲ ਕਾਲੋਨੀ ਨੂੰ ਵੇਚਣ ਦਾ ਫ਼ੈਸਲਾ



ਚਰਨਜੀਤ ਭੁੱਲਰ
ਦੀ ਵਿਸ਼ੇਸ਼ ਰਿਪੋਰਟ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਹੁਣ ਬਠਿੰਡਾ ਥਰਮਲ ਕਾਲੋਨੀ ਨੂੰ ਵੇਚਣ ਦਾ ਫ਼ੈਸਲਾ ਕੀਤਾ ਜਦੋਂ ਕਿ ਇਸ ਤੋਂ ਪਹਿਲਾਂ ਬਠਿੰਡਾ ਥਰਮਲ ਦੀ ਜਾਇਦਾਦ ਵੇਚਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ। ਪਾਵਰਕੌਮ ਦੇ 'ਬੋਰਡ ਆਫ਼ ਡਾਇਰੈਕਟਰਜ਼' ਨੇ ਬਠਿੰਡਾ ਥਰਮਲ ਕਾਲੋਨੀ ਦੀ 165.67 ਏਕੜ ਜ਼ਮੀਨ ਨੂੰ ਵੇਚਣ ਲਈ ਹਰੀ ਝੰਡੀ ਦੇ ਦਿੱਤੀ ਹੈ। 'ਬੋਰਡ ਆਫ਼ ਡਾਇਰੈਕਟਰਜ਼' ਵੱਲੋਂ ਇਹ ਫ਼ੈਸਲਾ ਏਜੰਡਾ ਨੰਬਰ 03 ਤਹਿਤ 21 ਨਵੰਬਰ 2025 ਨੂੰ ਲਿਆ ਗਿਆ ਜਿਸ ਦੇ ਫ਼ੈਸਲੇ ਦੀ ਕਾਪੀ ਪੰਜਾਬੀ ਟ੍ਰਿਬਿਊਨ ਕੋਲ ਮੌਜੂਦ ਹੈ। ਵੇਰਵਿਆਂ ਅਨੁਸਾਰ ਬਠਿੰਡਾ ਥਰਮਲ ਕਾਲੋਨੀ ਸਾਲ 1972 ਦੇ ਆਸ ਪਾਸ ਉਸਾਰੀ ਗਈ ਸੀ ਅਤੇ ਕਰੀਬ 284 ਏਕੜ ਰਕਬੇ 'ਚ ਇਸ ਕਾਲੋਨੀ ਦੇ ਚਾਰ ਬਲਾਕ ਬਣੇ ਹੋਏ ਹਨ। ਮੌਜੂਦਾ ਸਮੇਂ ਥਰਮਲ ਕਾਲੋਨੀ ਦੇ ਬਲਾਕ-ਸੀ ਅਤੇ ਬਲਾਕ-ਡੀ ਨੂੰ ਵੇਚਿਆ ਜਾਣਾ ਹੈ। ਇਸ ਕਾਲੋਨੀ 'ਚ ਕੁੱਲ 1495 ਮਕਾਨ ਬਣੇ ਹੋਏ ਹਨ ਜਿਨ੍ਹਾਂ ਚੋਂ 235 ਮਕਾਨਾਂ 'ਚ ਮੁਲਾਜ਼ਮ ਤੇ ਅਫ਼ਸਰ ਰਹਿ ਰਹੇ ਹਨ।

ਜਿਨ੍ਹਾਂ ਦੋ ਬਲਾਕਾਂ ਨੂੰ ਹੁਣ ਵੇਚਿਆ ਜਾਣਾ ਹੈ ,ਉਨ੍ਹਾਂ ਚੋਂ ਬਲਾਕ-ਸੀ 'ਚ 1020 ਮਕਾਨ ਅਤੇ ਬਲਾਕ-ਡੀ 'ਚ 320 ਮਕਾਨ ਬਣੇ ਹੋਏ ਹਨ। ਬੋਰਡ ਆਫ਼ ਡਾਇਰੈਕਟਰਜ਼ ਨੇ ਮੁੱਢਲੇ ਪੜਾਅ 'ਤੇ ਕੁੱਲ 284 ਏਕੜ ਚੋਂ 165.67 ਏਕੜ ਜ਼ਮੀਨ ਪਾਵਰਕੌਮ ਤੋਂ ਪੁੱਡਾ ਦੇ ਨਾਮ ਤਬਦੀਲ ਕਰਨ ਦਾ ਫ਼ੈਸਲਾ ਲਿਆ ਹੈ। ਮੀਟਿੰਗ 'ਚ ਇਸ ਕਾਲੋਨੀ 'ਚ ਮੁਲਾਜ਼ਮਾਂ ਜਾਂ ਅਫ਼ਸਰਾਂ ਨੂੰ ਮਕਾਨ ਅਲਾਟ ਨਾ ਕਰਨ ਦਾ ਵੀ ਫ਼ੈਸਲਾ ਲਿਆ ਗਿਆ ਹੈ। ਬਲਾਕ-ਡੀ 'ਚ ਰਹਿੰਦੇ ਮੁਲਾਜ਼ਮਾਂ ਨੂੰ ਦੂਸਰੇ ਬਲਾਕਾਂ ਦੇ ਘਰਾਂ 'ਚ ਸ਼ਿਫ਼ਟ ਕੀਤਾ ਜਾਣਾ ਹੈ। ਬਠਿੰਡਾ ਥਰਮਲ ਕਾਲੋਨੀ ਦੀ ਵੇਚੀ ਜਾਣ ਵਾਲੀ ਸੰਪਤੀ 'ਚ 80 ਫ਼ੀਸਦੀ ਹਿੱਸੇਦਾਰੀ ਪਾਵਰਕੌਮ ਦੀ ਰਹੇਗੀ ਜਦੋਂ ਕਿ 20 ਫ਼ੀਸਦੀ ਹਿੱਸੇਦਾਰੀ ਪੁੱਡਾ ਦੀ ਹੋਵੇਗੀ। ਇਸ ਤੋਂ ਇਲਾਵਾ ਬਠਿੰਡਾ ਥਰਮਲ ਦੀ ਅੰਬੂਜਾ ਸੀਮਿੰਟ ਫ਼ੈਕਟਰੀ ਦੇ ਨਾਲ ਲੱਗਦੀ ਕਰੀਬ 91 ਏਕੜ ਜਗ੍ਹਾ 'ਤੇ ਬਠਿੰਡਾ ਵਿਕਾਸ ਅਥਾਰਿਟੀ ਵੱਲੋਂ ਕਾਲੋਨੀ ਵਿਕਸਿਤ ਕੀਤੀ ਜਾਣੀ ਹੈ ਜਿਸ ਦਾ ਰਸਮੀ ਐਲਾਨ ਪਹਿਲੀ ਜਨਵਰੀ ਨੂੰ ਹੋਣ ਦੀ ਸੰਭਾਵਨਾ ਹੈ।

ਚੇਤੇ ਰਹੇ ਕਿ ਸਾਲ 2018 'ਚ ਤਤਕਾਲੀ ਕਾਂਗਰਸ ਸਰਕਾਰ ਨੇ ਬਠਿੰਡਾ ਥਰਮਲ ਨੂੰ ਤਾਲਾ ਲਾ ਦਿੱਤਾ ਸੀ। ਪੰਜਾਬ ਕੈਬਨਿਟ ਨੇ 22 ਜੂਨ 2020 ਨੂੰ ਥਰਮਲ ਦੀ ਜ਼ਮੀਨ ਪੁੱਡਾ ਦੇ ਨਾਮ ਤਬਦੀਲ ਕਰ ਦਿੱਤੀ ਸੀ ਅਤੇ 17 ਸਤੰਬਰ 2020 ਨੂੰ ਕੈਬਨਿਟ ਨੇ ਥਰਮਲ ਦੀ ਜ਼ਮੀਨ 'ਡਰੱਗ ਪਾਰਕ' ਲਈ ਲੀਜ਼ 'ਤੇ ਦੇਣ ਦਾ ਫ਼ੈਸਲਾ ਕੀਤਾ ਸੀ। ਕੇਂਦਰ ਸਰਕਾਰ ਨੇ ਪੰਜਾਬ ਨੂੰ ਡਰੱਗ ਪਾਰਕ ਅਲਾਟ ਨਹੀਂ ਕੀਤਾ ਜਿਸ ਕਰਕੇ ਮਾਮਲਾ ਠੰਢੇ ਬਸਤੇ ਵਿੱਚ ਪੈ ਗਿਆ ਸੀ। ਥਰਮਲ ਦੀ ਜ਼ਮੀਨ 'ਤੇ ਇੱਕ ਵਾਰ ਸੋਲਰ ਪ੍ਰੋਜੈਕਟ ਲਗਾਏ ਜਾਣ ਦੀ ਤਜਵੀਜ਼ ਵੀ ਬਣ ਗਈ ਸੀ ਜੋ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਵੇਰਵਿਆਂ ਅਨੁਸਾਰ 13 ਫਰਵਰੀ 2025 ਨੂੰ ਪੰਜਾਬ ਕੈਬਨਿਟ ਨੇ ਥਰਮਲ ਦੀ ਕੁੱਲ ਜ਼ਮੀਨ ਚੋਂ 253 ਏਕੜ ਜ਼ਮੀਨ ਰੱਖ ਕੇ ਬਾਕੀ ਸਾਰੀ ਜਾਇਦਾਦ ਪਾਵਰਕੌਮ ਨੂੰ ਵਾਪਸ ਵੀ ਕਰ ਦਿੱਤੀ ਸੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਮਾੜੀ ਵਿੱਤੀ ਸਥਿਤੀ ਦੇ ਮੱਦੇਨਜ਼ਰ ਇਸ ਰਾਹ ਵੱਲ ਕਦਮ ਵਧਾ ਰਹੀ ਹੈ।

ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਥਰਮਲ ਕਾਲੋਨੀ ਦੇ ਮਕਾਨਾਂ ਨੂੰ ਸਿੱਧਾ ਵੀ ਵੇਚ ਸਕਦੀ ਹੈ ਜਾਂ ਫਿਰ ਨਵੀਂ ਕਾਲੋਨੀ ਵੀ ਵਿਕਸਿਤ ਕਰਕੇ ਵੇਚ ਸਕਦੀ ਹੈ। ਬਿਜਲੀ ਮੰਤਰੀ ਸੰਜੀਵ ਅਰੋੜਾ ਪਹਿਲਾਂ ਹੀ ਆਖ ਚੁੱਕੇ ਹਨ ਕਿ ਅਕਾਲੀ ਭਾਜਪਾ ਗੱਠਜੋੜ ਸਰਕਾਰ ਸਮੇਂ ਦੀ ਬਣੀ ਨੀਤੀ ਦੇ ਤਹਿਤ ਹੀ ਬਿਨਾਂ ਵਰਤੋਂ ਤੋਂ ਖੰਡਰ ਹੋ ਰਹੀ ਸੰਪਤੀ ਨੂੰ ਹੀ ਨਿਯਮਾਂ ਅਨੁਸਾਰ ਵੇਚਿਆ ਜਾਣਾ ਹੈ। ਪੀ ਐੱਸ ਈ ਬੀ ਇੰਜਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਧੀਮਾਨ ਨੇ ਕਿਹਾ ਕਿ ਪਾਵਰਕੌਮ ਤੇ ਟਰਾਂਸਕੋ ਦੀਆਂ ਸੰਪਤੀਆਂ ਦੀ ਵਰਤੋਂ ਬਿਜਲੀ ਸੈਕਟਰ ਦੇ ਮਕਸਦਾਂ ਲਈ ਹੀ ਹੋਣੀ ਚਾਹੀਦੀ ਹੈ। ਇਹ ਸੰਪਤੀਆਂ ਬਿਜਲੀ ਖੇਤਰ ਦੀਆਂ ਭਵਿੱਖ ਦੀਆਂ ਯੋਜਨਾਵਾਂ ਤੇ ਪ੍ਰਾਜੈਕਟਾਂ ਲਈ ਵਰਤੋਂ 'ਚ ਆ ਸਕਦੀਆਂ ਹਨ। ਐਸੋਸੀਏਸ਼ਨ ਪਾਵਰਕੌਮ ਦੀ ਸੰਪਤੀ ਹੋਰਨਾਂ ਮੰਤਵਾਂ ਲਈ ਵਰਤੇ ਜਾਣ ਦਾ ਵਿਰੋਧ ਕਰਦੀ ਹੈ।

# ਪੰਜਾਬੀਆਂ ਦੇ ਮੂੰਹ 'ਤੇ ਚੜ੍ਹੀ ਹੈ ਗਾਲ ! !

ਗਾਲ ਕੱਢਣ ਨੂੰ ਹਰ ਕੋਈ ਮਾੜਾ ਗਿਣਦਾ ਹੈ, ਪਰ ਸੱਚ ਇਹ ਹੈ, ਗਾਲ ਕੱਢਣ ਦੀ ਇਸ ਚੰਦਰੀ ਬਾਣ ਤੋਂ ਬਚਿਆ ਕੋਈ ਵਿਰਲਾ ਹੀ ਹੈ, ਕੋਈ ਗੁੱਸੇ ਚ, ਕੋਈ ਚੌੜ ਚ, ਕੋਈ ਰੋਅਬ ਚ, ਕੋਈ ਹੰਕਾਰ ਚ, ਕੋਈ ਸਹਿਜ ਸੁਭਾਅ, ਕਦੇ ਨਾ ਕਦੇ ਗਾਲ ਕੱਢਦਾ ਹੀ ਕੱਢਦਾ ਹੈ,ਪੰਜਾਬ ਦੇ ਪਿੰਡਾਂ ਵਿੱਚ ਜੰਮੇ ਜੁਆਕਾਂ ਨੂੰ ਬਚਪਨ ਚ ਲੋਰੀਆਂ ਮਿਲਣ ਜਾਂ ਨਾ ਮਿਲਣ, ਪਰ ਮਾਂ ਪਿਓ ਚਾਚੇ ਤਾਇਆਂ ਵੱਲੋਂ ਗਾਲਾਂ ਦੇ ਗੱਫ਼ੇ ਤਾਂ ਰੱਜਕੇ ਮਿਲਦੇ ਹੀ ਮਿਲਦੇ ਹੀ ਹਨ, ਭਰੇ ਪਰਿਵਾਰਾਂ ਵਿੱਚ ਅਸੀਂ ਲੋਕਾਂ ਨੂੰ ਸਹਿਜ ਸੁਭਾਅ ਗਾਲਾਂ ਕੱਢਦੇ ਦੇਖਦੇ ਹਾਂ।

ਮੇਰੇ ਖਿਆਲ ਵਿੱਚ ਤਾਂ ਗਾਲਾਂ, ਪੰਜਾਬੀ ਜੀਵਨ ਤੇ ਕਲਚਰ ਦਾ ਐਸਾ ਅਨਿਖੜਵਾਂ ਅੰਗ ਬਣ ਚੁਕੀਆਂ ਹਨ ਕਿ ਗਾਲਾਂ ਕੱਢਣ ਦੀ ਇਸ ਬਾਦੀ ਜਾਂ ਰੋਗ ਤੋਂ ਬਚਣਾ ਅਸੰਭਵ ਨਾ ਸਹੀ ਪਰ ਬਹੁਤ ਹੀ ਮੁਸ਼ਕਲਾਂ ਭਰਿਆ ਕਾਰਜ ਹੈ, ਕੋਈ ਪੰਜਾਬੀ ਆਪਣੇ ਆਪ ਨੂੰ ਕਿੰਨਾ ਵੀ ਰੋਕੇ, ਕੰਟਰੋਲ ਕਰੇ, ਇਹ ਚੰਦਰੀ ਗਾਲ ਫਿਰ ਵੀ ਕਦੇ ਨਾ ਕਦੇ, ਕਿਤੇ ਨਾ ਕਿਤੇ ਉਸ ਦੇ ਮੂੰਹੋਂ ਨਿਕਲ ਹੀ ਜਾਂਦੀ ਹੈ, ਤੇ ਇਸ ਦੇ ਫਿਰ ਕਿੰਨੇ ਬਖੇੜੇ, ਕਜੀਏ ਤੇ ਪੰਗੇ ਵੀ ਖੜ੍ਹੇ ਹੁੰਦੇ ਹਨ।

ਗਾਲਾਂ ਕੱਢਣ ਦੀ ਸਾਰੀ ਫਿੱਟ ਲਾਹਨਤ ਭਾਵੇਂ ਅਸੀਂ ਪੁਲਸ ਦੀ ਝੋਲੀ ਵਿੱਚ ਪਾ ਦਿੱਤੀ ਹੈ, ਪਰ ਆਪਣੀ ਪੀਹੜੀ ਹੇਠ ਹੱਥ ਮਾਰੀਏ ਤਾਂ ਸਾਡੇ ਚੋਂ ਸ਼ਾਇਦ ਹੀ ਕੋਈ ਅਜਿਹਾ ਸਾਊ ਪੁੱਤ ਹੋਵੇ ਜਿਸਨੇ ਕਦੇ ਵੀ ਗਾਲ ਨਾ ਕੱਢੀ ਹੋਵੇ, ਘੱਟੋ ਘੱਟ ਮੈਂ ਤਾਂ ਸਾਫ਼ ਸਵੀਕਾਰ ਕਰਦਾ ਹਾਂ, ਮੇਰੇ ਮੂੰਹੋਂ ਤਾਂ ਖੁੱਦ ਕਦੇ ਕਦਾਈਂ,ਮੱਲੋ ਮੱਲੀ ਇਹ ਗਾਲ ਨਿਕਲ ਜਾਂਦੀ ਹੈ, ਅਸੀਂ ਕਹਿੰਦੇ ਹਾਂ, ਸਾਨੂੰ ਔਰਤਾਂ ਕੋਲ ਜਾਂ ਉਹਨਾਂ ਦੇ ਸਾਹਮਣੇ ਇਹ ਗਾਲ ਨਹੀਂ ਕੱਢਣੀ ਚਾਹੀਦੀ, ਪਰ ਮੈਂ ਤਾਂ ਖੁੱਦ ਔਰਤਾਂ ਨੂੰ ਅਜਿਹੀਆਂ ਗੰਦੀਆਂ ਗਾਲਾਂ ਕੱਢਦਿਆਂ ਸੁਣਿਆ ਹੈ, ਜਿਨ੍ਹਾਂ ਨੂੰ ਸੁਣਨਾ ਵੀ ਮੁਸ਼ਕਿਲ ਹੁੰਦਾ ਹੈ, ਮੇਰੇ ਮੁਕਤਸਰ ਵੱਲ ਦੇ ਕਈ ਮਿੱਤਰਾਂ ਨੂੰ ਗਾਲ ਕੱਢਣ ਦੀ ਇੰਨੀ ਆਦਤ ਸੀ ਕੇ ਉਹ ਫੋਨ ਤੇ ਤਾਂ ਕੀ ਮੈਨੂੰ ਮਿਲਣ ਲੱਗੇ ਵੀ ਪਹਿਲਾਂ ਗਾਲ ਕਢਦੇ ਸਨ, ਪਰ ਉਹਨਾਂ ਦੀਆਂ ਇਹ ਗਾਲਾਂ ਮੈਨੂੰ ਕਦੇ ਨਹੀਂ ਸਨ ਚੁਭੀਆਂ, ਇਨ੍ਹਾਂ ਗਾਲਾਂ ਵਿੱਚ ਵੀ ਅੰਤਾਂ ਦਾ ਮੋਹ ਤੇ ਮੁਹੱਬਤ ਸੀ, ਬਚਪਨ ਦੀ ਇੱਕ ਕਹਾਣੀ ਸੀ, ਛੱਤੋ ਮਾਈ ਦੀਆਂ ਗਾਲਾਂ, ਸਾਨੂੰ ਦੁੱਧ ਘਿਓ ਦੀਆਂ ਨਾਲਾਂ, ਗਾਲਾਂ ਕੱਢਣ ਦੇ ਪੰਜਾਬੀਆਂ ਦੇ ਇਸ ਸੁਭਾਅ ਦੇ ਨਾਲ ਨਾਲ ਇਹ ਗੱਲ ਵੀ ਹੈ ਕਿ ਪੰਜਾਬੀਆਂ ਨੂੰ ਸਮਝਾਉਦਿਆਂ ਸਮੇਂ ਜਾਂ ਪਿਆਰ ਨਾਲ ਕੋਈ ਭਾਵੇਂ ਕਿੰਨੀਆਂ ਗਾਲਾਂ ਕੱਢ ਜਾਵੇ, ਜਾਂ ਉਹ ਆਪ ਵੀ ਕਿੰਨੀਆਂ ਗਾਲਾਂ ਕੱਢੀ ਜਾਣ, ਪਰ ਜਦੋਂ ਉਹਨਾਂ ਨੂੰ ਕਦੇ, ਉਹਨਾਂ ਦਾ ਦੁਸ਼ਮਣ ਗਾਲਾਂ ਕੱਢਦਾ ਹੈ, ਪੁਲਿਸ ਗਾਲਾਂ ਕੱਢਦੀ ਹੈ, ਕੋਈ ਜ਼ੋਰਾਵਾਰ ਤੇ ਹੰਕਾਰੀ ਬੰਦਾ ਗਾਲ ਕੱਢਦਾ ਹੈ ਤਾਂ ਉਸ ਤੋਂ ਜਰੀ ਨਹੀਂ ਜਾਂਦੀ, ਉਸਦਾ ਖ਼ੂਨ ਖੌਲ ਉੱਠਦਾ ਹੈ, ਉਹ ਮਰਨ ਮਾਰਨ ਤੇ ਉਤਾਰੂ ਹੋ ਜਾਂਦਾ ਹੈ, ਇਨ੍ਹਾਂ ਗੱਲਾਂ ਤੇ ਕਤਲ ਹੋ ਜਾਂਦੇ ਹਨ, ਪੰਗੇ ਕਲੇਸ਼ ਖੜ੍ਹੇ ਹੋ ਜਾਂਦੇ ਹਨ,ਪਿੱਛੇ ਜਿਹੇ ਨਾਭੇ ਵਾਲੀ ਪੁਲਸ ਅਫ਼ਸਰ ਬੀਬੀ ਦਾ ਗਾਲ ਕੱਢਣ ਦਾ ਮਸਲਾ ਕਿੰਨਾ ਭੜਕਿਆ, ਕੁੱਝ ਦਿਨ ਪਹਿਲਾਂ ਪੰਜਾਬ ਦੇ ਇੱਕ ਸਾਬਕਾ ਮੰਤਰੀ ਵੱਲੋਂ ਬਾਜ਼ਾਰ ਚ ਪੁਲਿਸ ਨੂੰ ਕੱਢੀਆਂ ਗਾਲਾਂ ਦੀ ਕਿੰਨੀ ਤੋਏ ਤੋਏ ਹੋਈ।

ਇੰਜ ਗਾਲਾਂ ਕੱਢਣਾ ਪੰਜਾਬੀਆਂ ਦਾ ਇੱਕ ਸਹਿਜ ਸੁਭਾਅ ਤੇ ਆਦਤ ਬਣ ਚੁੱਕੀ ਹੈ,ਕਹਿਣ ਨੂੰ ਤਾਂ ਅਸੀਂ ਸਾਰੇ ਇਸ ਨੂੰ ਮਾੜਾ ਮਾੜਾ ਕਹਿੰਦੇ ਹਾਂ, ਤੇ ਇਸ ਦੇ ਸਮੇਂ ਸਮੇਂ ਤੇ ਕਿੰਨੇ ਪੁਹਾੜੇ ਵੀ ਪੈਂਦੇ ਹਨ, ਪਰ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਵਾਂਗ ਇਸ ਆਦਤ ਤੋਂ ਖਹਿੜਾ ਛੁਡਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਅਸੀਂ ਇੱਕ ਦੂਜੇ ਨੂੰ ਕੋਸ ਕੇ, ਸਾਰ ਲੈਂਦੇ ਹਾਂ, ਪਰ ਇਹ ਨਹੀਂ ਸੋਚਦੇ, ਅਸੀਂ ਸਾਰੇ ਹੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਵਿੱਚ ਹਿਸੇਦਾਰ ਹਾਂ ਤੇ ਇਸ ਦੇ ਜੁੰਮੇਵਾਰ ਹਾਂ।



ਐਡਵੋਕੇਟ- ਨਰਿੰਦਰ ਪਾਲ ਚਾਹਲ

# ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਬਾਰੇ 'ਹੈਟਸ ਅੱਪ' ਸੰਸਥਾ ਵੱਲੋਂ ਪੇਸ਼ ਕੀਤਾ ਗਿਆ ਨਾਟਕ 'ਸੱਚ, ਸਿਰਰੁ ਤੇ ਸੀਸ'



ਬਰੈਂਪਟਨ, (ਡਾ.ਝੰਡ)– ਲੰਘੇ ਸ਼ਨੀਵਾਰ 6 ਦਸੰਬਰ ਨੂੰ ਹੀਰਾ ਰੰਧਾਵਾ ਦੇ ਨਿਰਦੇਸ਼ਨ ਹੇਠ ਉਨ੍ਹਾਂ ਦੀ ਨਾਟਕ ਸੰਸਥਾ 'ਹੈਟਸ ਅੱਪ' (ਹੈਰੀਟੇਜ ਆਰਟਸ ਐਂਡ ਥੀਏਟਰ ਸੋਸਾਇਟੀ ਆਫ਼ ਯੂਨਾਈਟਿਡ ਪ੍ਰੋਡਕਸ਼ਨਜ਼) ਵੱਲੋਂ ਕੱਲ੍ਹ ਸ਼ਾਮੀਂ ਪੰਜ ਵਜੇ ਬਰੈਂਪਟਨ ਦੇ 'ਵਿਸ਼ਵ ਪੰਜਾਬੀ ਭਵਨ' ਵਿੱਚ ਇਤਿਹਾਸਕ ਨਾਟਕ "ਸਿੱਖ, ਸਿਰਰੁ ਤੇ ਸੀਸ" ਪੇਸ਼ ਕੀਤਾ ਗਿਆ। ਨਾਟਕ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਮੁੱਢਲੇ ਜੀਵਨ, ਬਾਬਾ ਬਕਾਲਾ ਵਿਖੇ ਮੱਖਣ ਸ਼ਾਹ ਲੋਬਾਣਾ ਵੱਲੋਂ 'ਸੱਚੇ ਗੁਰੂ' ਵਜੋਂ ਉਨ੍ਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਵੱਲੋਂ ਹਿੰਦੂ ਧਰਮ ਦੀ ਰਾਖੀ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਦੀਆਂ ਮਹੱਤਵਪੂਰਨ ਝਲਕੀਆਂ ਨਾਟਕੀ ਰੂਪ ਵਿੱਚ ਬਾਖ਼ੂਬੀ ਪੇਸ਼ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਰਿੰਟੂ ਭਾਟੀਆ ਵੱਲੋਂ ਆਪਣੀ ਸੁਰੀਲੀ ਆਵਾਜ਼ 'ਚ ਗੁਰੂ ਤੇਗ਼ ਬਹਾਦਰ ਜੀ ਦਾ ਸ਼ਬਦ "ਪ੍ਰੀਤਮ ਜਾਨਿ ਲੇਹੁ ਮਨ ਮਾਹੀ" ਗਾਇਆ ਗਿਆ। ਪੰਜਾਬੀ ਦੇ ਸਿਰਮੌਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਇਤਿਹਾਸ ਨੂੰ ਅਜੋਕੀ ਨਾਟਕੀ ਜੁਗਤ ਨਾਲ ਪੇਸ਼ ਕਰਨ ਦੀ ਕਲਾ ਅਤੇ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਦੇ ਸਬੰਧ ਵਿੱਚ ਇਸ ਜੁਗਤ ਦੀ ਮਹੱਤਤਾ ਤੇ ਪੇਸ਼ਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਡਾ.ਦਲਬੀਰ ਸਿੰਘ ਕਥੂਰੀਆ ਵੱਲੋਂ ਬਰਫ਼ਬਾਰੀ ਕਾਰਨ ਹੋਏ ਠੰਢੇ ਯਖ਼ ਮੌਸਮ ਵਿੱਚ ਨਾਟਕ ਵੇਖਣ ਆਏ ਦਰਸ਼ਕਾਂ ਦਾ ਸੁਆਗ਼ਤ ਅਤੇ ਧੰਨਵਾਦ ਕੀਤਾ ਗਿਆ।

ਨਾਟਕ ਵਿੱਚ ਬਾਬਾ ਬਕਾਲਾ ਵਿਖੇ ਭਾਈ ਮੱਖਣ ਸ਼ਾਹ ਲੋਬਾਣਾ ਵੱਲੋਂ 'ਸੱਚਾ ਗੁਰ ਲਾਧੋ ਰੇ' ਵਾਲੀ ਇਤਿਹਾਸਕ ਘਟਨਾ ਨੂੰ '22 ਮੰਜੀਆਂ' ਵਾਲੇ ਨਕਲੀ ਗੁਰੂਆਂ ਦੇ 'ਚੇਲਿਆਂ' (ਏਜੰਟਾਂ/ਠੱਗਾਂ) ਵੱਲੋਂ ਬਾਬੇ ਬਕਾਲੇ ਜਾਣ ਵਾਲੇ ਲੋਕਾਂ ਨੂੰ ਵਰਗਲਾਉਣ ਤੇ ਉਨ੍ਹਾਂ ਦੇ ਕੋਲ਼ੋਂ ਭੇਟਾ ਖੋਹੇ ਜਾਣ ਅਤੇ ਨੀਮ-ਪਾਗ਼ਲ ਔਰਤ ਵੱਲੋਂ ਪਹਿਲਾਂ ਪਰਦੇ ਦੇ ਪਿੱਛੇ ਉੱਚੀ ਆਵਾਜ਼ ਵਿੱਚ ਦਿੱਤੇ ਹੋਕੇ "ਸੱਚਾ ਗੁਰੂ ਲੱਭ ਪਿਆ, ਸੱਚਾ ਗੁਰੂ ਲੱਭ ਪਿਆ" ਅਤੇ ਫਿਰ ਇਹ ਹੋਕਾ ਦਿੰਦਿਆਂ ਹੋਇਆਂ ਸਟੇਜ ਉੱਪਰ ਆਉਣ ਨੂੰ ਬੜੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਤੋਂ ਪਿੱਛੋਂ ਭਾਈ ਮੱਖਣ ਸ਼ਾਹ ਲੋਬਾਣਾ ਦੇ ਪਾਤਰ ਵੱਲੋਂ ਸਟੇਜ 'ਤੇ ਆ ਕੇ 'ਪੰਜ-ਪੰਜ ਮੋਹਰਾਂ' ਵੰਡ ਕੇ ਨਕਲੀ ਤੇ ਅਸਲੀ ਗੁਰੂ ਨੂੰ ਪਛਾਨਣ ਦੀ ਕਹਾਣੀ ਬਿਆਨ ਕਰਨ ਵਾਲਾ ਸੀਨ ਵੀ ਬੜਾ ਪ੍ਰਭਾਵਸ਼ਾਲੀ ਸੀ। ਔਰੰਗਜ਼ੇਬ ਦੇ ਦਰਬਾਰ ਵਾਲੇ ਦ੍ਰਿਸ਼ਾਂ ਵਿੱਚ ਉਸ ਦੇ ਵੱਲੋਂ ਗਰਜਵੀਂ ਆਵਾਜ਼ 'ਚ ਬੋਲੇ ਗਏ ਸੰਵਾਦਾਂ ਵਿੱਚ 'ਦਰੋਗਾ-ਏ-ਕੈਦਖ਼ਾਨਾ' ਕੋਲ਼ੋਂ ਗੁੱਸੇ ਵਿੱਚ ਪੁੱਛਣਾ, "ਫਿਰ ਤੇਗਾ ਅਜੇ ਮੰਨਿਆਂ ਕਿ ਨਹੀਂ, ਮੁਸਲਮਾਨ ਬਣਨ ਨੂੰ।" ਉਸਦੇ ਵੱਲੋਂ ਗੁਰੂ ਸਾਹਿਬ ਵੱਲੋਂ ਕੀਤੀ ਗਈ "ਨਾਂਹ" ਦੇ ਬਾਰੇ ਦੱਸਣ 'ਤੇ ਹੋਰ ਗੁੱਸੇ ਵਿੱਚ ਭੜਕਣਾ, "ਹੈਂਅ, ਉਸਦੀ ਇਹ ਮਜਾਲ! ਕੀ ਉਹ ਮਤੀਏ, ਸਤੀਏ ਨੂੰ ਆਰੇ ਨਾਲ ਚੀਰਨ ਤੇ ਰੂੰ 'ਚ ਬੰਨ੍ਹ ਕੇ ਸਾੜਣ, ਤੇ ਦਿਆਲੇ ਨੂੰ ਉਬਾਲ਼ੇ ਜਾਣ ਤੋਂ ਬਾਅਦ ਵੀ ਨਹੀਂ ਡਰਿਆ?"... ਤੇ ਫਿਰ ਸ਼ੇਖ ਵੱਲੋਂ ਵੀ ਇਸਦੇ ਬਾਰੇ ਦੋਬਾਰਾ "ਨਾਂਹ" ਸੁਣ 'ਤੇ ਹੋ ਗੁੱਸੇ ਵਿੱਚ ਆ ਕੇ ਹੁਕਮ ਦੇਣਾਂ, "ਜੇਕਰ ਉਹ ਨਹੀਂ ਮੰਨਦਾ ਤਾਂ ਫਿਰ ਉਸ ਦਾ ਸਿਰ ਕਲਮ ਕਰ ਦਿੱਤਾ ਜਾਏ", ਵਰਗੇ ਸੰਵਾਦ ਸੁਣ ਕੇ ਇਨ੍ਹਾਂ ਦੇ ਪੇਸ਼ ਕਰਨ ਦੇ ਅੰਦਾਜ਼ ਦਾ ਦਰਸ਼ਕ ਜਿੱਥੇ ਭਰਪੂਰ ਤਾੜੀਆਂ ਨਾਲ ਸੁਆਗ਼ਤ ਕਰ ਰਹੇ ਸਨ, ਉੱਥੇ ਇਸ ਤੋਂ ਬਾਅਦ ਪਰਦੇ ਦੇ ਪਿੱਛੋਂ ਗੁਰੂ ਜੀ ਦੇ ਸਿਰ ਦੇ ਕਲਮ ਹੋ ਜਾਣ 'ਤੇ ਪਹਿਲਾਂ ਤੋਂ ਰਿਕਾਰਡ ਕੀਤੀ ਗਈ ਕਾਲ਼ੀ-ਬੋਲ਼ੀ ਹਨੇਰੀ ਤੇ ਝੱਖੜ ਦੀ ਆਵਾਜ਼ ਸੁਣਨ ਅਤੇ ਸ਼ਬਦ "ਤੇਗ਼ ਬਹਾਦਰ ਕੇ ਚਲਿਤ ਭਇਓ ਜਗਤ ਮਹਿ ਸੋਗ, ਹੈ ਹੈ ਹੈ ਸਭ ਜੱਗ ਭਈ ਜੈ ਜੈ ਜੈ ਸੁਰ ਲੋਕ" ਸੁਣ ਕੇ ਉਨ੍ਹਾਂ ਵਿੱਚੋਂ ਕਈ ਸਿਸਕੀਆਂ ਵੀ ਭਰ ਰਹੇ ਸਨ। ਨਾਟਕ ਵਿੱਚ ਭਾਈ ਜੈਤਾ ਜੀ ਵੱਲੋਂ ਗੁਰੂ ਜੀ ਦੇ ਸੀਸ ਨੂੰ ਲੁਕਾ-ਛੁਪਾ ਕੇ ਅਨੰਦਪੁਰ ਸਾਹਿਬ ਪਹੁੰਚਾਉਣ ਨੂੰ ਬਹੁਤ ਵਧੀਆ ਨਾਟਕੀ ਰੂਪ ਦਿੱਤਾ ਗਿਆ। ਭਾਈ ਜੈਤਾ ਜੀ ਦਾ ਪਾਤਰ ਨਿਭਾਅ ਰਹੇ ਕਲਾਕਾਰ ਵੱਲੋਂ ਛੋਟੀਆਂ-ਛੋਟੀਆਂ ਡੱਬੀਆਂ ਵਾਲੀ ਚਾਦਰ ਦੀ ਬੁੱਕਲ ਮਾਰੀ ਸਟੇਜ 'ਤੇ ਆਉਣਾ ਅਤੇ ਰਸਤੇ ਵਿੱਚ ਮੁਸਲਿਮ ਦਰਵੇਸ਼ ਨੂੰ ਮਿਲ਼ਣ ਤੇ ਉਸ ਨਾਲ ਗੱਲਾਂ-ਬਾਤਾਂ ਕਰਦਿਆਂ ਉਥੋਂ ਚਾਂਦਨੀ ਚੌਕ ਵਿੱਚੋਂ ਗੁਰੂ ਜੀ ਦਾ ਸੀਸ ਚੁੱਕਣ ਬਾਰੇ ਦੱਸਣ, ਔਰੰਗਜ਼ੇਬ ਦੇ ਸਿਪਾਹੀਆਂ ਤੋਂ ਲੁਕ-ਛਿਪ ਕੇ ਆਉਣ ਅਤੇ ਪੰਜਾਂ ਦਿਨਾਂ ਵਿੱਚ ਅਨੰਦਪੁਰ ਪਹੁੰਚਣ ਦੀ ਸਾਰੀ ਵਿਥਿਆ ਬੜੇ ਵਧੀਆ ਢੰਗ ਨਾਲ ਪੇਸ਼ ਕੀਤੀ ਗਈ।

ਇਸ ਤਰ੍ਹਾਂ ਇਸ ਨਾਟਕ ਵਿੱਚ ਦਿੱਲੀ ਵਿੱਚ ਗੁਰੂ ਸਾਹਿਬ ਵੱਲੋਂ ਦਿੱਤੀ ਗਈ ਮਹਾਨ ਸ਼ਹਾਦਤ ਨੂੰ ਬੜੇ ਵਧੀਆ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ। ਵੱਖ-ਵੱਖ ਕਲਾਕਾਰਾਂ ਵੱਲੋਂ ਹਰੇਕ ਕਿਰਦਾਰ ਬਹੁਤ ਸ਼ਾਨਦਾਰ ਤਰੀਕੇ ਨਾਲ ਨਿਭਾਇਆ ਗਿਆ ਜੋ ਦਰਸ਼ਕਾਂ ਨੂੰ ਪ੍ਰਭਾਵਿਤ ਕਰ ਰਿਹਾ ਸੀ। ਸਾਰਾ ਨਾਟਕ ਹੀ ਬੜਾ ਪ੍ਰਭਾਵਸ਼ਾਲੀ ਸੀ। ਅਲਬੱਤਾ! ਉਸ ਦਿਨ ਇਸ ਨਾਟਕ ਨੂੰ ਵੇਖਣ ਵਾਲੇ ਦਰਸ਼ਕਾਂ ਦੀ ਘੱਟ ਗਿਣਤੀ ਜ਼ਰੂਰ ਰੜਕ ਰਹੀ ਸੀ। ਸ਼ਾਇਦ ਇਹ ਪਿਛਲੇ ਦਿਨੀਂ ਹੋਈ ਬਰਫ਼ਬਾਰੀ ਕਾਰਨ ਕੱਲ੍ਹ ਠੰਢ ਵੱਧ ਜਾਣ ਕਰਕੇ ਸੀ ਜਾਂ ਫਿਰ ਏਹਨੀਂ ਦਿਨੀਂ ਬਹੁਤ ਸਾਰੇ ਸੀਨੀਅਰਾਂ ਦੇ ਪੰਜਾਬ ਚਲੇ ਜਾਣ ਕਾਰਨ ਸੀ। ਕੁਝ ਵੀ ਹੋਵੇ, ਕੁਲ ਮਿਲਾ ਕੇ ਨਾਟਕ ਬਹੁਤ ਪ੍ਰਭਾਵਸ਼ਾਲੀ ਰਿਹਾ। ਵੇਖਣ ਵਿੱਚ ਆਇਆ ਹੈ ਕਿ ਇਸ ਤਰ੍ਹਾਂ ਦੇ ਇਤਿਹਾਸਕ ਨਾਟਕ ਦਰਸ਼ਕਾਂ ਵੱਲੋਂ ਆਮ ਤੌਰ 'ਤੇ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤੇ ਜਾਂਦੇ ਹਨ। ਨਾਟਕ ਵਿੱਚ ਔਰੰਗਜ਼ੇਬ ਦਾ ਮੁੱਖ-ਕਿਰਦਾਰ ਅਦਾਕਾਰ ਕਰਮਜੀਤ ਗਿੱਲ ਵੱਲੋਂ ਨਿਭਾਇਆ ਗਿਆ। ਏਸੇ ਤਰ੍ਹਾਂ ਦਰਵੇਸ਼ ਦਾ ਕਿਰਦਾਰ ਨਿਰਮਲ ਸਿੱਧੂ, 'ਦਰੋਗਾ-ਏ-ਕੈਦਖ਼ਾਨਾ' ਦਾ ਅਮਨ ਗਿੱਲ, ਨੀਮ-ਪਾਗ਼ਲ ਔਰਤ ਦਾ ਪਰਮਜੀਤ ਦਿਓਲ, ਭਾਈ ਮੱਖਣ ਸ਼ਾਹ ਲੋਬਾਣੇ ਦਾ ਜਗਰੂਪ ਮਹਿਣਾ, ਭਾਈ ਜੈਤੇ ਦਾ ਸ਼ਿੰਗਾਰ ਸਮਰਾ, ਬਾਬੇ ਬਕਾਲੇ ਜਾਣ ਵਾਲੀ ਮਾਈ ਦਾ ਸੁੰਦਰਪਾਲ ਰਾਜਾ ਸਾਂਸੀ ਤੇ ਉਸ ਦੀ ਗੱਠੜੀ ਖੋਹਣ ਦੀ ਕੋਸ਼ਿਸ਼ ਕਰਨ ਵਾਲੇ ਠੱਗਾਂ ਦਾ ਅਮਨ ਗਿੱਲ ਤੇ ਅਜਾਇਬ ਟੱਲੇਵਾਲੀਆ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਇਸ ਦੇ ਨਾਲ ਹੀ ਇਸ ਦੌਰਾਨ ਪਰਦੇ ਦੇ ਪਿੱਛੇ ਗਾਏ ਗਏ ਸ਼ਬਦਾਂ ਦੀਆਂ ਤੁਕਾਂ ਰਿੰਟੂ ਭਾਟੀਆ ਵੱਲੋਂ ਗਾਈਆਂ ਗਈਆਂ।

## ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਹੋਏ ਵਿਰਸਾ ਸਿੰਘ ਵਲਟੋਹਾ ਨੇ ਮੰਗੀ ਮੁਆਫ਼ੀ

### ਜਥੇਦਾਰ ਗੜਗੱਜ ਵੱਲੋਂ ਬਿਆਨਬਾਜ਼ੀ ਨਾ ਕਰਨ ਦੇ ਆਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੱਜ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਹੋਈ ਹੈ। ਜਿਸ ਵਿੱਚ ਅਨੇਕਾਂ ਪੰਥਕ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ ਹੈ। ਵਿਰਸਾ ਸਿੰਘ ਵਲਟੋਹਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਮੁਆਫ਼ੀ ਮੰਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਫੈਸਲਿਆਂ ਦੇ ਸਬੰਧ 'ਚ ਕੁੱਝ ਲੋਕਾਂ ਵਲੋਂ ਪੇਸ਼ ਹੋ ਕੇ ਮੁਆਫ਼ੀਆਂ ਮੰਗੀਆਂ ਗਈਆਂ ਹਨ। ਫਸੀਲ ਤੋਂ ਸਿੰਘ ਸਾਹਿਬਾਨ ਨੇ ਵਲਟੋਹਾ 'ਤੇ ਸ਼੍ਰੋਮਣੀ ਅਕਾਲੀ ਦਲ 'ਚੋਂ 10 ਸਾਲ ਬਾਹਰ ਰਹਿਣ ਦੀ ਲੱਗੀ ਪਾਬੰਦੀ ਹਟਾ ਦਿੱਤੀ ਗਈ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਰਤੋਹਾ ਨੂੰ ਅੱਗੇ ਤੋਂ ਬਿਆਨਬਾਜ਼ੀ ਨਾ ਕਰਨ ਦੇ ਆਦੇਸ਼ ਦਿੱਤੇ ਅਤੇ ਕਿਹਾ ਕਿ ਸ਼ਬਦਾਂ ਦੀ ਮਰਿਆਦਾ ਦਾ ਵੀ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਖਰੀ ਹੈ ਤੇ ਵੱਖਰੀ ਹੀ ਰਹੇਗੀ।

ਵਿਰਸਾ ਸਿੰਘ ਵਲਟੋਹਾ ਨੂੰ ਉਨ੍ਹਾਂ ਦੀਆਂ



ਗਲਤੀਆਂ ਕਰਕੇ ਤਨਖਾਹ ਵੀ ਲਗਾਈ ਗਈ ਹੈ। 3 ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇੱਕ ਘੰਟਾ ਜੂਠੇ ਭਾਂਡੇ ਮਾਂਜਣ ਅਤੇ ਇੱਕ ਘੰਟਾ ਜੋੜੇ ਸਾਫ਼ ਕਰਨ ਦੀ ਸੇਵਾ ਲਗਾਈ ਗਈ ਹੈ। ਵਲਟੋਹਾ ਦੀ 2 ਦਿਨ ਤਰਨਤਾਰਨ ਦੇ ਸ੍ਰੀ ਦਰਬਾਰ ਸਾਹਿਬ ਵਿਖੇ ਜੂਠੇ ਭਾਂਡੇ ਮਾਂਜਣ ਤੇ ਜੋੜੇ ਸਾਫ਼ ਕਰਨ ਦੀ ਸੇਵਾ ਲਗਾਈ ਗਈ ਹੈ। ਵਲਟੋਹਾ 1-1 ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੇਵਾ ਕਰਨਗੇ ਅਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 1100 ਰੁਪਏ ਦੀ ਕੜਾਹ ਪ੍ਰਸਾਦ ਦੀ ਦੇਗ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ।

# ਲੁਧਿਆਣਾ 'ਚ ਡਿਵਾਈਡਰ ਨਾਲ ਟਕਰਾਈ ਕਾਰ, 5 ਲੋਕਾਂ ਦੀ ਮੌਤ

## ਮ੍ਰਿਤਕਾਂ 'ਚ 2 ਨਾਬਾਲਿਗ ਕੁੜੀਆਂ ਸ਼ਾਮਲ



ਪੰਜਾਬ ਦੇ ਲੁਧਿਆਣਾ ਵਿੱਚ ਇੱਕ ਤੇਜ਼ ਰਫ਼ਤਾਰ ਕਾਰ ਡਿਵਾਈਡਰ ਨਾਲ ਟਕਰਾ ਗਈ, ਜਿਸ ਵਿੱਚ 5 ਲੋਕਾਂ ਦੀ ਮੌਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕੁਝ ਦੇ ਸਿਰ ਵਿੱਚ ਸੱਟਾਂ ਲੱਗੀਆਂ ਅਤੇ ਕੁਝ ਦੀ ਗਰਦਨ ਕੱਟੀ ਗਈ। ਲਾਸ਼ਾਂ ਨੂੰ ਦੇਰ ਰੱਤ 1 ਵਜੇ ਦੋ ਐਂਬੂਲੈਂਸਾਂ ਵਿੱਚ ਸਿਵਲ ਹਸਪਤਾਲ ਲਿਆਂਦਾ ਗਿਆ, ਪਰ ਅਜੇ ਤੱਕ ਕਿਸੇ ਦੀ ਪਛਾਣ ਨਹੀਂ ਹੋ ਸਕੀ ਹੈ।

ਮ੍ਰਿਤਕਾਂ ਵਿੱਚ ਦੋ ਨਾਬਾਲਗ ਕੁੜੀਆਂ ਅਤੇ ਤਿੰਨ ਨੌਜਵਾਨ ਸ਼ਾਮਲ ਹਨ। ਸਾਰੇ ਜਗਰਾਓਂ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ, ਹਾਲਾਂਕਿ ਉਨ੍ਹਾਂ ਦੇ ਨਾਮ ਅਜੇ ਤੱਕ ਜਾਰੀ ਨਹੀਂ ਕੀਤੇ ਗਏ ਹਨ। ਇਹ ਹਾਦਸਾ ਰਾਤ 10:15 ਵਜੇ ਦੇ ਕਰੀਬ ਲਾਡੋਵਾਲ ਟੋਲ ਪਲਾਜ਼ਾ ਨੇੜੇ ਵਾਪਰਿਆ। ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਗੱਡੀ ਪਲਟ ਗਈ।

ਜਾਣਕਾਰੀ ਦੇ ਅਨੁਸਾਰ, ਕਾਰ, ਨੰਬਰ PB10DH-4619, ਸਾਊਥ ਸਿਟੀ ਤੋਂ ਲਾਡੋਵਾਲ ਜਾ ਰਹੀ ਸੀ। ਤੇਜ਼ ਰਫ਼ਤਾਰ ਕਾਰਨ, ਕਾਰ ਨੇ ਕੰਟਰੋਲ ਗੁਆ ਦਿੱਤਾ, ਡਿਵਾਈਡਰ ਨਾਲ ਟਕਰਾ ਗਈ ਜਿਸ ਤੋਂ ਬਾਅਦ ਗੱਡੀ ਸੜਕ ਦੇ ਵਿਚਕਾਰ ਪਲਟ ਗਈ, ਅਤੇ ਕਾਫ਼ੀ ਦੂਰੀ ਤੱਕ ਘਸੀਟਦਿਆਂ ਚਲੀ ਗਈ। ਹਾਦਸੇ ਵਿੱਚ ਪੰਜਾਂ ਲਾਸ਼ਾਂ ਨੂੰ ਨੁਕਸਾਨ ਪਹੁੰਚਿਆ। ਇੱਕ ਦਾ ਹੱਥ ਕੱਟਿਆ ਗਿਆ ਸੀ, ਜਦੋਂ ਕਿ ਦੂਜੇ ਦਾ ਪੈਰ ਕੱਟਿਆ ਗਿਆ ਸੀ।

ਹਾਦਸੇ ਦੀ ਸੂਚਨਾ ਮਿਲਦੇ ਹੀ ਲਾਡੋਵਾਲ ਥਾਣੇ ਦੇ ਏਐਸਆਈ ਕਸ਼ਮੀਰ ਸਿੰਘ ਮੌਕੇ 'ਤੇ ਪਹੁੰਚੇ ਅਤੇ ਤੁਰੰਤ ਐਨਐਚਏਆਈ ਐਂਬੂਲੈਂਸ ਨੂੰ ਸੂਚਿਤ ਕੀਤਾ। ਐਂਬੂਲੈਂਸ ਤੁਰੰਤ ਪਹੁੰਚੀ, ਅਤੇ ਲਾਸ਼ਾਂ ਨੂੰ ਕਾਰ ਵਿੱਚੋਂ ਕੱਢ ਕੇ ਸਿਵਲ ਹਸਪਤਾਲ ਲਿਜਾਇਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਹ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਦਸੇ ਦੇ ਕਾਰਨਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

# ਮਾਨ ਸਰਕਾਰ ਦਾ ਇਨੋਵੇਟਿਵ ਕਦਮ : ਪੰਜਾਬ ਦੇ ਸਰਕਾਰੀ ਸਕੂਲਾਂ 'ਚ 'ਮੈਗਾ ਪੀਟੀਐਮ' ਵਾਲੇ ਮਾਪਿਆਂ ਲਈ ਵਿਸ਼ੇਸ਼ ਵਰਕਸ਼ਾਪਾਂ!

## ਜਾਣੋ ਮਾਪਿਆਂ ਨੂੰ ਕੀ ਸਿਖਾਇਆ ਜਾਵੇਗਾ




ਚੰਡੀਗੜ੍ਹ: ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਅਤੇ ਭਾਈਚਾਰਕ ਭਾਗੀਦਾਰੀ ਨੂੰ ਪ੍ਰਮੁੱਖਤਾ ਦਿੰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਪਹਿਲਕਦਮੀ ਹੇਠ ਇੱਕ ਮਹੱਤਵਪੂਰਨ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਕੂਲ ਸਿੱਖਿਆ ਵਿਭਾਗ ਹੁਣ ਸੂਬੇ ਭਰ ਦੇ ਸਾਰੇ ਸਕੂਲਾਂ ਵਿੱਚ 'ਮਾਪਿਆਂ ਦੀ ਭਾਗੀਦਾਰੀ' ਨਾਮਕ ਵਰਕਸ਼ਾਪਾਂ ਦੀ ਇੱਕ ਵਿਆਪਕ ਲੜੀ ਦਾ ਆਯੋਜਨ ਕਰ ਰਿਹਾ ਹੈ, ਜਿਸਦਾ ਉਦੇਸ਼ ਸਕੂਲ ਪ੍ਰਬੰਧਨ ਕਮੇਟੀਆਂ (ਐਸਐਮਸੀ) ਦੇ ਸਹਿਯੋਗ ਨਾਲ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪਹਿਲਕਦਮੀ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਕਿਹਾ, "ਸਰਕਾਰ ਨਾ ਸਿਰਫ਼ ਸ਼ਾਨਦਾਰ ਸਕੂਲ ਇਮਾਰਤਾਂ ਬਣਾ ਰਹੀ ਹੈ, ਸਗੋਂ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਵੀ ਬਣਾ ਰਹੀ ਹੈ ਜੋ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਕਰੇਗੀ। ਸਰਕਾਰ ਦਾ ਮੰਨਣਾ ਹੈ ਕਿ ਮਾਪਿਆਂ ਦੀ ਸਰਗਰਮ ਭਾਗੀਦਾਰੀ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸਭ ਤੋਂ ਮਹੱਤਵਪੂਰਨ ਕੁੰਜੀ ਹੈ।"

ਇਸ ਪਹਿਲਕਦਮੀ ਦੇ ਉਦੇਸ਼ਾਂ ਨੂੰ ਉਜਾਗਰ ਕਰਦੇ ਹੋਏ, ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਵਰਕਸ਼ਾਪਾਂ ਦਾ ਮੁੱਖ ਉਦੇਸ਼ ਮਾਪਿਆਂ ਨੂੰ ਪੂਰੀ ਤਰ੍ਹਾਂ ਸਸ਼ਕਤ ਬਣਾਉਣਾ ਹੈ। ਉਨ੍ਹਾਂ ਕਿਹਾ, "ਸਰਕਾਰ ਚਾਹੁੰਦੀ ਹੈ ਕਿ ਹਰੇਕ ਮਾਪੇ ਨੂੰ ਆਪਣੇ ਬੱਚੇ ਦੀ ਅਕਾਦਮਿਕ ਤਰੱਕੀ, ਸਰਕਾਰੀ ਸਕੂਲਾਂ ਦੇ ਯੋਗਦਾਨ ਅਤੇ ਸਕੂਲ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਸਪੱਸ਼ਟ ਜਾਣਕਾਰੀ ਹੋਵੇ। ਇਹ ਯਤਨ ਬੱਚਿਆਂ ਦੇ ਸੰਪੂਰਨ ਵਿਕਾਸ ਲਈ ਘਰ ਅਤੇ ਸਕੂਲ ਵਿਚਕਾਰ ਇੱਕ ਅਟੁੱਟ ਪੁਲ ਬਣਾਏਗਾ।"

ਇਸ ਮਹੱਤਵਪੂਰਨ ਮੁਹਿੰਮ ਦਾ ਪਹਿਲਾ ਸੈਸ਼ਨ ਜਲਦੀ ਹੀ ਸ਼ੁਰੂ ਹੋਵੇਗਾ। ਵਰਕਸ਼ਾਪ ਲੜੀ ਰਸਮੀ ਤੌਰ 'ਤੇ 20 ਦਸੰਬਰ, 2025 ਨੂੰ ਇੱਕ ਰਾਜਵਿਆਪੀ ਮੈਗਾ ਪੀਟੀਐਮ (ਮੈਗਾ ਪੀਟੀਐਮ) ਨਾਲ ਸ਼ੁਰੂ ਕੀਤੀ ਜਾਵੇਗੀ, ਜਿਸ ਨਾਲ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਸਿੱਧਾ ਅਤੇ ਪ੍ਰਭਾਵਸ਼ਾਲੀ ਸੰਚਾਰ ਸੰਭਵ ਹੋ ਸਕੇਗਾ। ਵਿਭਾਗ ਨੇ ਇਹ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਚਾਰ-ਪੱਧਰੀ ਸਿਖਲਾਈ ਢਾਂਚਾ ਵਿਕਸਤ ਕੀਤਾ ਹੈ ਕਿ ਇਹ ਮਹੱਤਵਪੂਰਨ ਜਾਣਕਾਰੀ ਰਾਜ ਦੇ ਹਰ ਕੋਨੇ ਤੱਕ ਪਹੁੰਚੇ। ਸਿਖਲਾਈ ਰਾਜ ਪੱਧਰ 'ਤੇ ਚੋਟੀ ਦੇ ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦੇਣ ਨਾਲ ਸ਼ੁਰੂ ਹੋਵੇਗੀ, ਜਿਸ ਤੋਂ ਬਾਅਦ ਇਹ ਪ੍ਰਕਿਰਿਆ ਜ਼ਿਲ੍ਹਾ ਅਤੇ ਫਿਰ ਬਲਾਕ ਪੱਧਰ 'ਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਅੱਗੇ ਵਧੇਗੀ। ਅੰਤ ਵਿੱਚ, ਇਸ ਪ੍ਰਕਿਰਿਆ ਦੇ ਚੌਥੇ ਅਤੇ ਆਖਰੀ ਪੜਾਅ ਵਿੱਚ, ਸਕੂਲ ਪੱਧਰ 'ਤੇ ਸਾਰੇ ਮਾਪਿਆਂ ਲਈ ਸਿੱਧੇ ਤੌਰ 'ਤੇ ਵਰਕਸ਼ਾਪਾਂ ਆਯੋਜਿਤ ਕੀਤੀਆਂ ਜਾਣਗੀਆਂ। ਇਹ ਮੁੱਖ ਮੰਤਰੀ ਮਾਨ ਅਤੇ ਮੰਤਰੀ ਬੈਂਸ ਦੇ ਸਰਕਾਰੀ ਸਕੂਲਾਂ ਨੂੰ ਦੇਸ਼ ਦੇ ਸਭ ਤੋਂ ਵਧੀਆ ਵਿਦਿਅਕ ਸੰਸਥਾਨ ਬਣਾਉਣ ਲਈ ਭਾਈਚਾਰਕ ਭਾਗੀਦਾਰੀ ਨੂੰ ਤਰਜੀਹ ਦੇਣ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।









# ਚਿੰਤਾ ਅਤੇ ਮਨੁੱਖੀ ਮਤ

ਅਜੋਕੇ ਪਦਾਰਥਵਾਦ ਦੇ ਯੁੱਗ ਵਿੱਚ ਮਨੁੱਖ ਸਦੈਵ ਆਪਣੇ ਆਪ ਨੂੰ ਦੁਨਿਆਵੀ ਚਿੰਤਾਵਾਂ ਵਿੱਚ ਕੈਦ ਮਹਿਸੂਸ ਕਰਦਾ ਹੈ। ਇਹ ਚਿੰਤਾਵਾਂ ਸਰੀਰਿਕ ਕਸ਼ਟ ਦੇ ਨਾਲ ਨਾਲ ਮਾਨਸਿਕ ਪੀੜਾ ਵੀ ਵਧਾਉਂਦੀਆਂ ਹਨ। ਇਸ ਸਬੰਧੀ ਗੁਰਬਾਣੀ ਮਨੁੱਖ ਨੂੰ ਸਟੀਕ ਸੇਧ ਪ੍ਰਦਾਨ ਕਰਦੀ ਹੈ। ਗੁਰਬਾਣੀ ਵਿੱਚ ਦਰਜ ਹੈ

ਨਾਨਕ ਚਿੰਤਾ ਮਤਿ ਕਰਹੁ
ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ
ਤਿਨਾ ਭਿ ਰੋਜੀ ਦੇਇ ॥

ਉਪਰੋਕਤ ਸ਼ਬਦ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 955 ਉੱਪਰ ਅੰਕਿਤ ਹੈ। ਇਹ ਸ਼ਬਦ ਸਿੱਖ ਧਰਮ ਦੀਆਂ ਸਭ ਤੋਂ ਡੂੰਘੀਆਂ ਤੇ ਮਹੱਤਵਪੂਰਨ ਸਿੱਖਿਆਵਾਂ ਪ੍ਰਦਾਨ ਕਰਦਾ ਹੈ। ਗੁਰਬਾਣੀ ਦਾ ਉਪਰੋਕਤ ਸ਼ਬਦ ਜੀਵਨ ਦੀ ਸੋਚ, ਦ੍ਰਿਸ਼ਟੀਕੋਣ ਅਤੇ ਜੀਵਨ ਜੀਉਣ ਦਾ ਤਰੀਕਾ ਹੈ।

ਇਸ ਸ਼ਬਦ ਵਿੱਚ ਗੁਰੂ ਸਾਹਿਬ ਮਨੁੱਖਾਂ ਨੂੰ ਸਮਝਾ ਰਹੇ ਹਨ ਕਿ ਉਸ ਨੂੰ ਵਿਅਰਥ ਦੀ ਚਿੰਤਾ ਛੱਡ ਦੇਣੀ ਚਾਹੀਦੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਸੰਸਾਰ ਦਾ ਰਚਨਹਾਰ ਹੈ ਚਿੰਤਾ ਕਰਨੀ ਉਸ ਦਾ ਕਾਰਜ ਨਾ ਕੀ ਮਨੁੱਖ ਦਾ। ਸੁੱਖਾਂ ਦੀ ਮਣੀ ਸ੍ਰੀ ਸੁਖਮਨੀ ਸਾਹਿਬ ਵਿੱਚ ਗੁਰੂ ਅਰਜੁਨ ਦੇਵ ਸਾਹਿਬ ਫਰਮਾਉਂਦੇ ਹਨ ਕਿ

ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ॥

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ "ਚਿੰਤਾ" ਕਰਨੀ ਇਨਸਾਨ ਦੇ ਅਧਿਕਾਰ ਖੇਤਰ ਦਾ ਹਿੱਸਾ ਨਹੀਂ ਕਿਉਂਕਿ ਇਨਸਾਨ ਕਿਸੇ ਵੀ ਚੀਜ਼ ਦਾ ਰਚੇਤਾ ਨਹੀਂ ਅਤੇ ਨਾ ਹੀ ਉਹ ਪ੍ਰਭੂ ਦੀ ਆਗਿਆ ਤੋਂ ਬਿਨਾਂ ਕੋਈ ਕਾਰਜ ਉਲੀਕ, ਆਰੰਭ ਜਾਂ ਸਮਾਪਤ ਨਹੀ ਕਰ ਸਕਦਾ ਹੈ। ਜਿਸ ਪ੍ਰਭੂ ਨੇ ਸਮੁੱਚੇ ਜਗਤ ਦੇ ਵਿੱਚ ਜੀਵਾਂ ਨੂੰ ਪ੍ਰਾਣਾਂ ਦੀ ਦਾਤ ਬਖਸ਼ਿਸ਼ ਕੀਤੀ ਹੈ ਜੋ ਉਹਨਾਂ ਜੀਵਾਂ ਨੂੰ ਹਰ ਤਰ੍ਹਾਂ ਦੇ ਵਾਤਾਵਰਨ ਵਿੱਚ ਰਿਜ਼ਕ ਪ੍ਰਦਾਨ ਕਰਦਾ ਹੈ ਉਹੀ ਅਕਾਲ ਪੁਰਖ ਸਭ ਦੀ ਚਿੰਤਾ ਦਾ ਅਸਲ ਹੱਕਦਾਰ ਹੈ।

ਇਨਸਾਨ ਨੂੰ ਵਿਅਰਥ ਦੀ ਚਿੰਤਾ ਦਾ ਕਾਰਜ ਛੱਡ ਕੇ ਸਿਰਫ ਆਪਣਾ ਕਰਮ ਕਰਨਾ, ਸਬਰ ਸੰਤੋਖ ਨਾਲ ਨਿਆਇਕ ਜੀਵਨ ਜੀਉਣਾ ਹੈ। ਪਦਾਰਥਵਾਦੀ ਸੰਸਾਰ ਦੇ ਵਿੱਚ ਇਨਸਾਨ ਚਿੰਤਾਵਾਂ ਵਿੱਚ ਗ੍ਰਸਤ ਹੋਇਆ ਆਪਣੇ ਆਤਮਿਕ ਸੁੱਖ ਦੇ ਪੈਂਡੇ ਤੋਂ ਭਟਕ ਜਾਂਦਾ ਹੈ ਅਤੇ ਡਰ, ਚਿੰਤਾ ਤੇ ਬੇਚੈਨੀ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ।

**ਅਸਲ ਚਿੰਤਾ ਕਿਸ ਦੀ?**

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥2॥14॥45॥

ਜਦੋਂ ਇਨਸਾਨ ਦੇ ਆਪਣੇ ਹੱਥ ਵੱਸ ਕੁਝ ਹੈ ਹੀ ਨਹੀਂ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਕੁਝ ਕਰ ਸਕਦਾ ਹੈ ਤਾਂ ਉਸ ਦੀ ਚਿੰਤਾ ਕਰਨੀ ਵਿਅਰਥ ਹੈ। ਅਕਾਲ ਪੁਰਖ ਸਮੁੱਚੀ ਕਾਇਨਾਤ ਦਾ ਰਚਨਹਾਰ ਹੈ ਅਤੇ ਪ੍ਰਭੂ ਦੀ ਆਗਿਆ ਨਾਲ ਹੀ ਉਹ ਸਾਰੀ ਕਾਇਨਾਤ ਨੂੰ ਪਾਲਦਾ ਹੈ। ਅਕਾਲ ਪੁਰਖ ਨੇ ਜੀਵਾਂ ਤੇ ਦਇਆ ਕਰਦਿਆਂ ਉਹਨਾਂ ਦੀ ਰੋਜ਼ੀ-ਰੋਟੀ ਦਾ ਬੰਦੋਬਸਤ ਆਪਣੇ ਹੁਕਮਾਂ ਮੁਤਾਬਕ ਕੀਤਾ ਹੋਇਆ ਹੈ। ਕੁਦਰਤ ਦੇ ਹੁਕਮ ਮੁਤਾਬਕ ਹੀ ਦਿਨ ਅਤੇ ਰਾਤ ਦਾ ਚੱਕਰ ਨਿਰੰਤਰ ਚੱਲ ਰਿਹਾ ਹੈ। ਸੰਸਾਰ ਦੀਆਂ ਸਮੁੱਚੀਆਂ ਰੁੱਤਾਂ ਵੀ ਉਸ ਦੇ ਹੁਕਮ ਮੁਤਾਬਕ ਹੀ ਆਪਣੀ ਚਾਲ ਚੱਲਦੀਆਂ ਹਨ। ਹਰ ਜੀਵ ਦੇ ਮਨ ਦੀ ਆਸ ਪੂਰੀ ਕਰਨ ਵਾਲਾ ਵੀ ਉਹ ਆਪ ਖੁਦ ਪ੍ਰਭੂ ਪਿਤਾ ਹੈ। ਇਨਸਾਨ ਅਕਸਰ ਆਪਣੀ ਹੱਦ ਤੋਂ ਵੱਧ ਸੋਚ ਕੇ ਥੱਕ ਹਾਰ ਕੇ ਹੰਭ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਸਾਨੂੰ ਸਮਝਾਉਂਦੇ ਹਨ ਕਿ ਜਦ ਰੱਬ ਨੇ ਸਾਨੂੰ ਰਚਿਆ ਹੈ ਤਾ ਫਿਰ ਉਹ ਸਾਡੀ ਸੰਭਾਲ ਕਰੇਗਾ।



**ਮਾਨਸਿਕ ਤਣਾਅ ਦਾ ਇਲਾਜ**

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥1॥

ਅੱਜ ਲੋਕਾਂ ਨੂੰ ਡਰ, ਚਿੰਤਾ, ਤਣਾਅ ਅਤੇ ਫਿਕਰਾਂ ਨੇ ਘੇਰ ਲਿਆ ਹੈ। ਅੱਜ ਦੇ ਸੁਚੇਤ ਮਨੁੱਖ ਦੀ ਮੂਲ ਸਮੱਸਿਆ ਇਹ ਹੈ ਕਿ ਉਹ ਹਮੇਸ਼ਾ ਭਵਿੱਖ ਦੇ ਡਰ ਵਿੱਚ ਜੀਉਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮਨੁੱਖਾਂ ਨੂੰ ਭਵਿੱਖ ਦੀ ਚਿੰਤਾ ਛੱਡ ਕੇ ਨੇਕ ਕਿਰਤ ਕਰਨੀ, ਉਸ ਪ੍ਰਭੂ ਪਿਤਾ ਦਾ ਨਾਮ ਜਪਣਾ ਅਤੇ ਵੰਡ ਕੇ ਛੱਕ ਣਾ ਹੀ ਉਸ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰੇਗਾਂ।

**ਵਿਸ਼ਵਾਸ ਅਤੇ ਸਮਰਪਣ**

ਜਦੋਂ ਇਨਸਾਨ ਰੱਬ ਉੱਤੇ ਭਰੋਸਾ ਕਰਦਾ ਹੈ ਤਾਂ ਉਸ ਸਮੇਂ ਉਹ ਆਪਣੇ ਮਨ ਦੇ ਭਾਰ ਨੂੰ ਹੌਲਾ ਕਰ ਲੈਂਦਾ ਹੈ। ਹਰ ਕੰਮ ਦੀ ਚਿੰਤਾ ਛੱਡ ਕੇ ਨਾਮ ਜਪਣ ਨਾਲ ਮਨ ਵਿਚ ਹੌਸਲਾ ਆ ਜਾਂਦਾ ਹੈ। ਇਸ ਦੀ ਇੱਕ ਉਦਾਹਰਨ ਹੈ ਕਿ ਕਿਰਸਾਣ ਮਿੱਟੀ 'ਚ ਬੀਜ ਬੀਜਦਾ ਹੈ ਪਰ ਬੀਜ ਨੂੰ ਅੰਕੁਰਿਤ ਕਰਨ ਦੀ ਚਿੰਤਾ ਰੱਬ ਖੁਦ ਆਪ ਕਰਦਾ ਹੈ। ਪੰਛੀ ਦਾਣਾ ਖਾਂਦੇ ਹਨ ਪਰ ਉਨ੍ਹਾਂ ਦੇ ਲਈ ਦਾਣਿਆਂ ਦਾ ਪ੍ਰਬੰਧ ਰੱਬ ਕਰਦਾ ਹੈ। ਜੋ ਵਾਪਰ ਰਿਹਾ ਹੈ ਉਸ ਨੂੰ ਸਵੀਕਾਰ ਕਰਨ ਨਾਲ ਮਨੁੱਖ ਨੂੰ ਮਾਨਸਿਕ ਪੀੜਾਂ ਨੂੰ ਘੱਟ ਕਰਨ ਦੀ ਸਮਰੱਥਾ ਮਿਲਦੀ ਹੈ। ਨਾਮ ਜਪਣ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਰਹਿੰਦਾ ਹੈ। ਗੁਰੂ ਜੀ ਲੋਕਾਈ ਨੂੰ ਸਮਝਾਉਂਦੇ ਹਨ ਕਿ ਨਾਮ ਜਪੋ ਤੇ ਚਿੰਤਾ ਆਪਣੇ ਆਪ ਦੂਰ ਹੋ ਜਾਏਗੀ।

**ਕਿਵੇਂ ਲਾਗੂ ਕਰੀਏ ਇਸ ਸਿੱਖਿਆ ਨੂੰ?**

**ਰੋਜ਼ਾਨਾ ਸਿਮਰਨ ਕਰੀਏ**

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥

ਰੋਜ਼ਾਨਾ ਗੁਰੂ ਜੀ ਦੀ ਬਾਣੀ ਦਾ ਪਾਠ, ਸਿਮਰਨ ਕਰਨ ਤੇ ਨਾਮ ਜਪਣ ਨਾਲ ਦਿਲ ਨੂੰ ਸ਼ਾਂਤੀ ਮਿਲਦੀ ਹੈ। ਇਹ ਦਿਲੋਂ ਡਰ, ਚਿੰਤਾ ਅਤੇ ਤਣਾਓ ਦੀਆਂ ਜੜ੍ਹਾਂ ਕੱਟਦਾ ਹੈ।

**ਨੇਕ ਨੀਤੀ ਨਾਲ ਕਰਮ ਕਰੀਏ**

ਜੇ ਤੁਸੀਂ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਹੋ ਤਾਂ ਨਤੀਜੇ ਦੀ ਚਿੰਤਾ ਤੁਹਾਡੀ ਨਹੀ ਬਲਕਿ ਤਿੰਨਾਂ ਲੋਕਾਂ ਦੇ ਮਾਲਕ ਉਸ ਪਿਤਾ ਦੀ ਜ਼ਿੰਮੇਵਾਰੀ ਹੈ।

**ਵਿਸ਼ਵਾਸ ਰੱਖੀਏ**

ਕਈ ਵਾਰੀ ਜ਼ਿੰਦਗੀ ਵਿੱਚ ਹਾਲਾਤ ਥੋੜ੍ਹੀ ਦੇਰ ਲਈ ਖ਼ਰਾਬ ਹੋ ਸਕਦੇ ਹਨ ਪਰ ਦਿਲ ਵਿੱਚ ਇਹ ਯਕੀਨ ਰੱਖੋ ਕਿ ਹਰ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ।

**ਮਨ ਨੂੰ ਪ੍ਰਸੰਨ ਰੱਖਣ ਦੀ ਕੋਸ਼ਿਸ਼ ਕਰੀਏ**

ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥2॥

ਸਤਿਗੁਰੂ ਸਮਝਾਉਂਦੇ ਹਨ ਕਿ ਨੱਚਣਾ ਅਤੇ ਕੁੱਦਣਾ ਕੇਵਲ ਮਨ ਦਾ ਇੱਕ ਚਾਅ ਹੈ ਅਤੇ ਜਿੰਨਾ ਮਨੁੱਖਾਂ ਦੇ ਮਨ ਅੰਦਰ ਅਕਾਲ ਪੁਰਖ ਦਾ ਭਉ ਹੈ ਉਹਨਾਂ ਅੰਦਰ ਹੀ ਆਤਮਿਕ ਚਾਅ ਪੈਦਾ ਹੁੰਦਾ ਹੈ। ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਮਨੁੱਖ ਨੂੰ ਸਦੈਵ ਉਸ ਦੀਆਂ ਬਖਸ਼ੀਆਂ ਦਾਤਾਂ ਦੀ ਕਦਰ ਕਰਨਾ ਅਤੇ ਛੋਟੀਆਂ ਵੱਡੀਆਂ ਖੁੱਸ਼ੀਆਂ ਵਿੱਚ ਖੁੱਸ਼ ਰਹਿਣਾ ਚਾਹੀਦਾ ਹੈ। ਇਹ ਸਭ ਚਿੰਤਾ ਦੂਰ ਕਰਨ ਦੇ ਅਸਲ ਤੇ ਅਚੂਕ ਹਥਿਆਰ ਹਨ।

ਭੁੱਲ ਚੁੱਕ ਦੀ ਮੁਆਫੀ
ਦਾਸ
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।



# ਸਰਦੀਆਂ 'ਚ ਔਰਤਾਂ ਲਈ 'ਸੁਪਰਫੂਡ' ਹੈ ਖਜੂਰ

## ਰੋਜ਼ ਸਿਰਫ 2 ਤੋਂ 3 ਖਾਣ ਨਾਲ ਮਿਲਣਗੇ 5 ਜਾਦੂਈ ਫਾਇਦੇ ਤੇ ਸਿਹਤ ਹੋਵੇਗੀ ਸ਼ਾਨਦਾਰ

ਸਰਦੀ ਦੇ ਮੌਸਮ ਵਿੱਚ ਖਜੂਰ ਖਾਣਾ ਸਿਹਤ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਔਰਤਾਂ ਲਈ ਹੋਰ ਵੀ ਜ਼ਿਆਦਾ ਲਾਭਦਾਇਕ (Dates Benefits for Women) ਸਾਬਤ ਹੋ ਸਕਦਾ ਹੈ।

ਰੋਜ਼ਾਨਾ 2-3 ਖਜੂਰ ਖਾਣ ਨਾਲ ਔਰਤਾਂ ਦੀ ਸਿਹਤ ਵਿੱਚ ਕਾਫੀ ਸੁਧਾਰ ਆ ਸਕਦੇ ਹਨ। ਆਓ ਜਾਣੀਏ ਰੋਜ਼ ਖਜੂਰ ਖਾਣ ਨਾਲ ਔਰਤਾਂ ਦੀ ਸਿਹਤ ਨੂੰ ਕੀ-ਕੀ ਫਾਇਦੇ (Benefits of Dates) ਮਿਲ ਸਕਦੇ ਹਨ:




**1. ਐਨਰਜੀ ਦਾ ਕੁਦਰਤੀ ਸ੍ਰੋਤ**

ਔਰਤਾਂ ਅਕਸਰ ਘਰ, ਪਰਿਵਾਰ ਅਤੇ ਕੰਮ ਦੀਆਂ ਜ਼ਿੰਮੇਵਾਰੀਆਂ ਦੇ ਵਿੱਚਕਾਰ ਥਕਾਵਟ ਮਹਿਸੂਸ ਕਰਦੀਆਂ ਹਨ। ਖਜੂਰ ਕੁਦਰਤੀ ਸ਼ੂਗਰ (ਫਰੂਕਟੋਜ਼, ਗਲੂਕੋਜ਼) ਨਾਲ ਭਰਪੂਰ ਹੁੰਦਾ ਹੈ, ਜੋ ਤੁਰੰਤ ਐਨਰਜੀ ਜਾਰੀ ਕਰਦਾ ਹੈ। ਆਇਰਨ ਦੀ ਭਰਪੂਰ ਮਾਤਰਾ ਸਰੀਰ ਵਿੱਚ ਹੀਮੋਗਲੋਬਿਨ ਵਧਾ ਕੇ ਅਨੀਮੀਆ ਤੋਂ ਬਚਾਉਂਦੀ ਹੈ, ਜੋ ਔਰਤਾਂ ਵਿੱਚ ਇੱਕ ਆਮ ਸਮੱਸਿਆ ਹੈ।

**2. ਹੱਡੀਆਂ ਨੂੰ ਮਜ਼ਬੂਤੀ**

ਔਰਤਾਂ ਵਿੱਚ ਆਸਟੀਓਪੋਰੋਸਿਸ (Osteoporosis) ਯਾਨੀ ਹੱਡੀਆਂ ਦੇ ਕਮਜ਼ੋਰ ਹੋਣ ਦਾ ਖ਼ਤਰਾ ਪੁਰਸ਼ਾਂ ਨਾਲੋਂ ਜ਼ਿਆਦਾ ਹੁੰਦਾ ਹੈ। ਖਜੂਰ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ ਅਤੇ ਵਿਟਾਮਿਨ-ਕੇ ਵਰਗੇ ਤੱਤ ਹੱਡੀਆਂ ਦੀ ਸਿਹਤ ਲਈ ਜ਼ਰੂਰੀ ਹਨ। ਰੋਜ਼ਾਨਾ ਖਜੂਰ ਖਾਣ ਨਾਲ ਹੱਡੀਆਂ ਦੀ ਘਣਤਾ (density) ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ।

**3. ਚਮੜੀ ਅਤੇ ਵਾਲਾਂ ਲਈ ਵਰਦਾਨ**

ਖਜੂਰ ਵਿੱਚ ਮੌਜੂਦ ਵਿਟਾਮਿਨ-ਸੀ ਅਤੇ ਵਿਟਾਮਿਨ-ਡੀ ਚਮੜੀ ਦੀ ਲਚਕਤਾ (elasticity) ਬਣਾਈ ਰੱਖਦੇ ਹਨ ਅਤੇ ਝੁਰੜੀਆਂ ਨੂੰ ਘੱਟ ਕਰਦੇ ਹਨ। ਇਸ ਦੇ ਐਂਟੀਆਕਸੀਡੈਂਟ ਗੁਣ ਚਮੜੀ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਂਦੇ ਹਨ। ਨਾਲ ਹੀ, ਆਇਰਨ ਅਤੇ ਵਿਟਾਮਿਨ-ਬੀ ਵਾਲਾਂ ਦੇ ਝੜਨ ਦੀ ਸਮੱਸਿਆ ਘੱਟ ਕਰਕੇ ਉਨ੍ਹਾਂ ਨੂੰ ਮਜ਼ਬੂਤ ਅਤੇ ਚਮਕਦਾਰ ਬਣਾਉਂਦੇ ਹਨ।

**4. ਪਾਚਨ ਪ੍ਰਣਾਲੀ ਨੂੰ ਦਰੁਸਤ ਰੱਖਣਾ**

ਖਜੂਰ ਫਾਈਬਰ ਦਾ ਇੱਕ ਬਿਹਤਰੀਨ ਸ੍ਰੋਤ ਹੈ, ਜੋ ਪਾਚਨ ਕਿਰਿਆ ਨੂੰ ਦਰੁਸਤ ਰੱਖਦਾ ਹੈ ਅਤੇ ਕਬਜ਼ ਤੋਂ ਰਾਹਤ ਦਿਵਾਉਂਦਾ ਹੈ। ਇਹ ਅੰਤੜੀਆਂ ਵਿੱਚ ਸਿਹਤਮੰਦ ਬੈਕਟੀਰੀਆ ਨੂੰ ਵਧਾਵਾ ਦੇ ਕੇ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ, ਜਿਸ ਨਾਲ ਪੇਟ ਸੰਬੰਧੀ ਸਮੱਸਿਆਵਾਂ ਦੂਰ ਰਹਿੰਦੀਆਂ ਹਨ।

**5. ਹਾਰਮੋਨਲ ਬੈਲੇਂਸ ਅਤੇ ਮੂਡ ਵਿੱਚ ਸੁਧਾਰ**

ਖਜੂਰ ਵਿੱਚ ਮੌਜੂਦ ਵਿਟਾਮਿਨ-ਬੀ6 ਅਤੇ ਮੈਗਨੀਸ਼ੀਅਮ ਹਾਰਮੋਨਲ ਬੈਲੇਂਸ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ, ਜਿਸ ਨਾਲ ਪੀ.ਐੱਮ.ਐੱਸ. (PMS) ਦੇ ਲੱਛਣ ਘੱਟ ਹੁੰਦੇ ਹਨ। ਇਹ ਸੇਰੋਟੋਨਿਨ ਵਰਗੇ ਨਿਊਰੋਟ੍ਰਾਂਸਮੀਟਰ ਨੂੰ ਵਧਾਵਾ ਦੇ ਕੇ ਮੂਡ ਨੂੰ ਬਿਹਤਰ ਬਣਾਉਂਦਾ ਹੈ ਅਤੇ ਤਣਾਅ ਘੱਟ ਕਰਦਾ ਹੈ।

**ਖੁਰਾਕ ਵਿੱਚ ਕਿਵੇਂ ਸ਼ਾਮਲ ਕਰੀਏ?**

ਰੋਜ਼ਾਨਾ 2-4 ਖਜੂਰ ਖਾਣਾ ਕਾਫੀ ਹੁੰਦਾ ਹੈ। ਇਸ ਨੂੰ ਸਵੇਰੇ ਨਾਸ਼ਤੇ ਵਿੱਚ ਦੁੱਧ ਦੇ ਨਾਲ ਜਾਂ ਸਮੂਦੀ ਵਿੱਚ ਮਿਲਾ ਕੇ ਲਿਆ ਜਾ ਸਕਦਾ ਹੈ। ਧਿਆਨ ਰਹੇ, ਸ਼ੂਗਰ ਦੇ ਮਰੀਜ਼ਾਂ ਅਤੇ ਗਰਭਵਤੀ ਔਰਤਾਂ ਨੂੰ ਡਾਕਟਰ ਤੋਂ ਪੁੱਛ ਕੇ ਹੀ ਇਸ ਨੂੰ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

# ਦੁੱਧ ਪੀਣ ਜਾਂ ਚਾਕਲੇਟ ਖਾਣ ਨਾਲ ਕੀ ਸੱਚਮੁੱਚ ਪਿੰਪਲ ਹੁੰਦੇ ਹਨ?

ਜ਼ਰਾ ਸੋਚੋ, ਕੱਲ੍ਹ ਤੁਹਾਡੇ ਦੋਸਤ ਦਾ ਵਿਆਹ ਹੈ ਜਾਂ ਕੋਈ ਖਾਸ ਡੇਟ ਹੈ ਅਤੇ ਅੱਜ ਸਵੇਰੇ ਜਿਵੇਂ ਹੀ ਤੁਸੀਂ ਸ਼ੀਸ਼ੇ ਵਿੱਚ ਚਿਹਰਾ ਦੇਖਿਆ... ਮੱਥੇ 'ਤੇ ਇੱਕ ਮੋਟਾ-ਜਿਹਾ ਲਾਲ ਪਿੰਪਲ ਤੁਹਾਡਾ ਸੁਆਗਤ ਕਰ ਰਿਹਾ ਹੈ। ਅਜਿਹੇ ਵਿੱਚ ਲੋਕਾਂ ਦਾ ਸ਼ੱਕ ਤੁਰੰਤ ਕੱਲ੍ਹ ਰਾਤ ਖਾਧੀ ਗਈ ਉਸ ਚਾਕਲੇਟ ਜਾਂ ਪੀਤੇ ਗਏ ਮਿਲਕਸ਼ੇਕ 'ਤੇ ਜਾਂਦਾ ਹੈ।

ਅਸੀਂ ਸਾਲਾਂ ਤੋਂ ਆਪਣੀਆਂ ਦਾਦੀਆਂ, ਨਾਨੀਆਂ ਅਤੇ ਦੋਸਤਾਂ ਤੋਂ ਸੁਣਦੇ ਆ ਰਹੇ ਹਾਂ। "ਚਾਕਲੇਟ ਨਾ ਖਾ, ਚਿਹਰਾ ਖਰਾਬ ਹੋ ਜਾਵੇਗਾ," ਪਰ ਕੀ ਸੱਚਮੁੱਚ ਤੁਹਾਡੀ ਮਨਪਸੰਦ ਚਾਕਲੇਟ ਤੁਹਾਡੀ ਸੁੰਦਰਤਾ ਨੂੰ ਵਿਗਾੜ ਰਹੀ ਹੈ ਜਾਂ ਇਹ ਸਿਰਫ਼ ਇੱਕ ਪੁਰਾਣਾ ਵਹਿਮ ਹੈ? ਅੱਜ ਅਸੀਂ ਡਰਮਾਟੋਲੋਜਿਸਟ ਡਾ. ਅੰਕੁਰ ਸਰੀਨ ਦੀ ਮਦਦ ਨਾਲ ਮੁਹਾਸੇ ਵਧਾਉਣ ਵਾਲੇ ਭੋਜਨਾਂ ਪਿੱਛੇ ਦੀ ਸੱਚਾਈ ਤੁਹਾਨੂੰ ਦੱਸਾਂਗੇ।



**ਚਾਕਲੇਟ** – ਬਹੁਤ ਸਾਰੇ ਲੋਕ ਮੰਨਦੇ ਹਨ ਕਿ ਚਾਕਲੇਟ ਖਾਣ ਨਾਲ ਮੁਹਾਸੇ ਹੁੰਦੇ ਹਨ ਪਰ ਇਹ ਪੂਰੀ ਤਰ੍ਹਾਂ ਸੱਚ ਨਹੀਂ ਹੈ। ਡਾ. ਅੰਕੁਰ ਦੇ ਅਨੁਸਾਰ, ਡਾਰਕ ਚਾਕਲੇਟ ਖਾਣਾ ਬਿਲਕੁਲ ਸੁਰੱਖਿਅਤ ਹੈ ਅਤੇ ਇਸ ਨਾਲ ਮੁਹਾਸੇ ਨਹੀਂ ਹੁੰਦੇ। ਦੱਸ ਦੇਈਏ ਅਸਲੀ ਸਮੱਸਿਆ ਮਿਲਕ ਚਾਕਲੇਟ ਵਿੱਚ ਹੈ। ਮਿਲਕ ਚਾਕਲੇਟ ਵਿੱਚ ਚੀਨੀ ਅਤੇ ਦੁੱਧ ਹੁੰਦਾ ਹੈ, ਜੋ ਮੁਹਾਸਿਆਂ ਦਾ ਕਾਰਨ ਬਣ ਸਕਦਾ ਹੈ।

**ਕੌਫੀ**– ਜੇ ਤੁਸੀਂ ਕੌਫੀ ਦੇ ਸ਼ੌਕੀਨ ਹੋ ਤਾਂ ਸੁੱਖ ਦਾ ਸਾਹ ਲਓ। ਕੌਫੀ ਆਪਣੇ ਆਪ ਵਿੱਚ ਮੁਹਾਸਿਆਂ ਦਾ ਕਾਰਨ ਨਹੀਂ ਬਣਦੀ ਹੈ। ਹਾਲਾਂਕਿ ਜਦੋਂ ਤੁਸੀਂ ਕੌਫੀ ਵਿੱਚ ਦੁੱਧ ਅਤੇ ਚੀਨੀ ਮਿਲਾਉਂਦੇ ਹੋ ਤਾਂ ਇਹ ਸੁਮੇਲ (combination) ਚਮੜੀ ਲਈ ਨੁਕਸਾਨਦੇਹ ਹੋ ਸਕਦਾ ਹੈ।

**ਚੀਨੀ ਤੇ ਫਲਾਂ ਦਾ ਜੂਸ** – ਚੀਨੀ ਅਤੇ ਬਾਜ਼ਾਰ ਵਿੱਚ ਮਿਲਣ ਵਾਲੇ ਜੂਸ ਮੁਹਾਸੇ (Acne) ਦਾ ਵੱਡਾ ਕਾਰਨ ਹਨ। ਸ਼ੂਗਰ ਅਤੇ ਜੂਸ ਸਰੀਰ ਵਿੱਚ ਇਨਸੁਲਿਨ ਨੂੰ ਤੇਜ਼ੀ ਨਾਲ ਵਧਾਉਂਦੇ ਹਨ, ਜਿਸ ਨਾਲ ਚਮੜੀ ਵਿੱਚ ਤੇਲ ਦਾ ਉਤਪਾਦਨ (Oil Production) ਵੱਧਦਾ ਹੈ ਅਤੇ ਮੁਹਾਸੇ ਨਿਕਲ ਆਉਂਦੇ ਹਨ।

**ਫਲ** – ਜ਼ਿਆਦਾਤਰ ਸਾਬੂਤ ਫਲ ਮੁਹਾਸਿਆਂ ਦਾ ਕਾਰਨ ਨਹੀਂ ਬਣਦੇ ਹਨ। ਉਹ ਸੁਰੱਖਿਅਤ ਹਨ। ਹਾਲਾਂਕਿ ਬਹੁਤ ਜ਼ਿਆਦਾ ਗਲਾਈਸੈਮਿਕ ਇੰਡੈਕਸ (High-GI) ਵਾਲੇ ਫਲਾਂ ਦਾ ਜ਼ਿਆਦਾ ਸੇਵਨ ਕਰਨ ਨਾਲ ਸਮੱਸਿਆ ਵਧ ਸਕਦੀ ਹੈ ਪਰ ਆਮ ਤੌਰ 'ਤੇ ਫਲ ਖਾਣਾ ਸੁਰੱਖਿਅਤ ਹੈ।

**ਦੁੱਧ ਤੇ ਵ੍ਹੀ ਪ੍ਰੋਟੀਨ** – ਜਿੰਮ ਜਾਣ ਵਾਲਿਆਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਵ੍ਹੀ ਪ੍ਰੋਟੀਨ ਮੁਹਾਸਿਆਂ ਨੂੰ ਖਾਸ ਕਰਕੇ ਹਾਰਮੋਨਲ ਮੁਹਾਸਿਆਂ (Hormonal Acne) ਨੂੰ ਵਧਾ ਸਕਦਾ ਹੈ। ਇਹ ਸਰੀਰ ਵਿੱਚ ਇਨਸੁਲਿਨ ਅਤੇ IGF-1 ਦੇ ਪੱਧਰ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਦੁੱਧ ਅਤੇ ਖਾਸ ਤੌਰ 'ਤੇ ਸਕਿਮ ਮਿਲਕ, ਮੁਹਾਸਿਆਂ ਨਾਲ ਜੁੜਿਆ ਹੋਇਆ ਹੈ ਕਿਉਂਕਿ ਇਸ ਵਿੱਚ ਹਾਰਮੋਨ ਅਤੇ ਵ੍ਹੀ ਦੀ ਮਾਤਰਾ ਹੁੰਦੀ ਹੈ।

**ਦਹੀਂ** – ਜ਼ਿਆਦਾਤਰ ਲੋਕਾਂ ਲਈ ਦਹੀਂ ਸੁਰੱਖਿਅਤ ਹੈ ਕਿਉਂਕਿ ਇਹ ਇੱਕ ਫਰਮੈਂਟਡ ਫੂਡ ਹੈ, ਇਹ ਪੇਟ ਲਈ ਚੰਗਾ ਹੁੰਦਾ ਹੈ। ਹਾਲਾਂਕਿ ਜੇਕਰ ਤੁਹਾਡਾ ਸਰੀਰ ਡੇਅਰੀ ਉਤਪਾਦਾਂ ਨੂੰ ਲੈ ਕੇ












# ਰਾਸ਼ੀਫਲ

**ਮੇਖ :** ਬਹੁਤ ਜ਼ਿਆਦਾ ਚਿੰਤਾ ਅਤੇ ਤਨਾਵ ਦੀ ਆਦਤ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਮਾਨਸਿਕ ਸਪਸ਼ਟਤਾ ਬਣਾਈ ਰੱਖਣ ਲਈ ਸ਼ੰਕਾ ਅਤੇ ਚਿੜਚਿੜੇਪਨ ਤੋਂ ਛੁੱਟਕਾਰਾ ਪਾਉ। ਅੱਜ ਬਿਨਾਂ ਕਿਸੇ ਦੀ ਸਲਾਹ ਲਏ ਕਿਸੇ ਵੀ ਤਰਾਂ ਦਾ ਪੈਸਾ ਨਿਵੇਸ਼ ਨਾ ਕਰੋ। ਪੁਰਾਣੇ ਸੰਪਰਕਾਂ ਨੂੰ ਮਿਲਣ ਜੁਲਣ ਅਤੇ ਪੁਰਾਣੇ ਰਿਸ਼ਤਿਆਂ ਨੂੰ ਤਰੋਤਾਜ਼ਾ ਕਰਨ ਲਈ ਵਧੀਆ ਦਿਨ ਹੈ। ਤੁਸੀ ਅੱਲਗ ਕਿਸਮ ਨਾਲ ਰੋਮਾਂਸ ਦਾ ਅਨੁਭਵ ਕਰ ਸਕਦੇ ਹੋ। ਕੰਮ ਦਾ ਅਤੇ ਘਰ ਦਾ ਦਬਾਅ ਤੁਹਾਨੂੰ ਥੋੜਾ ਗੁੱਸੇ ਵਾਲਾ ਬਣਾ ਸਕਦਾ ਹੈ। ਆਪਣੇ ਜਿਗਰੀ ਯਾਰਾਂ ਦੇ ਨਾਲ ਅੱਜ ਤੁਸੀ ਖਾਲੀ ਸਮੇਂ ਦਾ ਆਨੰਦ ਲੈਣ ਦਾ ਵਿਚਾਰ ਬਣ ਸਕਦੇ ਹੋ। ਜੀਵਨ ਸਾਥੀ ਦੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਰਨ ਦਾ ਭਰਪੂਰ ਸਮਾਂ ਹੈ।

**ਬ੍ਰਿਸ਼ਭ:** ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋ ਬੇਝਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਅੱਜ ਤੁਹਾਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਕੀ ਕੀਮਤ ਹੈ ਅਤੇ ਇਸ ਨੂੰ ਫਜ਼ੂਲ ਚੀਜਾਂ ਤੇ ਖਰਚਣ ਨਾਲ ਭਵਿੱਖ ਵਿਚ ਤੁਹਾਨੂੰ ਕਿੰਨਾ ਨੁਕਸਾਨ ਹੋ ਸਕਦਾ ਹੈ। ਤੁਹਾਡੇ ਵਿਚੋਂ ਕੁਝ ਗਹਿਣੇ ਜਾਂ ਘਰੇਲੂ ਸਾਮਾਨ ਖਰੀਦ ਸਕਦੇ ਹਨ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਵਪਾਰਕ ਸ਼ੋ ਅਤੇ ਸੈਮਿਨਾਰਾਂ ਆਦਿ ਵਿਚ ਭਾਗੀਦਾਰੀ ਤੁਹਾਡੇ ਵਪਾਰਕ ਸੰਪਰਕਾਂ ਵਿਚ ਸੁਧਾਰ ਲਿਆਵੇਗੀ। ਅੱਜ ਤੁਸੀ ਬਿਨਾਂ ਦੱਸੇ ਇਕੱਲੇ ਹੀ ਸਮਾਂ ਬਿਤਾਉਣ ਲਈ ਘਰ ਤੋਂ ਬਾਹਰ ਜਾ ਸਕਦੇ ਹੋ ਭਾਂਵੇ ਤੁਸੀ ਇਕੱਲੇ ਹੋਵੋਂਗੇ ਉੱਥੇ ਲੱਖਾ ਚੀਜ਼ਾਂ ਤੁਹਾਡੇ ਦਿਮਾਗ ਵਿਚੋਂ ਜਾ ਰਹੀਆਂ ਹੋਣਗੀਆਂ। ਹਾਲ ਹੀ ਵਿਚ ਪਿਛਲੇ ਸਮੇਂ ਆਈਆਂ ਔਕੜਾਂ ਦੇ ਬਾਵਜੂਦ, ਅੱਜ ਤੁਹਾਡਾ ਜੀਵਨਸਾਥੀ ਤੁਹਾਡੀ ਉਨਾਂ ਚੰਗੀਆਂ ਭਾਵਨਾਵਾਂ ਨੂੰ ਦਰਸਾਏਗਾ ਜੋ ਉਸ ਲਈ ਤੁਹਾਡੇ ਨਾਲ ਹੈ।

**ਮਿਥੁਨ:** ਭਾਵਨਾਵਾਂ ਦੀ ਰਫਤਾਰ ਤੇਜ਼ ਹੋਵੇਗੀ ਤੁਹਾਡਾ ਵਿਵਹਾਰ ਆਸ ਪਾਸ ਦੇ ਲੋਕਾਂ ਵਿਚ ਉਲਝਣ ਪੈਦਾ ਕਰੇਗਾ ਜੇਕਰ ਤੁਸੀ ਤੁਰੰਤ ਨਤੀਜਾ ਚਾਹੋਂਗੇ ਤਾਂ ਉਦਾਸੀ ਤੁਹਾਨੂੰ ਘੇਰ ਸਕਦੀ ਹੈ। ਦਿਨ ਭਰ ਜੇਕਰ ਤੁਸੀ ਪੈਸੇ ਨੂੰ ਲੈ ਕੇ ਜੁਝਦੇ ਰਹੇ ਪਰੰਤੂ ਸ਼ਾਮ ਦੇ ਸਮੇਂ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ। ਤੁਹਾਨੂੰ ਆਪਣੇ ਨਿੱਤ ਦੇ ਕੰਮਾਂ ਤੋਂ ਛੁੱਟੀ ਲੈ ਕੇ ਅੱਜ ਦੋਸਤਾਂ ਦੇ ਨਾਲ ਘੁੰਮਣ ਜਾਣ ਦਾ ਪ੍ਰਗਰਾਮ ਬਣਾਉਣਾ ਚਾਹੀਦਾ ਹੈ। ਸੱਚੇ ਅਤੇ ਪਵਿੱਤਰ ਪ੍ਰੇਮ ਦਾ ਤਜ਼ਰਬਾ ਕਰੋ। ਯੋਗ ਕਰਮਚਾਰੀਆਂ ਨੂੰ ਤਰੱਕੀ ਅਤੇ ਆਰਥਿਕ ਮੁਨਾਫਾ ਹੋ ਸਕਦਾ ਹੈ। ਯਾਤਰਾ ਕਰਨਾ ਲਾਭਦਾਇਕ ਪ੍ਰੰਤੂ ਮਹਿੰਗਾ ਸਾਬਿਤ ਰਹੇਗਾ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਖੁਸ਼ ਕਰਨ ਦੇ ਲਈ ਕਾਫੀ ਯਤਨ ਕਰੇਗਾ।

**ਕਰਕ :** ਸਰੀਰਕ ਅਤੇ ਮਾਨਸਿਕ ਬਿਮਾਰੀ ਦੀ ਜੜ ਦੁੱਖ ਹੋ ਸਕਦਾ ਹੈ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਪਰਿਵਾਰ ਦੇ ਮੈਂਬਰਾਂ ਦੀ ਮਦਦ ਕਰਨ ਲਈ ਆਪਣੇ ਖਾਲੀ ਸਮੇਂ ਦਾ ਪ੍ਰਯੋਗ ਕਰੋ। ਅੱਜ ਤੁਹਾਡੀ ਕੋਈ ਬੁਰੀ ਆਦਤ ਤੁਹਾਡੇ ਪਿਆਰ ਨੂੰ ਮਾੜੀ ਲੱਗ ਸਕਦੀ ਹੈ ਅਤੇ ਉਹ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਅੱਜ ਤੁਸੀ ਲੈਕਚਰ ਅਤੇ ਸੈਮੀਨਾਰ ਵਿਚ ਹਿੱਸਾ ਲੈ ਕੇ ਕਈਂ ਨਵੇਂ ਵਿਚਾਰ ਪਾ ਸਕਦੇ ਹੋ। ਯਾਤਰਾ ਅਤੇ ਸਿੱਖਿਆ ਨਾਲ ਜੁੜੇ ਕੰਮ ਤੁਹਾਡੀ ਜਾਗਰੁਕਤਾ ਵਿਚ ਵਾਧਾ ਕਰ ਸਕਦੇ ਹਨ। ਅੱਜ ਤੁਸੀ ਵਿਆਹੁਤ ਜਿੰਦਗੀ ਵਿਚ ਇਕ ਚੰਗਾ ਰਾਤ ਦਾ ਖਾਣਾ ਤੇ ਨਾਲ ਇਕ ਚੰਗੀ ਰਾਤ ਦੀ ਉਮੀਦ ਕਰੋਂਗੇ।

**ਸਿੰਘ:** ਚੋਕੰਨੇ ਰਹੋ ਕਿਉਂ ਕਿ ਕੋਈ ਤੁਹਾਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ ਤਣਾਅ ਅਤੇ ਚਿੰਤਾ ਵਿਚ ਵਾਧਾ ਸੰਭਵ ਹੈ। ਤੁਸੀ ਜੀਵਨ ਵਿਚ ਪੈਸੇ ਦੀ ਅਹਿਮੀਅਤ ਨੂੰ ਨਹੀਂ ਸਮਝਦੇ ਪਰ ਅੱਜ ਤੁਹਾਨੂੰ ਪੈਸੇ ਦੀ ਅਹਿਮੀਅਤ ਸਮਝ ਆ ਸਕਦੀ ਹੈ ਕਿਉਂ ਕਿ ਅੱਜ ਤੁਹਾਨੂੰ ਪੈਸੇ ਦੀ ਬਹੁਤ ਲੋੜ ਹੋਵੇਗੀ। ਪਰੰਤੂ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਤੁਹਾਡੇ ਮਾਤਾ ਪਿਤਾ ਦੀ ਚਿੰਤਾ ਅਤੇ ਘਬਰਾਹਟ ਦਾ ਕਾਰਨ ਬਣ ਸਕਦੀ ਹੈ। ਅਚਾਨਕ ਹੋਈ ਰੋਮਾਂਟਿਕ ਮੁਲਾਕਾਤ ਤੁਹਾਨੂੰ ਉਲਝਣ ਵਿਚ ਪਾ ਸਕਦੀ ਹੈ। ਜੋ ਕਲਾ ਅਤੇ ਰੰਗਮੰਚ ਆਦਿ ਨਾਲ ਜੁੜੇ ਹੋਏ ਹਨ ਉਨਾਂ ਨੂੰ ਅੱਜ ਆਪਣਾ ਕੋਸ਼ਲ ਦਿਖਾਉਣ ਦੇ ਕਈਂ ਨਵੇਂ ਮੋਕੇ ਮਿਲਣਗੇ। ਤੁਹਾਨੂੰ ਅੱਜ ਲੋਕਾਂ ਨਾਲ ਗੱਪੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਇਹ ਤੁਹਾਡਾ ਬਹੁਤਾ ਸਮਾਂ ਖਾਂਦਾ ਹੈ। ਤੁਸੀ ਅੱਜ ਆਪਣੇ ਜੀਵਨਸਾਥੀ ਦੀ ਨਿੱਘ ਮਹਿਸੂਸ ਕਰ ਸਕਦੇ ਹੋ।

**ਕੰਨਿਆ:** ਅੱਜ ਅਤੀਤ ਦੇ ਗਲਤ ਫੈਸਲੇ ਮਾਨਸਿਕ ਅਸ਼ਾਤੀ ਅਤੇ ਕਲੇਸ਼ ਦੀ ਵਜਾਹ ਬਣਨਗੇ ਤੁਸੀ ਖੁਦ ਨੂੰ ਇਕੱਲਾ ਰੱਖੋਂਗੇ ਅਤੇ ਸਹੀ ਗਲਤ ਦਾ ਫੈਂਸਲਾ ਕਰਨ ਵਿਚ ਅਸਮਰਥ ਮਹਿਸੂਸ ਕਰਨਗੇ। ਦੂਜਿਆਂ ਦੀ ਸਲਾਹ ਲਵੋ। ਅੱਜ ਦੇ ਦਿਨ ਤੁਸੀ ਉਰਜਾ ਨਾਲ ਇਕਮਿਕ ਰਹੋਂਗੇ ਅਤੇ ਸੰਭਵ ਹੈ ਕਿ ਅਚਾਨਕ ਅਣਦੇਖਿਆ ਲਾਭ ਵੀ ਮਿਲੇ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਤੁਹਾਨੂੰ ਆਪਣਾ ਸੁਨੇਹਾ ਆਪਣੇ ਪਿਆਰੇ ਨੂੰ ਦੇਣ ਚਾਹੀਦਾ ਹੈ ਕੱਲ੍ਹ ਤੱਕ ਬਹੁਤ ਦੇਰ ਹੋ ਸਕਦੀ ਹੈ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਤੁਸੀ ਆਪਣੇ ਜੀਵਨਸਾਥੀ ਨੂੰ ਕੁਝ ਮਾਮਲਿਆਂ ਵਿਚ ਮਨਜ਼ੂਰੀ ਦੇ ਸਕਦੇ ਹੋ ਜਿਸ ਨਾਲ ਲੜਾਈ ਵੀ ਹੋ ਸਕਦੀ ਹੈ।

**ਤੁਲਾ:** ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਜਿਨਾਂ ਲੋਕਾਂ ਨੇ ਲੋਨ ਲਿਆ ਸੀ ਅੱਜ ਉਨਾਂ ਨੂੰ ਉਸ ਲੋਨ ਦੀ ਰਾਸ਼ੀ ਨੂੰ ਵਾਪਸ ਕਰਨ ਵਿਚ ਮੁਸ਼ਕਿਲ ਆ ਸਕਦੀ ਹੈ। ਤੁਹਾਨੂੰ ਆਪਣੀਆਂ ਭਾਵਨਾਵਾਂ ਨੂੰ ਨਿਯੰਤਰਿਤ ਕਰਨ ਵਿਚ ਮੁਸ਼ਕਿਲ ਹੋਵੇਗੀ ਪਰੰਤੂ ਆਸ ਪਾਸ ਦੇ ਲੋਕਾਂ ਨਾਲ ਝਗੜਾ ਨਾ ਕਰੋ ਨਹੀਂ ਤਾਂ ਤੁਸੀ ਇਕੱਲੇ ਰਹਿ ਜਾਵੋਂਗੇ। ਤੁਹਾਡੀ ਪਿਆਰ ਭਰੀ ਜ਼ਿੰਦਗੀ ਅੱਜ ਤੁਹਾਡੇ ਲਈ ਸੱਚਮੁੱਚ ਸ਼ਾਨਦਾਰ ਰਹਿਣ ਵਾਲੀ ਹੈ। ਇਸ ਰਾਸ਼ੀ ਦੇ ਚਿੰਨ੍ਹ ਵਾਲੇ ਨੂੰ ਕੰਮਕਾਰ ਵਿਚ ਜਰੂਰਤ ਤੋਂ ਜਿਆਦਾ ਬੋਲਣ ਤੋਂ ਬਚਣਾ ਚਾਹੀਦਾ ਹੈ ਨਹੀਂ ਤਾਂ ਤੁਹਾਡੀ ਈਮੇਜ਼ ਤੇ ਮਾੜਾ ਅਸਰ ਪੈ ਸਕਦਾ ਹੈ ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਕਿਸੇ ਪੁਰਾਣੇ ਨਿਵੇਸ਼ ਦੀ ਵਜਾਹ ਨਾਲ ਅੱਜ ਘਾਟਾ ਹੋਣ ਦੀ ਸੰਭਾਵਨਾ ਹੈ। ਤੁਹਾਡੇ ਸੰਚਾਰੀ ਹੁੱਨਰ ਪ੍ਰਭਾਵਸ਼ਾਲੀ ਹੋਣਗੇ। ਅੱਜ ਸ਼ਾਇਦ ਦੁਨੀਆਂ ਤਬਾਹੀ ਮਚਾ ਦੇਵੇ ਪਰ ਤੁਸੀ ਆਪਣੇ ਜੀਵਨਸਾਥੀ ਦੀਆਂ ਬਾਹਾਂ ਤੋਂ ਬਾਹਰ ਨਹੀਂ ਆ ਸਕੋਂਗੇ।

**ਬ੍ਰਿਸ਼ਚਕ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਤੁਸੀ ਜੀਵਨ ਵਿਚ ਪੈਸੇ ਦੀ ਅਹਿਮੀਅਤ ਨੂੰ ਨਹੀਂ ਸਮਝਦੇ ਪਰ ਅੱਜ ਤੁਹਾਨੂੰ ਪੈਸੇ ਦੀ ਅਹਿਮੀਅਤ ਸਮਝ ਆ ਸਕਦੀ ਹੈ ਕਿਉਂ ਕਿ ਅੱਜ ਤੁਹਾਨੂੰ ਪੈਸੇ ਦੀ ਬਹੁਤ ਲੋੜ ਹੋਵੇਗੀ। ਪਰੰਤੂ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਤੁਹਾਡੇ ਜੀਵਨਸਾਥੀ ਦੀ ਸਿਹਤ ਤਣਾਨ ਅਤੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਪਿਆਰ ਭਰੀ ਜ਼ਿੰਦਗੀ ਆਸ ਲੈ ਕੇ ਆਵੇਗੀ। ਤੁਸੀ ਖੁਦ ਨੂੰ ਉਰਜਾ ਨਾਲ ਇਕਮਿਕ ਮਹਿਸੂਸ ਕਰ ਰਹੇ ਹੋਵੋਂਗੇ ਇਸ ਉਰਜਾ ਦਾ ਪ੍ਰਯੋਗ ਕੰਮ ਕਾਰ ਵਿਚ ਕਰੋ ਤੁਹਾਨੂੰ ਆਪਣੇ ਦਾਇਰੇ ਤੋਂ ਬਾਹਰ ਨਿਕਲਕੇ ਅਤੇ ਕੂਹਣੀਆਂ ਰਗੜ ਕੇ ਉੱਚੇ ਸਥਾਨਾਂ ਤੇ ਲੋਕਾਂ ਨਾਲ ਮਿਲਣ ਜੁਲਣ ਦੀ ਲੋੜ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਖੁਸ਼ਹਾਲ ਵਿਆਹੁਤਾ ਜੀਵਨ ਨੂੰ ਕਿਸ ਤਰਾਂ ਮਹਿਸੂਸ ਕੀਤਾ ਜਾਂਦਾ ਹੈ।

**ਧਨੂੰ:** ਤੁਸੀਂ ਆਪਣੀ ਭਾਵਨਾਵਾਂ ਉੱਪਰ ਕਾਬੂ ਰੱਖਣ ਵਿਚ ਦਿੱਕਤ ਮਹਿਸੂਸ ਕਰੋਂਗੇ ਤੁਹਾਡਾ ਅਜੀਬ ਰਵੱਈਆ ਲੋਕਾਂ ਨੂੰ ਅਚੰਭਤ ਕਰੇਗਾ ਅਤੇ ਇਸ ਲਈ ਤੁਹਾਡੇ ਵਿਚ ਚਿੜਚਿੜਾਪਨ ਪੈਦਾ ਕਰੇਗਾ। ਬਿਨਾਂ ਕਿਸੇ ਦੀ ਮਦਦ ਲਏ ਤੁਸੀ ਪੈਸਾ ਕਮਾਉਣ ਵਿਚ ਸਫਲ ਹੋ ਸਕਦੇ ਹੋ ਤੁਹਾਨੂੰ ਆਪਣੇ ਆਪ ਤੇ ਵਿਸ਼ਵਾਸ਼ ਕਰਨ ਦੀ ਲੋੜ ਹੈ। ਤੁਹਾਡੇ ਮਾਤਾ ਪਿਤਾ ਦੀ ਸਿਹਤ ਤੇ ਜ਼ਿਆਦਾ ਧਿਆਨ ਦਿੱਤੇ ਜਾਣ ਦੀ ਲੋੜ ਹੈ। ਰਤੀ ਤੁਹਾਡੀ ਜ਼ਿੰਦਗੀ ਵਿਚ ਪਿਆਰ ਦੀ ਵਰਖਾ ਨਾਲ ਤੁਹਾਡੇ ਵੱਲ ਆ ਰਹੇ ਹਨ ਤੁਹਾਨੂੰ ਸਿਰਫ ਇਹ ਲੋੜ ਹੈ ਕਿ ਤੁਹਾਡੇ ਆਲੇ ਦੁਆਲੇ ਕੀ ਹੋ ਰਿਹਾ ਹੈ। ਅੱਜ ਦਫਤਰ ਵਿਚ ਤੁਹਾਨੂੰ ਅਜਿਹਾ ਕੰਮ ਮਿਲ ਸਕਦਾ ਹੈ ਜਿਸ ਨੂੰ ਤੁਸੀ ਹਮੇਸ਼ਾ ਤੋਂ ਕਰਨਾ ਚਾਹੁੰਦੇ ਹੋ। ਤੁਹਾਡਾ ਤੇਜੀ ਨਾਲ ਪਰਖਣ ਤੁਹਾਨੂੰ ਦੂਜਿਆਂ ਤੋਂ ਅੱਗੇ ਰਹਿਣ ਵਿਚ ਸਹਾਇਤਾ ਕਰੇਗਾ। ਜੀਵਨਸਾਥੀ ਦੀ ਵਜਾਹ ਨਾਲ ਮਹਿਸੂਸ ਹੋਵੇਗਾ ਕਿ ਉਨਾਂ ਦੇ ਦੁਨੀਆਂ ਵਿਚ ਤੁਸੀ ਹੀ ਖਾਸ ਹੋ।

**ਮਕਰ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਅੱਜ ਸਫਲਤਾ ਦਾ ਮੰਤਰ ਇਹ ਹੈ ਕਿ ਉਨਾਂ ਲੋਕਾਂ ਦੀ ਸਲਾਹ ਤੇ ਪੈਸੇ ਲਗਾਉ ਜੋ ਮੌਲਿਕ ਸੋਚ ਰੱਖਦੇ ਹਨ ਅਤੇ ਅਨੁਭਵੀ ਵੀ ਹਨ। ਮਾਤਾ ਪਿਤਾ ਦੇ ਨਾਲ ਆਪਣੀਆਂ ਖੁਸ਼ੀਆਂ ਸਾਂਝੀਆ ਕਰੋ ਉਨਾਂ ਨੂੰ ਮਹਿਸੂਸ ਕਰਨ ਦਿਉ ਕਿ ਤੁਹਾਡੇ ਲਈ ਉਨਾਂ ਦੀ ਕਿੰਨੀ ਅਹਿਮੀਅਤ ਹੈ ਇਕੱਲੇਪਣ ਦਾ ਅਹਿਸਾਸ ਆਪਣੇ ਆਪ ਖਤਮ ਹੋ ਜਾਵੇਗਾ ਅਜਿਹੀ ਜ਼ਿੰਦਗੀ ਦਾ ਕੀ ਲਾਭ ਜੇਕਰ ਅਸੀ ਇਕ ਦੂਜੇ ਦੀਆਂ ਮੁਸ਼ਕਿਲਾਂ ਆਸਾਨ ਨਾ ਬਣਾ ਸਕੀਏ। ਇਹ ਦਿਨ ਖੁਸ਼ੀ ਭਰਿਆ ਅਤੇ ਜ਼ਿੰਦਾ ਦਿਲੀ ਦੇ ਨਾਲ ਕੁਝ ਖਾਸ ਸੰਦੇਸ਼ ਵੀ ਦੇਵੇਗਾ। ਆਪਣੀ ਨੋਕਰੀ ਵਿਚ ਲੱਗੇ ਰਹੋ ਅਤੇ ਦੂਜਿਆਂ ਤੋਂ ਉਮੀਦ ਨਾ ਕਰੋ ਕਿ ਉਹ ਆ ਕੇ ਤੁਹਾਡੀ ਮਦਦ ਕਰਨਗੇ। ਮਹੱਤਵਪੂਰਨ ਕੰਮਾਂ ਨੂੰ ਸਮਾਂ ਨਾ ਦੇਣਾ ਅਤੇ ਫਿਜ਼ੂਲ ਦੀਆਂ ਚੀਜ਼ਾਂ ਤੇ ਸਮਾਂ ਖਰਾਬ ਕਰਨਾ ਅੱਜ ਤੁਹਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

**ਕੁੰਭ:** ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਸ ਨਾਲ ਤੁਹਾਡੀ ਨੀਂਦ ਵਿਚ ਖਲਲ ਪੈ ਸਕਦੀ ਹੈ ਅਤੇ ਤੁਸੀ ਗਹਿਰੇ ਆਰਾਮ ਤੋ ਦੂਰ ਰਹਿ ਸਕਦੇ ਹੋ। ਅੱਜ ਤੁਹਾਨੂੰ ਪੈਸੇ ਨਾਲ ਜੁੜੀ ਸਮੱਸਿਆ ਆ ਸਕਦੀ ਹੈ ਅਤੇ ਜਿਸ ਨੂੰ ਸੁਲਝਾਉਣ ਲਈ ਤੁਸੀ ਆਪਣੇ ਪਿਤਾ ਜਾਂ ਕਿਸੇ ਵੱਡੇ ਦੀ ਮਦਦ ਲੈ ਸਕਦੇ ਹੋ। ਬੱਚੇ ਤੁਹਾਨੂੰ ਆਪਣੀਆਂ ਉਪਲਬਧੀਆਂ ਨਾਲ ਗਰਵ ਦਾ ਅਨੁਭਵ ਕਰਾਉਣਗੇ। ਸਾਵਧਾਨ ਰਹੋ ਤੁਹਾਡੇ ਨਾਲ ਕੋਈ ਛੇੜਖਾਨੀ ਕਰ ਸਕਦਾ ਹੈ। ਕੰਮਕਾਰ ਵਿਚ ਤੁਸੀ ਤਾਰੀਫ ਪਾਉਂਗੇ। ਸਮੇਂ ਤੋ ਵੱਧ ਕੇ ਕੁਝ ਨਹੀਂ ਹੁੰਦਾ ਇਸ ਲਈ ਤੁਸੀ ਸਮੇਂ ਦਾ ਸਦਉਪਯੋਗ ਕਰਦੇ ਰਹੋ ਪਰੰਤੂ ਕਈਂ ਵਾਰ ਤੁਹਾਡੇ ਜੀਵਨ ਨੂੰ ਲਚੀਲਾ ਬਣਾਉਣ ਦੀ ਲੋੜ ਵੀ ਹੁੰਦੀ ਹੈ ਅਤੇ ਆਪਣੇ ਘਰ ਪਰਿਵਾਰ ਦੇ ਨਾਲ ਸਮਾਂ ਬਿਤਾਉਣ ਦੀ ਲੋੜ ਹੈ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਦਾ ਸਖਤ ਅਤੇ ਰੁਖੇ ਪਹਿਲੂ ਦਾ ਅਨੁਭਵ ਹੋ ਸਕਦਾ ਹੈ ਜਿਸਦੇ ਚਲਦੇ ਤੁਸੀ ਅਸਿਹਜ ਮਹਿਸੂਸ ਕਰੋਂਗੇ।

**ਮੀਨ:** ਦੋਸਤ ਦੀ ਬੇਰੁੱਖੀ ਤੁਹਾਨੂੰ ਨਾਰਾਜ਼ ਕਰੇਗੀ। ਪਰੰਤੂ ਖੁਦ ਨੂੰ ਸ਼ਾਤ ਰੱਖੋ ਇਸ ਗੱਲ ਨੂੰ ਪਰੇਸ਼ਾਨੀ ਨਾ ਬਣਨ ਦਿਉ ਅਤੇ ਇਸ ਤੋਂ ਬਚਨ ਦੀ ਕੋਸ਼ਿਸ਼ ਕਰੋ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਤੁਸੀ ਅੱਜ ਜਾਣੋਗੇ ਕਿ ਤੁਹਾਡੇ ਪਾਰਟਨਰ ਦਾ ਤੁਹਾਡੇ ਪ੍ਰਤੀ ਪਿਆਰ ਵਾਕਈ ਸੱਚਾ ਤੇ ਆਤਮਿਕ ਹੈ। ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਕਾਰੋਬਾਰ ਦੇ ਸਿਲਸਿਲੇ ਵਿਚ ਅਣਚਾਹੀ ਯਾਤਰਾ ਕਰਨੀ ਪੈ ਸਕਦੀ ਹੈ। ਇਹ ਤੁਹਾਨੂੰ ਮਾਨਸਿਕ ਤਣਾਵ ਦੇ ਸਕਦਾ ਹੈ ਨੋਕਰੀ ਪੇਸ਼ੇ ਵਾਲੇ ਲੋਕਾਂ ਨੂੰ ਅੱਜ ਦਫਤਰ ਵਿਚ ਇੱਧਰ ਉੱਧਰ ਦੀਆਂ ਗੱਲਾਂ ਕਰਨ ਤੋਂ ਬਚਣਾ ਚਾਹੀਦਾ ਹੈ। ਤੁਹਾਡਾ ਵਿਅਰਤਿਤਵ ਅਜਿਹਾ ਹੈ ਕਿ ਜਿਆਦਾ ਲੋਕਾਂ ਨਾਲ ਮਿਲ ਕੇ ਤੁਸੀ ਪਰੇਸ਼ਾਨ ਹੋ ਜਾਂਦੇ ਹੋ ਅਤੇ ਫਿਰ ਆਪਣੇ ਲਈ ਸਮਾਂ ਕੱਢਣ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹੋ। ਇਸ ਲਿਹਾਜ਼ ਨਾਲ ਅੱਜ ਦਾ ਦਿਨ ਤੁਹਾਡੇ ਲਈ ਬਹੁਤ ਉਮੀਦ ਵਾਲਾ ਰਹਿਣ ਵਾਲਾ ਹੈ ਅੱਜ ਤੁਹਾਨੂੰ ਆਪਣੇ ਲਈ ਸਹੀ ਸਮਾਂ ਮਿਲੇਗਾ। ਵਿਆਹ ਤੋਂ ਬਾਅਦ ਪਿਆਰ ਕਰਨਾ ਮੁਸ਼ਕਿਲ ਲਗਦਾ ਹੈ ਪਰੰਤੂ ਇਹ ਤੁਹਾਡੇ ਨਾਲ ਦਿਨ ਭਰ ਹੁੰਦਾ ਰਹਿੰਦਾ ਹੈ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ...

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਸ਼ਾਹ ਮੁਹੰਮਦ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖੀਆਂ ਗਈਆਂ ਇਹ ਸਤਰਾਂ ਬਿਲਕੁੱਲ ਸੱਚ ਹਨ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਏਨਾਂ ਮਹਾਨ ਸੀ ਕਿ ਅੱਜ ਵੀ ਪੰਜਾਬੀ ਉਸ ਦੇ ਰਾਜ ਦੀਆਂ ਬਾਤਾਂ ਪਾਉਂਦੇ ਥੱਕਦੇ ਨਹੀਂ ਹਨ।

12 ਨਵੰਬਰ 1780 ਨੂੰ ਗੁਜਰਾਂਵਾਲ ਵਿਖੇ ਪਿਤਾ ਮਹਾਂ ਸਿੰਘ ਦੇ ਘਰ ਜਨਮੇਂ ਰਣਜੀਤ ਸਿੰਘ ਦੀ ਇਤਿਹਾਸ ਨੂੰ ਬਹੁਤ ਵੱਡੀ ਦੇਣ ਹੈ। ਰਣਜੀਤ ਸਿੰਘ ਦੀ ਅਗਵਾਈ ਹੇਠ ਪੰਜਾਬੀਆਂ ਨੇ ਦਰ੍ਹਾ ਖੈਬਰ ਰਾਹੀਂ ਹੁੰਦੇ ਹਮਲਿਆਂ ਨੂੰ ਸਦਾ ਲਈ ਬੰਦ ਕਰ ਦਿੱਤਾ ਅਤੇ ਇੱਕ ਵਿਸ਼ਾਲ ਖ਼ਾਲਸਾ ਰਾਜ ਨੂੰ ਕਾਇਮ ਕਰਕੇ ਇਤਿਹਾਸ ਸਿਰਜ ਦਿੱਤਾ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਏਨਾ ਵਿਸ਼ਾਲ ਸੀ ਕਿ ਇੱਕ ਪਾਸੇ ਉਸਦੀਆਂ ਹੱਦਾਂ ਕਾਰਾਕੋਰਮ ਦੀ ਪਹਾੜੀਆਂ, ਉੱਤਰ-ਪੂਰਬ ਵਿੱਚ ਗਿਲਗਿਤ, ਲਦਾਖ਼ ਦੇ ਇਲਾਕੇ ਅਤੇ ਪੂਰਬ ਵੱਲ ਸਤਲੁਜ ਦਰਿਆ ਅਤੇ ਦੱਖਣ ਵਿੱਚ ਮੁਲਤਾਨ ਤੋਂ ਅੱਗੇ ਘਾਰਾ ਦਾ ਇਲਾਕਾ ਸੀ। ਇਸ ਤੋਂ ਇਲਾਵਾ ਪੱਛਮ ਵਿੱਚ ਖ਼ੈਬਰ ਦੱਰੇ ਸਮੇਤ ਸੁਲੇਮਾਨ ਪਹਾੜ ਲੜੀ ਤੋਂ ਸਿੰਧ ਦੇ ਸ਼ਿਕਾਰਪੁਰ ਤੱਕ ਹੱਦ ਫੈਲੀ ਹੋਈ ਸੀ। ਇਤਿਹਾਸਕਾਰ ਦੱਸਦੇ ਹਨ ਕਿ ਸਰਕਾਰ ਖ਼ਾਲਸਾ ਜੀ ਦੇ ਰਾਜ ਦਾ ਕੁੱਲ ਏਰੀਆ 1 ਲੱਖ ਵਰਗ ਮੀਲ ਤੋਂ ਵੀ ਵਧੇਰੇ ਸੀ। ਸਾਲ 1839 ਈਸਵੀ ਵਿੱਚ ਸਰਕਾਰ ਖ਼ਾਲਸਾ ਜੀ ਦੀ ਸਲਾਨਾ ਆਮਦਨ 3 ਕਰੋੜ ਰੁਪਏ ਤੋਂ ਵੀ ਵੱਧ ਸੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਭਾਵੇਂ ਮਰਦਮਸ਼ੁਮਾਰੀ ਤਾਂ ਨਹੀਂ ਹੁੰਦੀ ਸੀ ਪਰ ਇਕ ਅਨੁਮਾਨ ਅਨੁਸਾਰ ਖ਼ਾਲਸਾ ਰਾਜ ਵਿੱਚ 35 ਲੱਖ ਦੇ ਕਰੀਬ ਅਬਾਦੀ ਸੀ। ਹਾਲਾਂਕਿ ਅੰਗਰੇਜ਼ ਅਫ਼ਸਰ ਵਾੱਨ ਓਰਲਿਚ ਨੇ ਅਬਾਦੀ 50 ਲੱਖ, ਹੈਨਰੀ ਲਾਰੇਂਸ ਨੇ 15 ਲੱਖ, ਸਮਿੱਥ ਨੇ 50 ਲੱਖ ਅਤੇ ਫ਼ਕੀਰ ਸਈਅਦ ਵਾਹਉੱਦੀਨ ਨੇ 53 ਲੱਖ 50 ਹਜ਼ਾਰ ਦੱਸੀ ਹੈ। ਧਰਮ ਅਧਾਰਿਤ ਅਬਾਦੀ ਅਨੁਪਾਤ ਦੀ ਗੱਲ ਕਰੀਏ ਤਾਂ ਕੁੱਲ ਵਸੋਂ ਵਿੱਚੋਂ ਅੱਧੇ ਤੋਂ ਜ਼ਿਆਦਾ ਮੁਸਲਿਮ ਸਨ, ਜਦਕਿ ਦੋ-ਤਿਹਾਈ ਹਿੰਦੂ ਅਤੇ ਇੱਕ-ਤਿਹਾਈ ਸਿੱਖ ਸਨ।

ਖ਼ਾਲਸਾ ਰਾਜ ਵਿੱਚ ਹਰ ਤਰ੍ਹਾਂ ਦੇ ਮੌਸਮ ਸਨ। ਇੱਕ ਪਾਸੇ ਜਿੱਥੇ ਮੁਲਤਾਨ ਸੂਬੇ ਦੇ ਇਲਾਕਿਆਂ ਵਿੱਚ ਅੱਤ ਦੀ ਗਰਮੀ ਪੈ ਰਹੀ ਹੁੰਦੀ ਓਥੇ ਦੂਜੇ ਪਾਸੇ ਉਸੇ ਸਮੇਂ ਕਸ਼ਮੀਰ ਤੇ ਲਦਾਖ਼ ਦੇ ਪਹਾੜਾਂ ਉੱਪਰ ਬਰਫ਼ ਪੈ ਰਹੀ ਹੁੰਦੀ ਸੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ 8 ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਜਿਨ੍ਹਾਂ ਦੇ ਨਾਮ ਲਾਹੌਰ, ਜਲੰਧਰ, ਕਾਂਗੜਾ ਦੇ ਪਹਾੜੀ ਇਲਾਕੇ, ਜੰਮੂ, ਕਸ਼ਮੀਰ, ਪੇਸ਼ਾਵਰ, ਗੁਜਰਾਤ (ਵਜ਼ੀਰਾਬਾਦ) ਅਤੇ ਮੁਲਤਾਨ ਸਨ। ਹਰੇਕ ਸੂਬੇ ਨੂੰ ਅੱਗੋਂ ਪਰਗਣਿਆਂ ਵਿੱਚ ਵੰਡਿਆ ਹੁੰਦਾ ਸੀ ਅਤੇ ਪਰਗਣਿਆਂ ਨੂੰ ਅੱਗੇ ਤੁਅੱਲਕਾ ਵਿੱਚ। ਇੱਕ ਤੁਅੱਲਕਾ ਵਿੱਚ 50 ਤੋਂ 100 ਪਿੰਡ ਹੁੰਦੇ ਸਨ।

ਅਜੋਕੇ ਸਮੇਂ ਵਿੱਚ ਜਿਵੇਂ ਕਿਸੇ ਦੇਸ਼ ਵਿੱਚ ਰਾਸ਼ਟਰਪਤੀ ਦਾ ਅਹੁਦਾ ਹੁੰਦਾ ਹੈ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਵਿੱਚ ਉਹ ਮੁਕਾਮ ਰੱਖਦੇ ਸਨ। ਉਨ੍ਹਾਂ ਕੋਲ ਅਜੋਕੇ ਪ੍ਰਧਾਨ ਮੰਤਰੀ ਵਾਂਗ ਸਰਕਾਰ ਦੀਆਂ ਸਾਰੀਆਂ ਤਾਕਤਾਂ ਹੁੰਦੀਆਂ ਸਨ ਅਤੇ ਉਹ ਸੁਪਰੀਮ ਕੋਰਟ ਦੇ ਮੁੱਖ ਜੱਜ ਵਾਂਗ ਵੀ ਸਾਰੀਆਂ ਤਾਕਤਾਂ ਰੱਖਦੇ ਸਨ।

ਇਸ ਸਭ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਨੇ ਕਦੇ ਵੀ ਇੱਕ ਡਿਕਟੇਟਰ ਵਾਂਗ ਵਿਵਹਾਰ ਨਹੀਂ ਕੀਤਾ। ਉਨ੍ਹਾਂ ਦਾ ਰਾਜ ਸਿੱਖ ਧਰਮ ਦੇ ਅਸੂਲਾਂ ਅਨੁਸਾਰ 'ਹਲੀਮੀ ਰਾਜ' ਸੀ ਅਤੇ ਉਹ ਆਪਣੇ ਆਪ ਨੂੰ ਪਰਜਾ ਦਾ ਸੇਵਕ ਸਮਝਦੇ ਸਨ। ਇੱਥੋਂ ਤੱਕ ਕਿ ਕੋਈ ਗ਼ਲਤੀ ਹੋਣ 'ਤੇ ਉਹ ਇੱਕ ਨਿਮਾਣੇ ਸਿੱਖ ਵਾਂਗ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖਾਂ ਦੀ ਸੈਂਟਰਲ ਬਾਡੀ ਨੂੰ ਜੁਆਬਦੇਹ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਰਣਜੀਤ ਸਿੰਘ ਦਾ ਰਾਜ ਬਿਲਕੁਲ ਨਹੀਂ ਕਿਹਾ ਕਿਉਂਕਿ ਉਹ ਜਾਣਦੇ ਸਨ ਕਿ ਇਸ ਰਾਜ ਦੀ ਬੁਨਿਆਦ ਗੁਰੂ ਸਾਹਿਬਾਨ ਦੀਆਂ ਬਖ਼ਸ਼ੀਸ਼ਾਂ ਅਤੇ ਖ਼ਾਲਸੇ ਦੀਆਂ ਅਨੇਕਾਂ ਕੁਰਬਾਨੀਆਂ ਸਦਕਾ ਹੋਈ ਹੈ ਅਤੇ ਇਹੀ ਕਾਰਨ ਸੀ ਕਿ ਉਨ੍ਹਾਂ ਨੇ ਆਪਣੀ ਹਕੂਮਤ ਨੂੰ 'ਸਰਕਾਰ-ਏ-ਖ਼ਾਲਸਾ ਜੀ' ਦਾ ਨਾਮ ਦਿੱਤਾ ਸੀ। ਭਾਵ ਖ਼ਾਲਸਿਆਂ ਦਾ ਰਾਜ।

ਸਰਕਾਰ ਖ਼ਾਲਸਾ ਜੀ ਪੂਰੀ ਤਰ੍ਹਾਂ ਧਰਮ ਨਿਰਪੱਖ ਸੀ। ਅਸਲ ਵਿੱਚ ਸਿੱਖ ਧਰਮ ਦੇ ਅਸੂਲ ਹੀ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਪ੍ਰਧਾਨ ਮੰਤਰੀ ਧਿਆਨ ਸਿੰਘ ਡੋਗਰਾ, ਜਮਾਂਦਾਰ ਖ਼ੁਸ਼ਹਾਲ ਸਿੰਘ, ਰਾਜਾ ਸੁਚੇਤ ਸਿੰਘ, ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼-ਉਦ-ਦੀਨ, ਫ਼ਕੀਰ ਨੀਰ-ਓਦ-ਦੀਨ ਅਤੇ ਵਿੱਤ ਮੰਤਰੀ ਦੀਵਾਨ ਦੀਨਾ ਨਾਥ ਸਨ। ਰਣਜੀਤ ਸਿੰਘ ਸਾਰੇ ਵਿਭਾਗਾਂ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਰੱਖਦੇ ਸਨ ਅਤੇ ਜਦ ਕਦੀ ਵੀ ਕੋਈ ਮੁਸ਼ਕਲ ਆਉਂਦੀ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਹੁਕਮਨਾਮਾ ਲੈ ਕੇ ਗੁਰੂ ਸਾਹਿਬ ਦੀ ਅਗਵਾਈ ਲੈਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦਾ ਰਾਜ ਏਨਾ ਹਰਮਨ-ਪਿਆਰਾ ਕਿਉਂ ਸੀ ਉਹ ਮਹਾਰਾਜਾ ਰਣਜੀਤ ਸਿੰਘ ਦੀ ਜ਼ੁਬਾਨੀ ਹੀ ਜਾਣਿਆ ਜਾ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ 5 ਮਈ 1830 ਨੂੰ ਇੱਕ ਪੱਤਰ ਰਾਹੀਂ ਮੇਜਰ ਲਾਰੰਸ (ਜਿਸ ਨੇ ਇੱਕ ਨਵੀਂ ਖ਼ਾਲਸਾ ਰਜਮੈਂਟ ਦਾ ਚਾਰਜ ਲਿਆ ਸੀ) ਨੂੰ ਆਪਣੀਆਂ ਸਫਲਤਾਵਾਂ ਤੇ ਪ੍ਰਾਪਤੀਆਂ ਦਾ ਸਾਰ ਹੇਠ ਲਿਖੇ ਸ਼ਬਦਾਂ ਵਿੱਚ ਲਿਖਿਆ ਸੀ, ਜੋ ਉਨ੍ਹਾਂ ਦੇ ਚਰਿੱਤਰ ਦਾ ਸ਼ੀਸ਼ਾ ਹੈ।

ਮਹਾਰਾਜਾ ਰਣਜੀਤ ਸਿੰਘ ਪੱਤਰ ਵਿੱਚ ਲਿਖਦੇ ਹਨ ਕਿ "ਮੇਰੀ ਬਾਦਸ਼ਾਹੀ ਇੱਕ ਮਹਾਨ ਬਾਦਸ਼ਾਹੀ ਹੈ, ਪਹਿਲਾਂ ਇਹ ਨਿੱਕੀ ਜਿਹੀ ਸੀ, ਹੁਣ ਇਹ ਵੱਡੀ ਤੇ ਵਿਸ਼ਾਲ ਹੈ, ਪਹਿਲਾਂ ਇਹ ਛਿੰਨ-ਭਿੰਨ, ਟੁੱਟੀ-ਭੱਜੀ ਤੇ ਵੰਡੀ ਵਿਹਾਜੀ ਹੋਈ ਸੀ, ਹੁਣ ਇਹ ਬਿਲਕੁਲ ਸੰਗਠਿਤ ਹੈ। ਇਸ ਨੂੰ ਹੋਰ ਉੱਨਤ ਤੇ ਪ੍ਰਫੁੱਲਿਤ ਹੋਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਵਿੱਚ ਇਸੇ ਤਰ੍ਹਾਂ ਸੰਪੂਰਨ ਤੇ ਸੰਗਠਿਤ ਰੂਪ ਵਿੱਚ ਮਿਲਣੀ ਚਾਹੀਦੀ ਹੈ। ਤੈਮੂਰ ਦੇ ਸਿਧਾਂਤਾਂ ਤੇ ਨੇਮਾਂ ਨੇ ਮੇਰੀ ਅਗਵਾਈ ਕੀਤੀ ਹੈ, ਜਿਵੇਂ ਉਹ ਐਲਾਨ ਕਰਦਾ ਸੀ ਤੇ ਹੁਕਮ ਦਿੰਦਾ ਸੀ, ਮੈਂ ਵੀ ਓਵੇਂ ਹੀ ਕੀਤਾ ਹੈ। ਮੈਂ ਇਹ ਰਾਜ-ਭਾਗ ਵਾਹਿਗੁਰੂ ਦੀ ਮਿਹਰ ਤੇ ਉਸਦੇ ਬਖ਼ਸ਼ੇ ਹੋਏ ਬਲ ਤੇ ਬੁੱਧੀ ਰਾਹੀਂ ਫ਼ਤਿਹ ਕੀਤਾ ਹੈ। ਮੈਂ ਆਪਣੀ ਹਕੂਮਤ ਨੂੰ ਉਦਾਰਤਾ, ਜ਼ਬਤ ਤੇ ਨੀਤੀ ਨਾਲ ਬਕਾਇਦਾ ਤੇ ਸੰਗਠਿਤ ਬਣਾਇਆ ਹੈ। ਮੈਂ ਦਲੇਰ ਲੋਕਾਂ ਨੂੰ ਇਨਾਮ ਦਿੱਤੇ ਹਨ, ਯੋਗਤਾ ਨੂੰ ਜਿੱਥੇ ਤੇ ਜਦੋਂ ਵੀ ਉਹ ਨਜ਼ਰ ਆਈ ਹੈ, ਉਤਸ਼ਾਹਿਤ ਕੀਤਾ ਹੈ ਅਤੇ ਰਣਭੂਮੀ ਵਿੱਚ ਸੂਰਬੀਰਾਂ ਨੂੰ ਵਡਿਆਇਆ ਹੈ। ਮੈਂ ਸਭ ਖ਼ਤਰਿਆਂ ਤੇ ਥਕੇਵਿਆਂ ਵਿੱਚ ਆਪਣੀ ਫ਼ੌਜ ਦੇ ਅੰਗ-ਸੰਗ ਰਿਹਾ ਹਾਂ। ਮੈਂ ਪੱਖਪਾਤੀ ਰੁਚੀ ਨੂੰ ਨਾ ਮੰਤਰੀ ਮੰਡਲ ਵਿੱਚ ਤੇ ਨਾ ਹੀ ਕਦੇ ਰਣਭੂਮੀ ਵਿੱਚ ਆਪਣੇ ਹਿਰਦੇ ਅੰਦਰ ਦਾਖ਼ਲ ਹੋਣ ਦਿੱਤਾ ਹੈ। ਮੈਂ ਆਪਣੀ ਸੁੱਖ-ਸੁਵਿਧਾ ਵੱਲੋਂ ਸਦਾ ਬੇਧਿਆਨਾ ਰਿਹਾ ਹਾਂ ਤੇ ਸ਼ਹਿਨਸ਼ਾਹੀ ਖ਼ਿਲਅਤ ਪਹਿਨਣ ਦੇ ਨਾਲ-ਨਾਲ ਮੈਂ ਲੋਕਾਂ ਲਈ ਚਿੰਤਾ ਤੇ ਖ਼ਬਰਦਾਰੀ ਦਾ ਵੇਸ ਹੁਸ਼ਿਆਰੀ ਨਾਲ ਪਹਿਨਿਆ ਹੈ। ਮੈਂ ਫ਼ਕੀਰਾਂ ਤੇ ਧਰਮੀ ਪੁਰਸ਼ਾਂ ਦੀ ਸੇਵਾ ਕਰਦਾ ਰਿਹਾ ਹਾਂ ਅਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰਦਾ ਰਿਹਾ ਹਾਂ। ਮੈਂ ਦੋਸ਼ੀਆਂ ਨੂੰ ਵੀ ਨਿਰਦੋਸ਼ਾਂ ਵਾਂਗ ਹੀ ਬਖ਼ਸ਼ ਦਿੰਦਾ ਰਿਹਾ ਹਾਂ ਅਤੇ ਜਿਹੜੇ ਬੰਦਿਆਂ ਨੇ ਮੇਰੀ ਜ਼ਾਤ ਵਿਰੁੱਧ ਵੀ ਹੱਥ ਉਠਾਇਆ ਹੈ, ਉਨ੍ਹਾਂ ਉੱਪਰ ਵੀ ਮੈਂ ਦਇਆ ਕੀਤੀ ਹੈ। ਸ੍ਰੀ ਅਕਾਲ ਪੁਰਖ ਜੀ ਆਪਣੇ ਸੇਵਕ ਉੱਤੇ ਇਸੇ ਲਈ ਦਿਆਲੂ ਰਹੇ ਹਨ ਤੇ ਉਸਦੀ ਰਾਜ ਸ਼ਕਤੀ ਵਿੱਚ ਵਾਧਾ ਕਰਦੇ ਰਹੇ ਹਨ। ਇੱਥੋਂ ਤੱਕ ਕਿ ਉਸ ਦੇ ਰਾਜ ਦਾ ਵਿਸਤਾਰ ਹੁਣ ਚੀਨ ਤੇ ਅਫ਼ਗ਼ਾਨਿਸਤਾਨ ਦੀਆਂ ਸਰਹੱਦਾਂ ਤੱਕ ਹੋ ਗਿਆ ਹੈ ਤੇ ਇਸ ਵਿੱਚ ਸਤਲੁਜੋਂ ਪਾਰ ਦੀਆਂ ਉਪਜਾਊ ਬਸਤੀਆਂ ਵੀ ਸ਼ਾਮਿਲ ਹਨ"।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਿਖੇ ਪੱਤਰ ਦਾ ਇੱਕ-ਇੱਕ ਸ਼ਬਦ ਉਨ੍ਹਾਂ ਦੀ ਅਤੇ ਖ਼ਾਲਸਾ ਰਾਜ ਦੀ ਮਹਾਨਤਾ ਨੂੰ ਦਰਸਾਉਂਦਾ ਹੈ ਅਤੇ ਮੇਜਰ ਲਾਰੰਸ ਨੇ ਖ਼ੁਦ ਇਸ ਪੱਤਰ ਬਾਬਤ ਲਿਖਿਆ ਸੀ ਕਿ "ਇਹ ਕੇਵਲ ਪੱਤਰ ਨਹੀਂ, ਇਹ ਮਹਾਰਾਜੇ ਦੇ ਆਪਣੇ ਚਰਿੱਤਰ ਦਾ ਇੱਕ ਸ਼ੀਸ਼ਾ ਹੈ, ਜਿਸ ਵਿੱਚ ਰਣਜੀਤ ਸਿੰਘ ਦਾ ਆਪਣੇ ਆਪ ਬਾਬਤ ਦਿੱਤਾ ਹੋਇਆ ਇਹ ਬਿਆਨ ਇੱਕ ਮਹੱਤਵਪੂਰਨ ਨਿਰਨਾ ਹੈ ਜੋ ਕਿ ਇਤਿਹਾਸਕ ਤੇ ਯਾਦਗਾਰੀ ਪੱਤਰ ਬਣ ਕੇ ਰਹਿ ਗਿਆ ਹੈ"।

ਮਹਾਰਾਜਾ ਰਣਜੀਤ ਸਿੰਘ ਏਨੇ ਕਾਬਲ ਸਨ ਕਿ ਸੰਸਾਰ ਭਰ ਦੇ ਲੋਕ ਅੱਜ ਵੀ ਉਨ੍ਹਾਂ ਨੂੰ ਦੁਨੀਆਂ ਦਾ ਸਭ ਤੋਂ ਬਹਾਦਰ ਅਤੇ ਹੁਕਮਰਾਨ ਮੰਨਦੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਦਿਲੀ ਇੱਛਾ ਸੀ ਕਿ ਖ਼ਾਲਸਾ ਰਾਜ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਵਿੱਚ ਇਸੇ ਤਰ੍ਹਾਂ ਸੰਪੂਰਨ ਤੇ ਸੰਗਠਿਤ ਰੂਪ ਵਿੱਚ ਮਿਲੇ ਪਰ ਅਫ਼ਸੋਸ ਮਹਾਰਾਜੇ ਦੀ ਮੌਤ ਦੇ ਨਾਲ ਹੀ ਖ਼ਾਲਸਾ ਰਾਜ ਢਹਿ-ਢੇਰੀ ਹੋ ਗਿਆ ਅਤੇ ਮਹਾਰਾਜੇ ਦੇ ਜਾਣ ਤੋਂ ਬਾਅਦ 10 ਸਾਲਾਂ ਵਿਚ ਏਨੀ ਤੇਜ਼ੀ ਨਾਲ ਕਈ ਘਟਨਾਵਾਂ ਵਾਪਰ ਗਈਆਂ ਜਿੰਨੀਆਂ 10 ਯੁੱਗਾਂ ਵਿੱਚ ਵਾਪਰਦੀਆਂ ਹਨ। ਦੇਖਦਿਆਂ ਹੀ ਦੇਖਦਿਆਂ ਸਰਕਾਰ-ਏ-ਖ਼ਾਲਸਾ ਦਾ ਰਾਜ ਇਤਿਹਾਸ ਬਣ ਕੇ ਰਹਿ ਗਿਆ।

ਸਰਕਾਰ-ਏ-ਖ਼ਾਲਸਾ ਜੋ ਕਿ ਇੱਕ ਵਿਸ਼ਾਲ ਰਾਜ ਸੀ ਅਤੇ ਇਹ ਅਸਲ ਵਿੱਚ ਪੰਜਾਬੀਆਂ ਦਾ ਆਪਣਾ ਰਾਜ ਸੀ। ਇਸ ਰਾਜ ਵਿੱਚ ਹਰ ਕੋਈ ਖ਼ੁਸ਼ਹਾਲ ਸੀ ਅਤੇ ਪੰਜਾਬ ਨੇ ਪਹਿਲੀ ਵਾਰ ਅਮਨ-ਸ਼ਾਂਤੀ ਤੇ ਹਲੀਮੀ ਰਾਜ ਦਾ ਅਨੰਦ ਮਾਣਿਆ ਸੀ। ਇਹੀ ਕਾਰਨ ਹੈ ਕਿ ਪੰਜਾਬੀ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਨੂੰ ਸੁਨਹਿਰੀ ਦੌਰ ਦੱਸਦੇ ਹੋਏ ਉਸਦੇ ਰਾਜ ਦੀਆਂ ਬਾਤਾਂ ਪਾਉਂਦੇ ਹਨ।

12 ਨਵੰਬਰ ਨੂੰ ਵੱਡੀ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ ਹੋਵਣ ਜੀ।

ਇੰਦਰਜੀਤ ਸਿੰਘ ਬਾਜਵਾ,
ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,
ਤਰਨ ਤਾਰਨ।
98155-77574



# ਸਿਮਰਨ ਦੀ ਉਡਾਨ



ਪਿੰਡ ਦੇ ਛੋਟੇ ਜਿਹੇ ਘਰ ਵਿੱਚ ਰਹਿੰਦੀ ਸਿਮਰਨ ਦੀਆਂ ਅੱਖਾਂ ਵਿਚ ਸੁਪਨਿਆਂ ਦਾ ਇੱਕ ਵੱਡਾ ਆਸਮਾਨ ਸੀ। ਮਾਪੇ ਕਿਸੇ ਸਾਹੂਕਾਰ ਦੇ ਖੇਤਾਂ 'ਚ ਮਜ਼ਦੂਰੀ ਕਰਦੇ ਸਨ ਅਤੇ ਘਰ ਦਾ ਖਰਚਾ ਕਦੇ ਪੂਰਾ, ਕਦੇ ਅਧੂਰਾ ਰਹਿੰਦਾ। ਪਰ ਸਿਮਰਨ ਦੇ ਸੁਪਨਿਆਂ 'ਚ ਕੋਈ ਕਮੀ ਨਹੀਂ ਸੀ।

ਅਕਸਰ ਖੇਤਾਂ ਵਿਚ ਮਾਂ-ਪਿਉ ਦੇ ਨਾਲ ਜਾਂਦਿਆਂ ਉਹ ਆਸਮਾਨ ਵੱਲ ਤੱਕਦੀ ਰਹਿੰਦੀ "ਕੀ ਮੇਰਾ ਆਸਮਾਨ ਵੀ ਇੰਨਾ ਹੀ ਛੋਟਾ ਹੈ ਜਿੰਨੀਆਂ ਇਹ ਖੇਤਾਂ ਦੀਆਂ ਵੱਟਾਂ?"

ਪਰ ਉਸਦੇ ਦਿਲ ਵਿੱਚ ਕਿਤੇ ਇੱਕ ਚਿੰਗਾਰੀ ਜਗਦੀ ਰਹਿੰਦੀ "ਨਹੀਂ, ਮੇਰਾ ਆਸਮਾਨ ਤਾਂ ਇਸ ਤੋਂ ਕਈ ਗੁਣਾਂ ਵੱਡਾ ਹੈ।" ਸਕੂਲ ਤੋਂ ਛੁੱਟੀ ਹੋਣ 'ਤੇ ਸਿਮਰਨ ਹਰ ਰੋਜ਼ ਨਵੇਂ ਸਬਕ, ਨਵੇਂ ਵਿਚਾਰ ਲਿਆਉਂਦੀ। ਪਿੰਡ ਦੇ ਲੋਕ ਅਕਸਰ ਮਾਪਿਆ ਨੂੰ ਆਖਦੇ "ਕੁੜੀਆਂ ਇੰਨਾ ਨਹੀਂ ਪੜ੍ਹਦੀਆਂ।"

ਪਰ ਸਿਮਰਨ ਲੋਕਾਂ ਦੇ ਇਹ ਬੋਲ ਸੁਣ ਕੇ ਵੀ ਆਪਣੇ ਮਨ ਦੇ ਦੀਪਕ ਨੂੰ ਕਦੇ ਬੁਝਣ ਨਹੀਂ ਦਿੰਦੀ। ਉਹ ਹੋਰ ਮਿਹਨਤ ਕਰਦੀ ਅਤੇ ਹੋਰ ਉੱਚੇ ਸੁਪਨੇ ਬੁਣਦੀ। ਬਾਹਰਵੀਂ ਜਮਾਤ ਦੇ ਪੇਪਰ ਨੇੜੇ ਆਏ ਤਾਂ ਉਸਨੇ ਦਿਨ-ਰਾਤ ਮਿਹਨਤ ਕਰ ਕੇ ਆਪਣੀ ਪੜ੍ਹਾਈ 'ਚ ਸਖ਼ਤ ਜੀਅ-ਜਾਨ ਲਾਈ। ਇੱਕ-ਇੱਕ ਪੰਨਾ ਮਨ ਲਾ ਕੇ ਪੜ੍ਹਦੀ ਅਤੇ ਜਦੋਂ ਵੀ ਹਾਰ ਮਨਣ ਲੱਗਦੀ ਤਾਂ ਅੱਖਾਂ ਬੰਦ ਕਰਕੇ ਆਪਣੇ ਭਵਿੱਖਲੇ ਸਮੇਂ ਨੂੰ ਯਾਦ ਕਰਦੀ "ਜੇ ਮੈਂ ਰੁਕ ਗਈ ਤਾਂ ਸੁਪਨੇ ਅਧੂਰੇ ਰਹਿ ਜਾਣਗੇ।" ਨਤੀਜੇ ਵਾਲਾ ਦਿਨ ਸਾਰੇ ਪਿੰਡ ਲਈ ਕਿਸੇ ਤਿਉਹਾਰ ਨਾਲੋਂ ਘਟ ਨਾ ਰਹਿਆ ਜਦੋਂ ਸਿਮਰਨ ਜ਼ਿਲ੍ਹੇ 'ਚੋਂ ਪਹਿਲੇ ਨੰਬਰ ਤੇ ਆਈ! ਪਿੰਡ ਦੇ ਹਰ ਘਰ ਵਿੱਚ ਚਰਚਾ ਉਸਦੇ ਨਾਮ ਦੀ ਸੀ। ਮਾਂ-ਪਿਉ ਦੀਆਂ ਅੱਖਾਂ ਗਰਵ ਨਾਲ ਚਮਕ ਰਹੀਆਂ ਸਨ। ਅਧਿਆਪਕਾਂ ਨੇ ਹੌਸਲਾ ਵਧਾਇਆ "ਸਿਮਰਨ, ਹੁਣ ਤੇਰੇ ਸੁਪਨੇ ਪਿੰਡ ਤੋਂ ਨਿਕਲ ਕੇ ਸ਼ਹਿਰ ਤੀਕ ਜਾਣਗੇ।"

ਇਹ ਸੁਣ ਕੇ ਸਿਮਰਨ ਦੀਆਂ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ। ਉਸਦੇ ਮਾਪਿਆਂ ਨੇ ਵੀ ਫੈਸਲਾ ਕਰ ਲਿਆ ਕੀ ਅੱਗੇ ਦੀ ਪੜ੍ਹਾਈ ਲਈ ਉਸਨੂੰ ਹੁਣ ਸ਼ਹਿਰ ਭੇਜਿਆ ਜਾਏਗਾ। ਸ਼ਹਿਰ... ਇੱਕ ਨਵੀਂ ਦੁਨੀਆ ਅਤੇ ਅਜੀਬ ਬੋਲੀ, ਵੱਖਰਾ ਰਹਿਣ-ਸਹਿਣ, ਅਣਜਾਣ ਚਿਹਰੇ... ਪਰ ਸਿਮਰਨ ਡਰੀ ਨਹੀਂ। ਉਸਨੇ ਹਰ ਮੁਸ਼ਕਿਲ ਨੂੰ ਆਪਣੀ ਮੰਜ਼ਿਲ ਵੱਲ ਦਾ ਇੱਕ ਨਵਾਂ ਕਦਮ ਮੰਨਿਆ। ਉਹ ਪੜ੍ਹਦੀ ਰਹੀ, ਸਿੱਖਦੀ ਰਹੀ ਅਤੇ ਆਪਣੇ ਸੁਪਨੇ ਦੀ ਰਾਹ 'ਚ ਇੱਕ-ਇੱਕ ਇੱਟ ਜੋੜਦੀ ਗਈ।

ਸਾਲਾਂ ਦੀ ਮਿਹਨਤ ਨੇ ਫਲ ਦਿੱਤਾ।

ਅੱਜ ਸਿਮਰਨ ਸ਼ਹਿਰ ਦੇ ਇੱਕ ਵੱਡੇ ਸਕੂਲ ਵਿੱਚ ਅਧਿਆਪਕਾ ਹੈ। ਪਰ ਸ਼ਹਿਰ ਵਿੱਚ ਰਹਿੰਦਿਆਂ ਵੀ ਉਸਦਾ ਦਿਲ ਪਿੰਡ ਦੀ ਮਿੱਟੀ ਨਾਲ ਜੁੜਿਆ ਰਿਹਾ। ਉਹ ਅਕਸਰ ਆਪਣੇ ਮਨ ਵਿੱਚ ਉਹੀ ਲਫ਼ਜ਼ਾ ਨੂੰ ਯਾਦ ਕਰਦੀ "ਸੁਪਨੇ ਕਦੇ ਛੋਟੇ ਨਹੀਂ ਹੁੰਦੇ, ਸਿਰਫ਼ ਉਹਨਾਂ ਨੂੰ ਵੇਖਣ ਵਾਲੀਆਂ ਅੱਖਾਂ ਦਾ ਹੌਸਲਾ ਵੱਡਾ ਹੋਣਾ ਚਾਹੀਦਾ ਹੈ।"

ਜਦੋਂ ਉਹ ਕਈ ਸਾਲਾਂ ਬਾਅਦ ਆਪਣੇ ਪਿੰਡ ਦੀਆਂ ਗਲੀਆਂ ਵਿੱਚ ਵਾਪਸ ਆਈ ਤਾਂ ਹਰ ਬੱਚੇ ਦੀਆਂ ਅੱਖਾਂ ਵਿੱਚ ਉਸਨੇ ਉਹੀ ਚਮਕ ਵੇਖੀ ਜੋ ਕਦੇ ਉਸਦੀਆਂ ਅੱਖਾਂ ਵਿੱਚ ਸੀ।

ਉਹ ਮੁਸਕਰਾਉਂਦੀ ਹੋਈ ਸੋਚਦੀ, "ਇਹ ਸਫ਼ਰ ਇਕੱਲਾ ਮੇਰਾ ਹੀ ਨਹੀਂ, ਇਹ ਤਾਂ ਹਰ ਉਸ ਬੱਚੇ ਦੀ ਉਡਾਨ ਹੈ ਜੋ ਸੁਪਨਾ ਵੇਖਣ ਦੀ ਹਿੰਮਤ ਰੱਖਦਾ ਹੈ।"

ਸੱਚਮੁੱਚ, ਜਦੋਂ ਸੁਪਨੇ ਪਿੰਡ ਦੀਆਂ ਗਲੀਆਂ ਤੋਂ ਉੱਡ ਕੇ ਸ਼ਹਿਰਾਂ ਦੀਆਂ ਇਮਾਰਤਾਂ ਤੱਕ ਜਾ ਪਹੁੰਚਦੇ ਹਨ, ਤਾਂ ਇੱਕ ਵਿਅਕਤੀ ਹੀ ਨਹੀਂ... ਪੂਰਾ ਸਮਾਜ ਬਦਲ ਜਾਂਦਾ ਹੈ।



ਪਲਕਪ੍ਰੀਤ ਕੌਰ ਬੇਦੀ, ਕੇ.ਐਮ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਜਲੰਧਰ

# (ਏ ਮੌਤ)

ਏ ਮੌਤ
ਮੈਂ ਤਾਂ ਹਰ ਪੱਲ
ਤੇਰਾ ਇੰਤਜ਼ਾਰ ਕਰ ਰਹੀ ਹਾਂ
ਤੂੰ ਜੱਦ ਵੀ ਆਵੀਂ
ਬੱਸ ਮਲਕੜੇ ਜਿਹੇ ਆ ਜਾਵੀਂ
ਮੈਂ ਤੈਨੂੰ ਤਿਆਰ ਮਿਲਾਂਗੀ
ਇਕ ਦਮ ਤੇਰੇ ਨਾਲ ਤੁਰ ਪਵਾਂਗੀ
ਪਿਛਾਂਹ ਮੁੜ ਕੇ ਨਹੀਂ ਦੇਖਾਂਗੀ
ਮਤਾਂ ਆਪਣਿਆਂ ਦਾ ਮੋਹ
ਫਿਰ ਨਾ ਜਾਗ ਪਏ ਤੇ
ਮੇਰੇ ਕਦਮ ਕਿਤੇ ਲੜਖੜਾ ਨਾ ਜਾਣ
ਜ਼ਿਆਦਾ ਦਰਦ ਵੀ ਨਾ ਦੇਣਾ
ਦਰਦ ਤੇ ਪਹਿਲਾਂ ਹੀ ਬਹੁਤ ਨੇ
ਜਿਹਨਾਂ ਦੀ ਪੰਡ ਚੁੱਕੀ ਫਿਰਦੀ ਹਾਂ
ਮੈਂ ਆਪਣੇ ਕਿਸੇ ਨੂੰ ਕੋਈ ਵੀ
ਦੁੱਖ ਦਰਦ ਨਹੀਂ ਦੇਣਾ ਚਾਹੁੰਦੀ
ਉਹਨਾਂ ਦੇ ਚਿਹਰੇ ਤੇ ਉਦਾਸੀ
ਵੀ ਨਹੀਂ ਦੇਖ ਸਕਦੀ
ਬੱਸ ਮਨ ਭਰ ਗਿਆ ਹੁਣ
ਜੀਊਣ ਤੇ ਦਿਲ ਹੀ ਨਹੀਂ ਕਰਦਾ
ਰਿਸ਼ਤੇ ਨਿਭਾਉਂਦੇ ਨਿਭਾਉਂਦੇ
ਦੂਸਰਿਆਂ ਨੂੰ ਖ਼ੁਸ਼ ਕਰਦੇ ਕਰਦੇ
ਮੁੁਹੱਬਤਾਂ ਵੰਡਦੇ ਵੰਡਦੇ
ਥੱਕ ਗਈ ਹਾਂ
ਸਕੂਨ ਦੀ ਨੀਂਦ ਸੌਣਾ ਚਾਹੁੰਦੀ ਹਾਂ
ਸੁਣਿਆ ਸੀ ਕਿ ਪਤਾ ਨਹੀਂ
ਤੇਰੇ ਵਿੱਚ ਐਸਾ ਕੀ ਹੈ
ਜਿਸਨੂੰ ਵੀ ਤੂੰ ਇਕ ਵਾਰ
ਆਪਣੇ ਕਲਾਵੇ ਵਿੱਚ ਲੈ ਲੈਂਦੀ ਹੈ
ਉਹ ਸਦਾ ਲਈ ਤੇਰਾ ਹੋ ਜਾਂਦਾ ਹੈ
ਮੈਂ ਵੀ ਸਦਾ ਲਈ ਤੇਰੀ ਹੋਣਾ ਲੋਚਦੀ ਹਾਂ
ਤੂੰ ਜੱਦ ਵੀ ਆਈਂ ਬਿਨਾਂ ਦੱਸੇ ਆ ਜਾਈਂ
ਮੈਨੂੰ ਆਪਣੇ ਆਗੋਸ਼ ਵਿੱਚ ਭਰ ਲਈ
ਤਾਂਕਿ ਮੈਂ ਸਕੂਨ ਨਾਲ ਸਦਾ ਲਈ
ਮਿੱਠੀ ਨੀਂਦ ਸੋ ਜਾਵਾਂ ਤੇ ਫਿਰ
ਇਹ ਅੱਖਾਂ ਕਦੀ ਨਾ ਖੁੱਲ੍ਹਣ
ਏ ਮੌਤ ਤੂੰ ਜੱਦ ਵੀ ਆਈਂ
ਚੁੱਪਕੇ ਜਿਹੇ ਆ ਜਾਵੀਂ
ਮੈਂ ਤੈਨੂੰ ਤਿਆਰ ਮਿਲਾਂਗੀ
ਏ ਮੌਤ।
ਗੁਰਬਾਣੀ ਵਿੱਚ ਲਿਖਿਆ ਹੈ
"ਮਰਨਾ ਸੱਚ, ਜਿਊਣਾ ਝੂਠ"।

(ਰਮਿੰਦਰ ਰੰਮੀ)

# ਜੇ ਸਰਦਾਰ ਨਾ ਹੁੰਦੇ

ਜੇ ਨਦੀਆਂ ਨਾ ਹੁੰਦੀਆਂ ਤਾਂ ਸਮੁੰਦਰ ਨਾ ਹੁੰਦਾ,
ਜੇ ਸਮੁੰਦਰ ਨਾ ਹੁੰਦਾ ਤਾਂ ਨਦੀਆਂ ਨਾ ਹੁੰਦੀਆਂ।
ਨਾ ਨਦੀਆਂ ਹੁੰਦੀਆਂ ਨਾ ਸਮੁੰਦਰ ਹੁੰਦਾ,
ਜੇ 'ਸੂਰਜ' ਨਾ ਹੁੰਦਾ।
ਨਾ ਰਾਤ ਹੁੰਦੀ ਨਾ ਦਿਨ ਹੁੰਦਾ,
ਜੇ 'ਸੂਰਜ' ਨਾ ਹੁੰਦਾ।
ਇਹ ਧਰਤੀ ਬਰਫ਼ ਦਾ ਗੋਲਾ ਹੁੰਦੀ,
ਜੇ 'ਸੂਰਜ' ਨਾ ਹੁੰਦਾ।
ਨਾ ਬਨਸਪਤੀ ਹੁੰਦੀ ਨਾ ਧਰਤੀ ਤੇ ਜੀਵਨ ਹੁੰਦਾ,
ਜੇ 'ਸੂਰਜ' ਨਾ ਹੁੰਦਾ।
ਜੇ ਸਰਦਾਰ ਨਾ ਹੁੰਦੇ, ਤਾਂ ਹਿੰਦੁਸਤਾਨ ਨਾ ਹੁੰਦਾ।
ਸਮਾਨਤਾ ਤੇ ਸਾਂਝੀਵਾਲਤਾ ਨਾ ਹੁੰਦੀ,
ਜੇ ਬਾਬਾ ਨਾਨਕ ਨਾ ਹੁੰਦੇ।
ਨਾ ਤਿਲਕ ਹੁੰਦਾ ਨਾ ਜੰਞੂ ਹੁੰਦਾ,
ਜੇ ਗੁਰੂ ਤੇਗ ਬਹਾਦਰ ਨਾ ਹੁੰਦੇ।
ਅਫ਼ਗਾਨੀਆਂ ਨੂੰ ਸੁਥਣਾਂ ਕਉਣ ਪਵਾਉਂਦਾ,
ਜੇ ਹਰੀ ਸਿੰਘ ਨਲੂਏ ਵਰਗੇ ਬਹਾਦਰ ਸਰਦਾਰ ਨਾ ਹੁੰਦੇ।
ਕਾਬਲ ਤੋਂ ਕਸ਼ਮੀਰ ਤੱਕ ਸਤਲੁਜ ਤੋਂ ਲਾਹੌਰ ਤਕ,
ਸਿੱਖ ਰਾਜ ਨੇ ਰਹਿਣਾ ਸੀ ਸਦਾ,
ਜੇ ਧਿਆਨ ਸਿੰਘ, ਗੁਲਾਬ ਸਿੰਘ ਵਰਗੇ ਗੱਦਾਰ ਨਾ ਹੁੰਦੇ।
ਕੌਣ ਲੈਂਦਾ ਬਦਲਾ ਜਲ੍ਹੀਆਂ ਵਾਲੇ ਬਾਗ਼ ਦਾ,
ਜੇ ਉਧਮ ਸਿੰਘ ਵਰਗੇ ਕਿਰਦਾਰ ਨਾਂ ਹੁੰਦੇ।
ਕੌਣ ਕਟੱਦਾ ਗੁਲਾਮੀ ਦੀਆਂ ਬੇੜੀਆਂ,
ਜੇ ਰਾਜਗੁਰੂ, ਭਗਤ, ਸੁਖਦੇਵ ਤੇ ਕਰਤਾਰ ਨਾ ਹੁੰਦੇ।
ਕੌਣ ਝੂਲਦਾ ਰੱਸੇ ਫਾਂਸੀਆਂ ਦੇ ਕੌਣ ਭਰਦਾ ਕਾਲੇ ਪਾਣੀ ਦੀਆਂ ਜੇਲ੍ਹਾਂ,
ਜੇ ਸੋਹਣ ਸਿੰਘ ਭਕਨਾ ਵਰਗੇ ਗਦਰੀ 'ਸਰਦਾਰ' ਨਾ ਹੁੰਦੇ।
ਕੌਣ ਕਰਦਾ ਰਾਖੀ ਦੇਸ਼ ਦੀਆਂ ਸਰਹੱਦਾਂ ਦੀ,
ਜੇ ਛੇ ਛੇ ਫੁੱਟ ਲੰਬੇ 'ਸਰਦਾਰ' ਪਹਿਰੇਦਾਰ ਨਾ ਹੁੰਦੇ।
ਕੌਣ ਲਿਆਂਉਂਦਾ ਹਰੀਕ੍ਰਾਂਤੀ ਭੁੱਖੇ ਮਰਦੇ ਲੋਕਾਂ ਲਈ,
ਜੇ ਮਿਹਨਤ ਕਸ਼ ਪੰਜਾਬੀ 'ਸਰਦਾਰ' ਨਾ ਹੁੰਦੇ।

-ਗੁਰਮੀਤ ਸਿੰਘ

# ਮਿੰਨੀ ਕਹਾਣੀ - ਨਾਸਤਕ

ਸਵੇਰ ਦੇ ਗਿਆਰਾਂ ਕੁ ਵਜੇ ਦਾ ਵੇਲਾ ਸੀ। ਬਚਿੰਤੀ ਦਾ ਜੀ ਬੜਾ ਓਦਰਿਆ ਹੋਇਆ ਸੀ। ਬੱਚੇ ਚਾਰ ਕੁ ਦਿਨਾਂ ਲਈ ਘੁੰਮਣ ਗਏ ਹੋਏ ਸਨ। ਉਹ ਉੱਠੀ ਤੇ ਆਪਣੀ ਗੁਆਂਢਣ ਸਹੇਲੀ ਨੂੰ ਮਿਲਣ ਚਲੀ ਗਈ। ਬਾਹਰ ਵਾਲਾ ਬੂਹਾ ਖੁੱਲ੍ਹਾ ਹੀ ਸੀ। ਉਸ ਨੇ ਬੂਹੇ ਦੇ ਅੰਦਰ ਹੋ ਕੇ ਅਵਾਜ਼ ਮਾਰੀ।

'ਗੁਰਮੇਲ ਕੌਰੇ ਘਰੇ ਹੀ ਏਂ?"

"ਲੰਘ ਆ, ਬਚਿੰਤੀਏ, ਘਰੇ ਹੀ ਆਂ। ਤੂੰ ਅੱਜ ਸਵੇਰੇ ਸਵੇਰੇ ਕਿੱਧਰੋਂ?"

"ਨੀ ਤੈਨੂੰ ਮਿਲਣ ਨੂੰ ਦਿਲ ਕੀਤਾ, ਬਸ ਆ ਗਈ।"

"ਚੱਲ ਚੰਗਾ ਕੀਤਾ, ਬੈਠ ਜਾ, ਮੈਂ ਚਾਹ ਬਣਾ ਕੇ ਲਿਆਉਂਦੀ ਹਾਂ।"

ਥੋੜ੍ਹੀ ਦੇਰ ਬਾਅਦ ਹੀ ਗੁਰਮੇਲ ਚਾਹ ਬਣਾ ਲਿਆਈ। ਚਾਹ ਪੀਂਦਿਆਂ ਬਚਿੰਤੀ ਨੇ ਪੁੱਛਿਆ, "ਕੀ ਗੱਲ ਛੋਟੀ ਨੂੰਹ ਘਰ ਨ੍ਹੀਂ?"

"ਨਹੀ, ਘਰ ਈ ਆ, ਬਸ ਹੁਣੇ ਸੁੱਤੀ ਏ।"

" ਨੀ ਅਜੇ ਤਾਂ ਸਵੇਰ ਗਿਆਰਾਂ ਵੱਜੇ ਨੇ ਤੇ ਉਹ ਸੌਂ ਵੀ ਗਈ?"

"ਬਚਿੰਤੀਏ ਉਹ ਸਵੇਰੇ ਤੜਕੇ ਚਾਰ ਵਜੇ ਦੀ ਉੱਠੀ ਹੁੰਦੀ ਏ, ਨ੍ਹਾ ਧੋ ਕੇ ਪਾਠ ਕਰਦੀ ਏ। ਸੱਤ ਵਜੇ ਗੁਰਦੁਆਰੇ ਚਲੀ ਜਾਂਦੀ ਏ। ਘਰ ਆ ਕੇ ਸਾਨੂੰ ਸਭ ਨੂੰ ਨਾਸ਼ਤਾ ਦਿੰਦੀ ਏ। ਛੋਟੇ ਨੂੰ ਸਕੂਲ ਭੇਜਦੀ ਏ। ਫਿਰ ਜੀਤੇ ਨੂੰ ਰੋਟੀ-ਪਾਣੀ ਦੇ ਕੇ ਅਖੀਰ 'ਤੇ ਆਪ ਨਾਸ਼ਤਾ ਕਰਦੀ ਏ। ਫਿਰ ਜਦੋਂ ਜੀਤਾ ਕੰਮ 'ਤੇ ਚਲਾ ਜਾਂਦਾ ਹੈ ਤਾਂ ਘੜੀ ਸੌਂ ਜਾਂਦੀ ਏ। ਸੱਚੀਂ ਬਹੁਤ ਪੂਜਾ-ਪਾਠ ਵਾਲੀ ਏ। ਉਹਦੇ ਕਰਕੇ ਹੀ ਘਰ ਵਿੱਚ ਬਰਕਤ ਹੈ।"

"ਤੇ ਵੱਡੀ ਨੂੰਹ ਪਾਠ-ਪੂਜਾ ਨ੍ਹੀਂ ਕਰਦੀ?"

"ਨੀ ਉਹ ਤਾਂ ਸਵੇਰੇ ਉੱਠ ਕੇ ਰਸੋਈ ਵਿੱਚ ਵੜ ਜਾਂਦੀ ਏ, ਸਭ ਦਾ ਨਾਸ਼ਤਾ ਬਣਾਇਆ, ਕੁੜੀ ਨੂੰ ਤਿਆਰ ਕਰਕੇ ਸਕੂਲ ਭੇਜਿਆ, ਆਪਣੀ ਰੋਟੀ ਡੱਬੇ ਵਿੱਚ ਪਾਈ ਤੇ ਸੱਤ ਵਜੇ ਸਕੂਲ ਤੁਰ ਗਈ। ਪਾਠ ਕਰਦੇ ਤਾਂ ਉਹਨੂੰ ਮੈਂ ਕਦੇ ਵੇਖਿਆ ਹੀ ਨਹੀਂ। ਉਹ ਤਾਂ ਨਾਸਤਕ ਜਿਹੀ ਏ।" ਬਚਿੰਤੀ ਨੇ ਹੈਰਾਨੀ ਨਾਲ ਗੁਰਮੇਲ ਦੀ ਗੱਲ ਸੁਣੀ ਅਤੇ ਉਹ ਇਹ ਕਹਿੰਦਿਆਂ ਉੱਠ ਕੇ ਘਰ ਨੂੰ ਚੱਲ ਪਈ ਕਿ ਘਰ ਜਾ ਕੇ ਵੇਖਾਂ ਕੰਮ ਵਾਲੀ ਮੁੜ ਨਾ ਜਾਵੇ। ਤੁਰੇ ਜਾਂਦਿਆਂ ਬਚਿੰਤੀ ਨਾਸਤਕ ਸ਼ਬਦ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ।

ਬਲਵਿੰਦਰ ਕੌਰ ਖੁਰਾਣਾ






# ਪਟਿਆਲਾ: ਦਿਲਜੀਤ ਦੋਸਾਂਝ ਦੀ ਫ਼ਿਲਮ ਸ਼ੂਟਿੰਗ ਦੌਰਾਨ ਮਾਹੌਲ ਤਣਾਅਪੂਰਵਕ ਹੋਇਆ





ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ ਦੀ ਸ਼ੂਟਿੰਗ ਦੌਰਾਨ ਮੰਗਲਵਾਰ ਸਵੇਰੇ ਪਟਿਆਲਾ ਦੇ ਪੁਰਾਣੇ ਬਾਜ਼ਾਰ ਖੇਤਰ ਵਿੱਚ ਭਾਰੀ ਹੰਗਾਮਾ ਹੋ ਗਿਆ। ਇਹ ਸਥਿਤੀ ਉਦੋਂ ਹੋਰ ਵੱਧ ਗਈ ਜਦੋਂ ਕਈ ਦੁਕਾਨਦਾਰਾਂ ਨੇ ਉਨ੍ਹਾਂ ਦੀਆਂ ਦੁਕਾਨਾਂ ਦੇ ਅੱਗੇ ਫ਼ਾਰਸੀ ਲਿਪੀ (Persian script) ਵਿੱਚ ਲਗਾਏ ਗਏ ਅਚਾਨਕ ਹੋਰਡਿੰਗਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਵਪਾਰੀਆਂ ਨੇ ਦਾਅਵਾ ਕੀਤਾ ਕਿ ਇਨ੍ਹਾਂ ਹੋਰਡਿੰਗਾਂ ਨੂੰ ਲਗਾਉਣ ਤੋਂ ਪਹਿਲਾਂ ਉਨ੍ਹਾਂ ਦੀ ਸਹਿਮਤੀ ਨਹੀਂ ਲਈ ਗਈ ਸੀ, ਜਿਸ ਕਾਰਨ ਫ਼ਿਲਮ ਕਰੂ ਨਾਲ ਉਨ੍ਹਾਂ ਦੀ ਤਿੱਖੀ ਬਹਿਸ ਹੋਈ।

ਨਾਮ ਨਾ ਛਾਪਣ ਦੀ ਸ਼ਰਤ 'ਤੇ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪ੍ਰੋਡਕਸ਼ਨ ਟੀਮ ਨੇ ਫ਼ਿਲਮ ਲਈ "ਪਾਕਿਸਤਾਨੀ ਬਾਜ਼ਾਰ ਦਾ ਦ੍ਰਿਸ਼" ਦਰਸਾਉਂਦੇ ਸੀਨ ਸ਼ੂਟ ਕਰਨ ਦੀ ਇਜਾਜ਼ਤ ਲਈ ਸੀ। ਅਜਿਹੀਆਂ ਹੀ ਸ਼ੂਟਿੰਗਾਂ, ਜਿਨ੍ਹਾਂ ਵਿੱਚ ਇਹੀ ਮਾਹੌਲ ਬਣਾਇਆ ਗਿਆ ਸੀ, ਸੋਮਵਾਰ ਨੂੰ ਮਲੇਰਕੋਟਲਾ ਅਤੇ ਸੰਗਰੂਰ ਦੇ ਬਾਜ਼ਾਰਾਂ ਵਿੱਚ ਵੀ ਕੀਤੀਆਂ ਗਈਆਂ ਸਨ ਜਿੱਥੇ ਮਾਮੂਲੀ ਵਿਰੋਧ ਹੋਇਆ ਸੀ।

ਹਾਲਾਂਕਿ ਪਟਿਆਲਾ ਵਿੱਚ ਫ਼ਾਰਸੀ ਲਿਪੀ ਵਾਲੇ ਬੋਰਡ ਦੇਖਦੇ ਸਾਰ ਹੀ ਸਥਾਨਕ ਦੁਕਾਨਦਾਰਾਂ ਨੇ ਤੁਰੰਤ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੇ ਨਾਅਰੇਬਾਜ਼ੀ ਕਰਦਿਆਂ ਹੋਰਡਿੰਗਾਂ ਨੂੰ ਹਟਾਉਣ ਦੀ ਮੰਗ ਕੀਤੀ। ਵਧਦੇ ਤਣਾਅ ਨੂੰ ਭਾਂਪਦਿਆਂ, ਕਰੂ ਨੇ ਜਲਦਬਾਜ਼ੀ ਵਿੱਚ ਸ਼ਾਟ ਲਏ ਅਤੇ ਤੁਰੰਤ ਸ਼ੂਟਿੰਗ ਨੂੰ ਖ਼ਤਮ ਕਰ ਦਿੱਤਾ।

ਮੌਕੇ 'ਤੇ ਮੌਜੂਦ ਪੁਲੀਸ ਕਰਮਚਾਰੀਆਂ ਨੇ ਦੱਸਿਆ ਕਿ ਹੁਣ ਸਥਿਤੀ ਕਾਬੂ ਹੇਠ ਹੈ ਅਤੇ ਇਲਾਕੇ ਵਿੱਚ ਆਮ ਵਾਂਗ ਹਾਲਾਤ ਬਹਾਲ ਕਰ ਦਿੱਤੇ ਗਏ ਹਨ। ਇਸ ਦੌਰਾਨ ਸੂਤਰਾਂ ਨੇ ਦੱਸਿਆ ਕਿ ਸ਼ੂਟਿੰਗ ਲਈ ਸ਼ਹਿਰ ਵਿੱਚ ਮੌਜੂਦ ਦਿਲਜੀਤ ਦੋਸਾਂਝ ਨੇ ਕਥਿਤ ਤੌਰ 'ਤੇ ਦਿਨ ਵੇਲੇ ਬਜ਼ੁਰਗ ਔਰਤਾਂ ਦੇ ਇੱਕ ਸਮੂਹ ਨਾਲ ਵੀ ਮੁਲਾਕਾਤ ਕੀਤੀ ਅਤੇ ਜਾਣ ਤੋਂ ਪਹਿਲਾਂ ਉਨ੍ਹਾਂ ਦਾ ਆਸ਼ੀਰਵਾਦ ਲਿਆ।

## ਰਿਐਲਿਟੀ ਸ਼ੋਅ ਬਿੱਗ ਬੌਸ-19 ਦੇ ਜੇਤੂ ਬਣੇ ਗੌਰਵ ਖੰਨਾ

ਮੁੰਬਈ : ਟੀ.ਵੀ. ਅਦਾਕਾਰ ਗੌਰਵ ਖੰਨਾ ਨੇ ਰਿਐਲਿਟੀ ਸ਼ੋਅ ਬਿੱਗ ਬੌਸ 19 ਦਾ ਗ੍ਰੈਂਡ ਫਿਨਾਲੇ ਜਿੱਤ ਲਿਆ ਹੈ। ਉਹ ਇਸ ਦੇ 19ਵੇਂ ਸੀਜ਼ਨ ਦੇ ਜੇਤੂ ਬਣੇ। ਸ਼ੋਅ ਜਿੱਤਣ 'ਤੇ ਗੌਰਵ ਖੰਨਾ ਨੂੰ ਬਿਗ ਬੌਸ ਦੀ ਟਰਾਫੀ ਦੇ ਨਾਲ 50 ਲੱਖ ਰੁਪਏ ਦਾ ਨਕਦ ਇਨਾਮ ਵੀ ਮਿਲਿਆ। ਜਦਕਿ ਫਰਹਾਨਾ ਭੱਟ ਉੱਪ-ਜੇਤੂ ਰਹੀ।

ਅਮਾਲ ਮਲਿਕ 5ਵੇਂ ਸਥਾਨ 'ਤੇ ਤਾਨਿਆ ਮਿੱਤਲ ਚੌਥੇ ਸਥਾਨ 'ਤੇ ਅਤੇ ਪ੍ਰਨੀਤ ਮੋਰੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਕਾਰਤਿਕ ਆਰੀਅਨ, ਅਨੰਨਿਆ ਪਾਂਡੇ ਤੇ ਕਰਨ ਕੁੰਦਰਾ ਸਮੇਤ ਕਈ ਮਸ਼ਹੂਰ ਹਸਤੀਆਂ ਨੇ ਫਿਨਾਲੇ 'ਚ ਸ਼ਿਰਕਤ ਕੀਤੀ। ਲਾਰੈਂਸ ਬਿਸ਼ਨੋਈ ਗੈਂਗ ਤੋਂ ਧਮਕੀ ਮਿਲਣ ਦੇ ਬਾਵਜੂਦ ਭੋਜਪੁਰੀ ਸੁਪਰਸਟਾਰ ਫ ਪਵਨ ਸਿੰਘ ਨੇ ਵੀ ਅੱਜ ਫਿਨਾਲੇ 'ਚ ਸ਼ਿਰਕਤ ਕੀਤੀ।

ਫੋਨ ਕਰਨ ਵਾਲੇ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਹ ਸਲਮਾਨ ਖਾਨ ਨਾਲ ਸਟੇਜ ਸਾਂਝਾ ਕਰੇਗਾ ਤਾਂ ਉਹ ਇੰਡਸਟਰੀ 'ਚ ਕੰਮ ਨਹੀਂ ਕਰ ਸਕੇਗਾ। ਜਦਕਿ ਧਮਕੀ ਦੇ ਬਾਵਜੂਦ ਪਵਨ ਸਿੰਘ ਫਿਨਾਲੇ 'ਚ ਸ਼ਾਮਿਲ ਹੋਏ । ਬਿੱਗ ਬੌਸ-19 ਇਸ ਸਾਲ 24 ਅਗਸਤ ਨੂੰ ਸ਼ੁਰੂ ਹੋਇਆ ਸੀ ਤੇ ਹਮੇਸ਼ਾ ਵਾਂਗ ਸ਼ੋਅ ਦੀ ਮੇਜ਼ਬਾਨੀ ਸਲਮਾਨ ਖਾਨ ਨੇ ਕੀਤੀ ਸੀ। ਬਿਗ ਬੌਸ 19 ਦੇ ਫਿਨਾਲੇ ਦੌਰਾਨ ਸਲਮਾਨ ਖਾਨ ਧਰਮਿੰਦਰ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਗਏ। ਸ਼ੋਅ 'ਚ ਧਰਮਿੰਦਰ ਦੇ ਪੁਰਾਣੇ ਵੀਡੀਓ ਦਿਖਾਏ ਗਏ, ਜਿਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਤੋਂ ਹੰਝੂ ਨਿਕਲ ਆਏ ਨਹੀਂ ਸੀ।

## ਜਨਮਦਿਨ ਮੁਬਾਰਕ ਪਿਆਰੇ...
## ਹੇਮਾ ਮਾਲਿਨੀ ਨੇ ਧਰਮਿੰਦਰ ਨੂੰ ਉਨ੍ਹਾਂ ਦੇ 90ਵੇਂ ਜਨਮਦਿਨ 'ਤੇ ਕੀਤਾ ਯਾਦ



ਅਦਾਕਾਰਾ ਹੇਮਾ ਮਾਲਿਨੀ ਨੇ ਧਰਮਿੰਦਰ ਨੂੰ 90ਵੇਂ ਜਨਮਦਿਨ ਮੌਕੇ ਯਾਦ ਕੀਤਾ ਅਤੇ ਇੱਕ ਭਾਵੁਕ ਪੋਸਟ ਪਾਈ। ਧਰਮਿੰਦਰ ਦਾ ਦੇਹਾਂਤ 24 ਨਵੰਬਰ ਨੂੰ ਉਨ੍ਹਾਂ ਦੇ ਜੁਹੂ ਸਥਿਤ ਘਰ ਵਿੱਚ ਹੋ ਗਿਆ ਸੀ।

ਹੇਮਾ ਮਾਲਿਨੀ ਨੇ ਪੋਸਟ ਕੀਤਾ, " ਧਰਮ ਜੀ। ਮੇਰੇ ਪਿਆਰੇ, ਜਨਮਦਿਨ ਮੁਬਾਰਕ। ਤੁਹਾਨੂੰ ਮੈਨੂੰ ਟੁੱਟਿਆ ਛੱਡ ਕੇ ਗਿਆਂ ਨੂੰ ਦੋ ਹਫ਼ਤਿਆਂ ਤੋਂ ਵੱਧ ਸਮਾਂ ਹੋ ਗਿਆ ਹੈ, ਮੈਂ ਹੌਲੀ-ਹੌਲੀ ਟੁਕੜਿਆਂ ਨੂੰ ਇਕੱਠਾ ਕਰ ਰਹੀ ਹਾਂ ਅਤੇ ਆਪਣੀ ਜ਼ਿੰਦਗੀ ਨੂੰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ, ਇਹ ਜਾਣਦੇ ਹੋਏ ਕਿ ਤੁਸੀਂ ਹਮੇਸ਼ਾ ਰੂਹ ਦੇ ਰੂਪ ਵਿੱਚ ਮੇਰੇ ਨਾਲ ਰਹੋਗੇ। "

ਹੇਮਾ ਮਾਲਿਨੀ ਨੇ ਅੱਗੇ ਕਿਹਾ, "....ਸਿਰਫ਼ ਉਨ੍ਹਾਂ ਪਲਾਂ ਨੂੰ ਮੁੜ ਜੀਣਾ ਹੀ ਮੈਨੂੰ ਬਹੁਤ ਦਿਲਾਸਾ ਅਤੇ ਖੁਸ਼ੀ ਦਿੰਦਾ ਹੈ। ਮੈਂ ਸਾਡੇ ਇਕੱਠੇ ਬਿਤਾਏ ਪਿਆਰੇ ਸਾਲਾਂ ਲਈ, ਸਾਡੀਆਂ ਦੋ ਖੂਬਸੂਰਤ ਬੇਟੀਆਂ ਲਈ, ਜੋ ਇੱਕ-ਦੂਜੇ ਲਈ ਸਾਡੇ ਪਿਆਰ ਦੀ ਪੁਸ਼ਟੀ ਕਰਦੀਆਂ ਹਨ, ਅਤੇ ਉਨ੍ਹਾਂ ਸਾਰੀਆਂ ਖੂਬਸੂਰਤ, ਖੁਸ਼ਹਾਲ ਯਾਦਾਂ ਲਈ ਪ੍ਰਮਾਤਮਾ ਦਾ ਧੰਨਵਾਦ ਕਰਦੀ ਹਾਂ ਜੋ ਮੇਰੇ ਦਿਲ ਵਿੱਚ ਹਮੇਸ਼ਾ ਰਹਿਣਗੀਆਂ। ਤੁਹਾਡੇ ਜਨਮਦਿਨ 'ਤੇ, ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਤੁਹਾਨੂੰ ਸ਼ਾਂਤੀ ਅਤੇ ਖੁਸ਼ੀ ਬਖ਼ਸ਼ੇ ਜਿਸਦੇ ਤੁਸੀਂ ਆਪਣੀ ਨਿਮਰਤਾ, ਦਿਲ ਦੀ ਚੰਗਿਆਈ ਅਤੇ ਮਨੁੱਖਤਾ ਲਈ ਪਿਆਰ ਕਾਰਨ ਹੱਕਦਾਰ ਹੋ। ਜਨਮਦਿਨ ਮੁਬਾਰਕ ਪਿਆਰੇ। " ਆਪਣੀ ਪੋਸਟ ਵਿੱਚ ਅਦਾਕਾਰਾ ਨੇ ਕਿਹਾ ਕਿ ਉਨ੍ਹਾਂ ਦੀ ਇਕੱਠੀ ਜ਼ਿੰਦਗੀ ਦੀਆਂ ਖੁਸ਼ੀ ਨਾਲ ਭਰੀਆਂ ਯਾਦਾਂ ਕਦੇ ਮਿਟਾਈਆਂ ਨਹੀਂ ਜਾ ਸਕਦੀਆਂ।

ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਨੇ ਧਰਮਿੰਦਰ ਨਾਲ ਆਪਣੀ ਜ਼ਿੰਦਗੀ ਦੀਆਂ ਤਸਵੀਰਾਂ ਵੀ X 'ਤੇ ਸਾਂਝੀਆਂ ਕੀਤੀਆਂ। ਉਨ੍ਹਾਂ ਤਸਵੀਰਾਂ 'ਤੇ ਲਿਖਿਆ "ਸਾਡੇ ਖੁਸ਼ਹਾਲ ਇਕੱਠਿਆਂ ਦੇ ਪਲ"। ਦੱਸ ਦਈਏ ਕਿ ਦੋਵਾਂ ਦਾ ਵਿਆਹ 1980 ਵਿੱਚ ਹੋਇਆ ਸੀ ਅਤੇ ਉਨ੍ਹਾਂ ਦੀਆਂ ਦੋ ਧੀਆਂ ਈਸ਼ਾ ਅਤੇ ਅਹਾਨਾ ਹਨ। ਧਰਮਿੰਦਰ ਦੇ ਆਪਣੀ ਪਹਿਲੀ ਪਤਨੀ ਪ੍ਰਕਾਸ਼ ਕੌਰ ਤੋਂ ਵੀ ਚਾਰ ਬੱਚੇ ਹਨ, ਜਿਨ੍ਹਾਂ ਵਿੱਚ ਅਦਾਕਾਰ ਸੰਨੀ ਅਤੇ ਬੌਬੀ ਦਿਓਲ ਸ਼ਾਮਲ ਹਨ।

# "ਜੱਸੀ ਜੈਸੀ ਕੋਈ ਨਹੀਂ"- ਮੋਨਾ ਸਿੰਘ



ਕਿਸਮਤ ਕਦੋਂ ਤੇ ਕਿਵੇਂ ਬਦਲ ਜਾਂਦੀ ਹੈ, ਇਹ ਗੱਲ ਤੁਸੀਂ ਮੋਨਾ ਸਿੰਘ ਨੂੰ ਦੇਖ ਕੇ ਚੰਗੀ ਤਰ੍ਹਾਂ ਸਮਝ ਸਕਦੇ ਹੋ।

ਸਭ ਤੋਂ ਪਹਿਲਾਂ ਉਹ ਸੋਨੀ ਟੀਵੀ ਦੇ ਮਸ਼ਹੂਰ ਸ਼ੋਅ "ਜੱਸੀ ਜੈਸੀ ਕੋਈ ਨਹੀਂ" ਵਿੱਚ ਨਜ਼ਰ ਆਈ। ਇੱਕ ਸਾਦੀ ਤੇ ਸਿੱਧੀ ਜਿਹੀ ਕੁੜੀ, ਮੋਟੇ ਸ਼ੀਸ਼ੇ ਵਾਲੀਆਂ ਐਨਕਾਂ,ਜਿਸਦੀ ਪਛਾਣ ਉਸ ਦੇ ਏਸੇ ਕਿਰਦਾਰ ਨਾਲ ਬਣ ਗਈ। ਫਿਰ ਉਹਨੇ ਕਈ ਸੀਰੀਅਲ ਕੀਤੇ, ਪਰ ਅਸਲ ਵਿੱਚ ਕਿਸਮਤ ਦਾ ਪਹੀਆ ਤਾਂ ਉਸ ਸਮੇਂ ਘੁੰਮਿਆ,

ਜਦੋਂ ਉਸ ਨੂੰ 3 ਇਡੀਅਟਸ ਵਿੱਚ ਇੱਕ ਵਧੀਆ ਸਪੋਰਟਿੰਗ ਰੋਲ ਮਿਲਿਆ। ਸ਼ਾਇਦ ਮੋਨਾ ਨੇ ਖੁਦ ਵੀ ਨਹੀਂ ਸੋਚਿਆ ਹੋਵੇਗਾ ਕਿ ਇਹ ਛੋਟਾ ਜਿਹਾ ਰੋਲ ਉਸ ਦੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਕੇ ਰੱਖ ਦੇਵੇਗਾ। ਸਪੋਰਟਿੰਗ ਰੋਲ ਤੋਂ ਲੀਡ ਰੋਲਾਂ ਤੱਕ, ਟੀਵੀ ਤੋਂ ਵੱਡੇ-ਵੱਡੇ ਪ੍ਰੋਡਕਸ਼ਨ ਹਾਊਸਾਂ ਤੱਕ ਹਰ ਜਗ੍ਹਾ ਉਸ ਦੀ ਐਕਟਿੰਗ ਦੇ ਕਮਾਲ ਦੀ ਗੱਲ ਹੋਣੀ ਸ਼ੁਰੂ ਹੋ ਗਈ। ਅੱਜਕਲ ਦੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਇੱਕ ਦਿਨ ਅਜਿਹਾ ਵੀ ਆਇਆ ਸੀ ਜਦੋਂ ਇੱਕ ਵੀਡੀਓ ਚਾਰੇ ਪਾਸੇ ਵਾਇਰਲ ਹੋਈ ਸੀ। ਜਿਸ ਵਿੱਚ ਇੱਕ ਕੁੜੀ 2 ਪੀਸ ਵਿੱਚ ਰਸੋਈ ਵਿੱਚ ਦਿਖਦੀ ਹੈ, ਉਸ ਵਰੇ ਇਹ ਅਫਵਾਹ ਉੱਡੀ ਕਿ ਇਹ ਮੋਨਾ ਸਿੰਘ ਹੈ ਜੋ ਕਿ ਬਾਅਦ ਵਿੱਚ ਜਾਂਚ ਚ ਪਤਾ ਲੱਗਿਆ ਕਿ ਇਹ ਕੋਈ ਉਸ ਦੀ ਹਮਸ਼ਕਲ ਹੈ ਮੋਨਾ ਸਿੰਘ ਨਹੀਂ।

ਅੱਜ ਕੱਲ ਉਹ ਆਮਿਰ ਖਾਨ ਪ੍ਰੋਡਕਸ਼ਨ ਦੀ ਫ਼ਿਲਮ "Happy Patel" ਵਿੱਚ ਵੀਰ ਦਾਸ ਦੇ ਨਾਲ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗੀ।

ਇਹ ਇਕ ਵੱਖਰੀ ਤਰ੍ਹਾਂ ਦੀ ਜਾਸੂਸੀ ਫ਼ਿਲਮ ਹੈ, ਜਿਸ ਨੂੰ ਵੀਰ ਦਾਸ ਖੁਦ ਡਾਇਰੈਕਟ ਕਰ ਰਿਹਾ ਹੈ।

ਫਿਲਮ ਦੇ ਐਲਾਨ ਤੋਂ ਬਾਅਦ ਇੱਕ ਵੀਡੀਉ ਵਾਇਰਲ ਹੋ ਰਹੀ ਹੈ।

ਤਿੰਨ ਮਿੰਟ ਦੀ ਉਸ ਵੀਡੀਓ ਦੀ ਸ਼ੁਰੂਆਤ ਆਮਿਰ ਦੇ ਡਾਇਲਾਗ ਤੇ ਵੀਰ ਦਾਸ ਦੀ ਲੜਾਈ ਤੋਂ ਹੁੰਦੀ ਆ।

ਆਮਿਰ ਕਹਿੰਦਾ ਹੈ —

ਮੈਂ ਇੱਕ ਫ਼ਿਲਮ ਕੀ ਫਲੌਪ ਬਣਾ ਦਿੱਤੀ... ਸਭ ਮੇਰੇ ਪਿੱਛੇ ਹੀ ਪਏ ਹਨ!"

ਇਸ ਤੋਂ ਇਲਾਵਾ, ਮੋਨਾ ਸਿੰਘ ਭੋਰਦਾਰ 2 ਵਿੱਚ ਵੀ ਨਜ਼ਰ ਆਵੇਗੀ। ਜਿਸ ਵਿੱਚ ਸੰਨੀ ਦਿਉਲ ਵਰੁਣ ਧਵਨ ਅਤੇ ਦਲਜੀਤ ਦੋਸਾਂਝ ਕੰਮ ਕਰ ਰਹੇ ਹਨ।

ਸਤਨਾਮ ਦੂਹੇਵਾਲਾ

## ਦੋਸਤ ਤਾਰਾ ਸ਼ਰਮਾ ਨੇ ਇੱਕ ਪੁਰਾਣੀ ਫੋਟੋ ਸ਼ੇਅਰ ਕਰਦਿਆਂ ਕਿਹਾ
# "ਅਕਸ਼ੈ ਖੰਨਾ ਨੇ ਧੁਰੰਧਰ 'ਚ ਕੀਤੀ ਧਮਾਕੇਦਾਰ ਵਾਪਸੀ"





ਅਕਸ਼ੈ ਖੰਨਾ ਨੇ "ਧੁਰੰਧਰ" ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਉਹ ਖਲਨਾਇਕ ਦੀ ਭੂਮਿਕਾ ਵਿੱਚ ਹੀਰੋ ਰਣਵੀਰ ਸਿੰਘ ਨੂੰ ਵੀ ਪਛਾੜਦਾ ਹੈ। ਆਲੋਚਕਾਂ ਤੋਂ ਲੈ ਕੇ ਦਰਸ਼ਕਾਂ ਤੱਕ, ਹਰ ਕੋਈ ਅਕਸ਼ੈ ਖੰਨਾ ਦੀ ਸ਼ਕਤੀਸ਼ਾਲੀ ਅਦਾਕਾਰੀ ਦੀ ਪ੍ਰਸ਼ੰਸਾ ਕਰ ਰਿਹਾ ਹੈ। ਫਰਾਹ ਖਾਨ ਅਤੇ ਮਧੁਰ ਭੰਡਾਰਕਰ ਸਮੇਤ ਇੰਡਸਟਰੀ ਦੇ ਵੱਡੇ ਨਾਵਾਂ ਨੇ ਉਸਦੇ ਪ੍ਰਦਰਸ਼ਨ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਹੈ ਕਿ ਉਹ ਆਸਕਰ ਦਾ ਹੱਕਦਾਰ ਹੈ। ਹੁਣ, ਅਕਸ਼ੈ ਖੰਨਾ ਦੀ ਦੋਸਤ ਤਾਰਾ ਸ਼ਰਮਾ ਵੀ ਇਸ ਬੈਂਡਵਾਗਨ ਵਿੱਚ ਸ਼ਾਮਲ ਹੋ ਗਈ ਹੈ।

ਆਦਿਤਿਆ ਧਰ ਦੀ ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ, ਧੁਰੰਧਰ, ਨੂੰ ਦਰਸ਼ਕਾਂ ਅਤੇ ਇੰਡਸਟਰੀ ਦੋਵਾਂ ਵੱਲੋਂ ਭਰਪੂਰ ਤਾਰੀਫ ਤੇ ਹੁੰਗਾਰਾ ਮਿਲ ਰਿਹਾ ਹੈ। ਅਕਸ਼ੈ ਖੰਨਾ ਦੀ ਸ਼ਕਤੀਸ਼ਾਲੀ ਅਦਾਕਾਰੀ ਅਤੇ ਸਕ੍ਰੀਨ 'ਤੇ ਸ਼ਾਨਦਾਰ ਮੌਜੂਦਗੀ ਦੀ ਸੋਸ਼ਲ ਮੀਡੀਆ 'ਤੇ ਖਾਸ ਤੌਰ 'ਤੇ ਚਰਚਾ ਹੋ ਰਹੀ ਹੈ। ਹੁਣ, ਅਦਾਕਾਰਾ ਅਤੇ ਬਚਪਨ ਦੀ ਦੋਸਤ ਤਾਰਾ ਸ਼ਰਮਾ ਵੀ ਇਸ ਸੂਚੀ ਵਿੱਚ ਸ਼ਾਮਲ ਹੋ ਗਈ ਹੈ, ਜਿਸ ਨੇ ਅਕਸ਼ੈ ਦੀ ਮਿਹਨਤ ਅਤੇ ਫਿਸਮ ਵਿੱਚ ਉਨ੍ਹਾਂ ਦੀ ਪ੍ਰਫਾਰਮੈਂਸ ਦੀ ਪ੍ਰਸ਼ੰਸਾ ਕੀਤੀ ਹੈ।

ਤਾਰਾ ਸ਼ਰਮਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਇਮੋਸ਼ਨਲ ਪੋਸਟ ਸ਼ੇਅਰ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਅਕਸ਼ੈ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨੇ ਲਿਖਿਆ ਕਿ ਹਾਲਾਂਕਿ ਉਨ੍ਹਾਂ ਨੂੰ ਅਜੇ ਤੱਕ ਫਿਲਮ ਦੇਖਣ ਦਾ ਮੌਕਾ ਨਹੀਂ ਮਿਲਿਆ ਹੈ ਪਰ ਸੋਸ਼ਲ ਮੀਡੀਆ 'ਤੇ ਧੁਰੰਧਰ ਬਾਰੇ ਪੋਸਟਾਂ ਤੋਂ ਅੰਦਾਜ਼ਾ ਲਗਾਉਂਦੇ ਹੋਏ, ਇਹ ਸਪੱਸ਼ਟ ਹੈ ਕਿ ਲੋਕ ਫਿਲਮ ਨੂੰ ਪਿਆਰ ਕਰ ਰਹੇ ਹਨ। ਤਾਰਾ ਨੇ ਖਾਸ ਤੌਰ 'ਤੇ ਅਕਸ਼ੈ ਦੇ ਐਂਟਰੀ ਸੀਨ ਅਤੇ ਫਿਲਮ ਦੇ ਪ੍ਰਸਿੱਧ ਗੀਤ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਸ ਦੀ ਪੂਰੀ ਇੰਸਟਾਗ੍ਰਾਮ ਫੀਡ ਫਿਲਮ ਨਾਲ ਭਰੀ ਹੋਈ ਹੈ। ਉਨ੍ਹਾਂ ਨੇ ਅਕਸ਼ੈ ਅਤੇ ਪੂਰੀ ਟੀਮ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਤਾਰਾ ਸ਼ਰਮਾ ਨੇ ਇਹ ਵੀ ਖੁਲਾਸਾ ਕੀਤਾ ਕਿ ਉਹ ਅਤੇ ਅਕਸ਼ੈ ਬਚਪਨ ਤੋਂ ਹੀ ਇੱਕ ਦੂਜੇ ਨੂੰ ਜਾਣਦੇ ਹਨ। ਉਨ੍ਹਾਂ ਨੇ ਸਕੂਲ ਦੌਰਾਨ ਕਈ ਨਾਟਕਾਂ ਵਿੱਚ ਇਕੱਠੇ ਕੰਮ ਕੀਤਾ। ਤਾਰਾ ਦੇ ਅਨੁਸਾਰ, ਉਦੋਂ ਇਹ ਸਪੱਸ਼ਟ ਹੋ ਗਿਆ ਸੀ ਕਿ ਅਕਸ਼ੈ ਦਾ ਭਵਿੱਖ ਅਦਾਕਾਰੀ ਵਿੱਚ ਹੈ। ਉਨ੍ਹਾਂ ਨੇ ਲਿਖਿਆ ਕਿ ਅਕਸ਼ੈ ਹਮੇਸ਼ਾ ਤੋਂ ਇੱਕ ਬਹੁਤ ਹੀ ਪ੍ਰਾਈਵੇਟ ਵਿਅਕਤੀ ਰਿਹਾ ਹੈ, ਪਰ ਉਸ ਦੀ ਸ਼ਾਂਤ ਮਿਹਨਤ ਦਾ ਫਲ ਹੁਣ ਦਿਖਾਈ ਦੇ ਰਿਹਾ ਹੈ, ਅਤੇ ਇਹ ਦੇਖ ਕੇ ਖੁਸ਼ੀ ਹੁੰਦੀ ਹੈ।

## ਆਮਿਰ ਖਾਨ ਨੂੰ 60 ਸਾਲ ਦੀ ਉਮਰ 'ਚ ਤੀਜੀ ਵਾਰ ਹੋਇਆ ਸੱਚਾ ਪਿਆਰ
## ਕਿਹਾ 'ਦੋ ਵਿਆਹ ਟੁੱਟੇ, ਫਿਰ ਵੀ ਮੈਂ ਖੁਸ਼ਕਿਸਮਤ ਹਾਂ'



ਅਦਾਕਾਰ ਆਮਿਰ ਖਾਨ ਨੇ ਆਪਣੇ 60ਵੇਂ ਜਨਮਦਿਨ 'ਤੇ Gauri Spratt ਨਾਲ ਆਪਣੇ ਰਿਸ਼ਤੇ ਦੀ ਪੁਸ਼ਟੀ ਕੀਤੀ। ਉਦੋਂ ਤੋਂ, ਉਹ ਸੁਰਖੀਆਂ ਵਿੱਚ ਹਨ। ਆਮਿਰ ਦਾ ਤਲਾਕ ਹੋ ਚੁੱਕਾ ਹੈ ਅਤੇ ਉਹ ਤਿੰਨ ਬੱਚਿਆਂ ਦੇ ਪਿਤਾ ਹਨ। ਉਨ੍ਹਾਂ ਨੇ ਦੋ ਵਾਰ ਵਿਆਹ ਕੀਤਾ, ਪਰ ਦੋਵੇਂ ਵਿਆਹ ਖਤਮ ਹੋ ਗਏ। ਦੋ ਅਸਫ਼ਲ ਵਿਆਹਾਂ ਤੋਂ ਬਾਅਦ, ਆਮਿਰ ਖਾਨ ਹੁਣ Gauri Spratt ਨਾਲ ਰਿਸ਼ਤੇ ਵਿੱਚ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਤੀਜੀ ਵਾਰ ਪਿਆਰ ਮਿਲਣ ਬਾਰੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ ਅਤੇ ਆਪਣੇ ਆਪ ਨੂੰ ਖੁਸ਼ਕਿਸਮਤ ਕਿਹਾ।

### ਉਨ੍ਹਾਂ ਨੇ ਆਪਣੇ ਆਪ ਨੂੰ ਖੁਸ਼ਕਿਸਮਤ ਕਿਹਾ

ਆਮਿਰ ਖਾਨ ਨੇ ਹਿੰਦੁਸਤਾਨ ਲੀਡਰਸ਼ਿਪ ਸੰਮੇਲਨ 2025 ਵਿੱਚ ਕਿਹਾ ਕਿ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਦੁਬਾਰਾ ਰਿਸ਼ਤੇ ਵਿੱਚ ਹੋਵੇਗਾ। ਆਮਿਰ ਖਾਨ ਦੇ ਅਨੁਸਾਰ, "ਉਹ (ਗੌਰੀ) ਬਹੁਤ ਸ਼ਾਂਤੀ ਅਤੇ ਸਥਿਰਤਾ ਲਿਆਉਂਦੀ ਹੈ। ਉਹ ਸੱਚਮੁੱਚ ਇੱਕ ਸ਼ਾਨਦਾਰ ਇਨਸਾਨ ਹੈ। ਮੈਂ ਖੁਸ਼ਕਿਸਮਤ ਹਾਂ ਕਿ ਮੈਂ ਉਸ ਨੂੰ ਮਿਲਿਆ ਹਾਂ। ਮੈਂ ਬਹੁਤ ਖੁਸ਼ਕਿਸਮਤ ਹਾਂ ਕਿ ਮੇਰੇ ਵਿਆਹ ਸਫਲ ਨਹੀਂ ਹੋਏ, ਪਰ ਮੈਂ ਰੀਨਾ, ਕਿਰਨ ਅਤੇ ਗੌਰੀ ਨੂੰ ਆਪਣੀ ਜ਼ਿੰਦਗੀ ਵਿੱਚ ਪਾ ਕੇ ਬਹੁਤ ਖੁਸ਼ ਹਾਂ।" ਉਨ੍ਹਾਂ ਨੇ ਇੱਕ ਇਨਸਾਨ ਦੇ ਤੌਰ 'ਤੇ ਮੇਰੇ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ, ਅਤੇ ਮੈਂ ਕਈ ਤਰੀਕਿਆਂ ਨਾਲ ਉਨ੍ਹਾਂ ਦਾ ਰਿਣੀ ਹਾਂ।






# ਨਾਨਕਿਆਂ ਦੀਆਂ ਯਾਦਾਂ



ਹਰਪ੍ਰੀਤ ਕੌਰ ਸੰਧੂ

ਜ਼ਿੰਦਗੀ ਦੀਆਂ ਸਭ ਤੋਂ ਪਿਆਰੀਆਂ ਯਾਦਾਂ ਹੁੰਦੀਆਂ ਹਨ। ਮੇਰੇ ਨਾਨਕੇ ਪਿੰਡ ਰਾਏਪੁਰ ਰਸੂਲਪੁਰ ਹਨ। ਨਿੱਕੇ ਹੁੰਦਿਆਂ ਸਾਰੀਆਂ ਛੁੱਟੀਆਂ ਹਮੇਸ਼ਾ ਹੀ ਨਾਨਕੇ ਜਾ ਕੇ ਬਿਤਾਈਆਂ ਹਨ। ਨਾਨੀ ਦੇ ਚਾਹ ਪੱਤੀ ਵਾਲੇ ਡੱਬੇ ਵਿੱਚ ਪੈਸੇ ਹੁੰਦੇ ਸਨ। ਜਦੋਂ ਵੀ ਕੋਈ ਚੀਜ਼ ਵਿਕਣੀ ਆਉਣੀ ਅਸੀਂ ਨਾਨੀ ਤੋਂ ਪੈਸੇ ਮੰਗਣੇ ਤੇ ਨਾਨੀ ਨੇ ਚਾਹ ਪੱਤੀ ਵਾਲਾ ਡੱਬਾ ਖੋਲ ਕੇ ਵਿੱਚੋਂ ਪੈਸੇ ਸਾਨੂੰ ਦੇ ਦੇਣੇ।

ਬਾਈ ਦੀ ਹੱਟੀ ਤੋਂ ਸਮਾਨ ਲਿਆ ਕੇ ਖਾ ਲੈਣਾ। ਮੈਨੂੰ ਤਾਂ ਇੰਜ ਲੱਗਦਾ ਹੁੰਦਾ ਸੀ ਜਿੱਦਾਂ ਬਾਈ ਸਾਨੂੰ ਮੁਫਤ ਵਿੱਚ ਚੀਜ਼ਾਂ ਦਿੰਦਾ ਹੈ। ਇਹ ਤਾਂ ਕਈ ਸਾਲ ਬਾਅਦ ਪਤਾ ਲੱਗਿਆ ਕਿ ਉੱਥੇ ਹਿਸਾਬ ਚੱਲਦਾ ਹੈ ਤੇ ਨਾਨਾ ਜੀ ਮਹੀਨੇ ਦੇ ਮਹੀਨੇ ਉਸ ਨੂੰ ਪੈਸੇ ਦਿੰਦੇ ਹਨ। ਇਹ ਵੀ ਬੜੀ ਪਿਆਰੀ ਜਿਹੀ ਖੁਸ਼ਖਹਿਮੀ ਸੀ ਕਿ ਬਾਈ ਸਾਨੂੰ ਮੁਫਤ ਵਿੱਚ ਚੀਜ਼ਾਂ ਦਿੰਦਾ ਹੈ।

ਕਈ ਵਾਰੀ ਘਰਦਿਆਂ ਨੇ ਦਾਣੇ ਭੁਨਾਉਣ ਭੇਜ ਦੇਣਾ। ਉੱਥੇ ਰੇਤ ਵਿੱਚ ਜਦੋਂ ਦਾਣੇ ਭੁੱਜਣੇ ਤੇ ਖੇਲਣਾ ਬਣਨੀਆਂ ਦੇਖ ਕੇ ਬੜਾ ਹੀ ਮਜ਼ਾ ਆਉਣਾ। ਦਾਣਿਆਂ ਦੀ ਟੋਕਰੀ ਲਈ ਜਦੋਂ ਵਾਪਸ ਆਉਣਾ ਤਾਂ ਰਾਹ ਵਿੱਚ ਹੀ ਦਾਣੇ ਖਾਣੇ ਸ਼ੁਰੂ ਕਰ ਦੇਣੇ। ਦਾਣੇ ਭੁੰਨਾਉਣ ਜਾਣਾ ਵੀ ਇੱਕ ਬੜਾ ਜਰੂਰੀ ਕੰਮ ਸੀ।

ਨਾਨੀ ਨੇ ਮੱਝਾਂ ਲਈ ਬੱਕਲੀਆਂ ਬਣਾ ਕੇ ਰੱਖ ਲੈਣੀਆਂ ਉਹਨਾਂ ਦੇ ਠੰਡੇ ਹੋਣ ਦੇ ਇੰਤਜ਼ਾਰ ਵਿੱਚ। ਅਸੀਂ ਕੌਲੀ ਵਿੱਚ ਬਕਲੀਆਂ ਪਾ ਉਸ ਵਿੱਚ ਸ਼ੱਕਰ ਪਾ ਕੇ ਖਾ ਲੈਣੀ। ਨਾਨੀ ਨੇ ਬਥੇਰਾ ਕਹਿਣਾ ਸਾਰੀਆਂ ਨਾ ਖਾਇਆ ਕਰੋ ਮੱਝ ਜੋਗੀਆਂ ਵੀ ਰਹਿਣ ਦਿਓ। ਪਰ ਅਸੀਂ ਪੰਜ ਨਿਆਣੇ ਕਿੱਥੇ ਕਾਬੂ ਆਉਂਦੇ। ਪੰਜ ਨਿਆਣਿਆਂ ਵਿੱਚੋਂ ਇੱਕ ਮੈਂ ਤੇ ਚਾਰ ਮੇਰੀਆਂ ਮਾਸੀਆਂ ਦੀਆਂ ਕੁੜੀਆਂ। ਸਵੇਰੇ ਉਠਦੇ ਹੀ ਚੁੱਲ੍ਹੇ ਦੇ ਮੂਹਰੇ ਪਾਥੀ ਮੋਦੀ ਕਰਕੇ ਬਹਿ ਜਾਣਾ। ਚਾਹ ਦੀ ਭਰੀ ਪਤੀਲੀ ਵਿੱਚੋਂ ਚਾਹ ਪੀਣ ਦਾ ਸਵਾਦ ਹੀ ਵੱਖਰਾ ਸੀ।

ਇੱਕ ਵਾਰ ਮੇਰਾ ਮਾਸੜ ਇੰਗਲੈਂਡ ਤੋਂ ਆਇਆ ਹੋਇਆ ਸੀ। ਜਦੋਂ ਕੁਲਫੀ ਵਾਲਾ ਮੱਖਣ ਆਇਆ ਤਾਂ ਅਸੀਂ ਨਾਨੀ ਤੋਂ ਪੈਸੇ ਮੰਗਣ ਲੱਗੇ। ਮਾਸੜ ਨੇ ਮੱਖਣ ਨੂੰ ਆਵਾਜ਼ ਮਾਰੀ ਤੇ ਕਿਹਾ ਸਾਰੇ ਨਿਆਣਿਆਂ ਨੂੰ ਕੁਲਫੀਆਂ ਦੇ ਦੇ। ਜਿਹਨੇ ਆਂਢ ਗੁਆਂਡ ਦੇ ਨਿਆਣੇ ਸੀ ਸਾਰੇ ਇਕੱਠੇ ਹੋ ਗਏ। ਅਸੀਂ ਸਾਰਿਆਂ ਨੇ ਦੋ ਦੋ ਕੁਲਫੀਆਂ ਖਾਧੀਆਂ। ਜਿੰਨੇ ਦਿਨ ਮਾਸੜ ਰਿਹਾ ਅਸੀਂ ਬੜੀਆਂ ਮੌਜਾਂ ਕੀਤੀਆਂ। ਉਸ ਦੇ ਲਈ ਪਕੌੜੇ ਬਣਨੇ ਤਾਂ ਸਾਨੂੰ ਵੀ ਨਾਲ ਮਿਲ ਜਾਣੇ। ਮਾਸਟਰ ਨੇ ਖਾਣ ਪੀਣ ਨੂੰ ਵੱਖਰਾ ਕੁਝ ਲੈ ਦੇਣਾ।

ਨਾਨਾ ਜੀ ਤਾਂ ਪਹਾੜੇ ਸੁਣਾਉਣ ਦੇ ਵੀ ਪੈਸੇ ਦਿੰਦੇ ਸੀ। ਉਹਨੇ ਕਹਿਣਾ ਚਲੋ ਬਈ ਪਹਾੜੇ ਸੁਣਾਓ। ਜਿਹਨੇ ਵੱਧ ਪਹਾੜੇ ਸੁਣਾਉਣੇ ਉਸਨੂੰ ਪੈਸੇ ਮਿਲਣੇ। ਫਿਰ ਅਸੀਂ ਸਾਰਿਆਂ ਨੇ ਉਸਦੀਆਂ ਮਿੰਨਤਾਂ ਕਰਦੇ ਰਹਿਣਾ ਕਿ ਸਾਨੂੰ ਵੀ ਖਾਣ ਨੂੰ ਕੁਝ ਲੈ ਦੇ।

ਸਵੇਰ ਵੇਲੇ ਨਾਨੀ ਨੇ ਆਂਡੇ ਉਬਾਲਣੇ ਤੇ ਇੱਕ ਇੱਕ ਅੰਡਾ ਸਾਨੂੰ ਖਾਣ ਨੂੰ ਦੇ ਦੇਣਾ। ਫਿਰ ਦੋ ਅੰਡੇ ਇੱਕ ਪਲੇਟ ਵਿੱਚ ਪਾ ਕੇ ਕਹਿਣਾ ਜਾਓ ਚੁਬਾਰੇ ਵਿੱਚ ਨਾਨਾ ਜੀ ਨੂੰ ਫੜਾ ਆਓ। ਮੇਰੀ ਮਾਸੀ ਦੀ ਕੁੜੀ ਸੋਨਾ ਅਕਸਰ ਉਹ ਅੰਡੇ ਲੈ ਕੇ ਚੁਬਾਰੇ ਵਿੱਚ ਜਾਂਦੀ। ਨਾਨਾ ਜੀ ਉਸਦੇ ਉਸਨੂੰ ਪੁੱਛਦੇ ਸੋਨੇ ਉਬਲਿਆਂ ਆਂਡਾ ਖਾ ਲਿਆ ਤੁਸੀਂ ਤਾਂ ਸੋਨੇ ਨੇ ਜਵਾਬ ਦੇਣਾ ਨਹੀਂ। ਨਾਨਾ ਜੀ ਨੇ ਇੱਕ ਅੰਡਾ ਉਸ ਨੂੰ ਦੇ ਦੇਣਾ। ਇਸ ਤਰ੍ਹਾਂ ਸੋਨੇ ਦੇ ਦੋ ਹੋ ਜਾਣੇ ਤੇ ਸਾਡਾ ਸਾਰਿਆਂ ਦਾ ਇੱਕ-ਇੱਕ। ਪਰ ਇਹ ਗੱਲ ਸਾਨੂੰ ਬਹੁਤ ਬਾਅਦ ਵਿੱਚ ਪਤਾ ਲੱਗੀ।

ਨਾਨਕਿਆਂ ਦੇ ਪਿੰਡ ਵਿੱਚ ਅਸੀਂ ਸਿਰਫ ਮੇਜਰ ਸਾਹਿਬ ਦੇ ਘਰ ਦੇ ਦੀਆਂ ਦੋਹਤੀਆਂ ਨਹੀਂ ਸੀ ਨਹੀਂ ਸੀ ਸਾਰੇ ਪਿੰਡ ਦੀਆਂ ਦੋਹਤੀਆਂ ਹੁੰਦੀਆਂ। ਹਰ ਕੋਈ ਬੜਾ ਹੀ ਪਿਆਰ ਕਰਦਾ। ਕਿਸੇ ਦੇ ਖੇਤ ਵਿੱਚੋਂ ਮੂਲੀਆਂ ਪੱਟ ਦਿੰਦੇ ਜਾਂ ਕੁਝ ਹੋਰ ਨੁਕਸਾਨ ਕਰ ਦਿੰਦੇ ਕੋਈ ਕੁਝ ਨਹੀਂ ਸੀ ਕਹਿੰਦਾ। ਅੱਗੋਂ ਹੱਸ ਕੇ ਕਹਿ ਦਿੰਦੇ ਕੋਈ ਨਾ ਨਿਆਣੇ ਨਾਨਕੇ ਆਏ ਹਨ।

ਰਾਤ ਨੂੰ ਵਿਹੜੇ ਵਿੱਚ ਮੰਜੇ ਡਾਹ ਕੇ ਪੈ ਜਾਂਦੇ। ਮੌਲਾ ਸਾਨੂੰ ਬਾਤਾਂ ਸੁਣਾਉਂਦਾ। ਕਦੀ ਕਦੀ ਨਾਨੀ ਵੀ ਬਾਤਾਂ ਸੁਣਾਉਂਦੀ ਸੀ। ਪਰ ਮੌਲੇ ਦੀਆਂ ਕਹਾਣੀਆਂ ਦਾ ਤਾਂ ਮਜ਼ਾ ਹੀ ਹੋਰ ਸੀ। ਉਸ ਦੀ ਸੁਣਾਈ ਕਹਾਣੀ ਲੱਲੂ ਕਰੇ ਕਵਲੀਆਂ ਰੱਬ ਸਿੱਧੀਆਂ ਪਾਵੇ ਬੜੀ ਹੀ ਮਜੇਦਾਰ ਸੀ। ਅਸੀਂ ਜਿੰਨੇ ਦਿਨ ਰਹਿੰਦੇ ਸਾਰਾ ਦਿਨ ਖੇਡਦੇ। ਕਦੇ ਝਿੜਕਾ ਨਹੀਂ ਸੀ ਪੈਂਦੀਆਂ। ਸਭ ਬਹੁਤ ਪਿਆਰ ਕਰਦੇ।

ਸਾਹਮਣੇ ਵਾਲੇ ਘਰ ਵਾਲੀ ਮਾਸੀ ਮਿੰਦੋ ਨੂੰ ਤਾਂ ਮੈਂ ਕਦੇ ਵੀ ਨਹੀਂ ਭੁੱਲ ਸਕਦੀ। ਉਸ ਦਾ ਬਣਾਇਆ ਸਾਗ ਕਰਾਰਾ ਹੁੰਦਾ। ਬਹੁਤ ਕਰਾਰਾ। ਉਹ ਜਿਸ ਦਿਨ ਵੀ ਸਾਗ ਧਰਦੀ ਕਹਿ ਦਿੰਦੀ ਕਿ ਅੱਜ ਸਾਗ ਲੈ ਜਾਏ ਨਿਆਣਿਓ। ਬਸ ਅਸੀਂ ਵਾਰ-ਵਾਰ ਪੁੱਛਣ ਜਾਂਦੇ ਮਾਸੀ ਸਾਗ ਬਣ ਗਿਆ। ਅੱਛਾ ਇੱਕ ਗੱਲ ਇਹ ਵੀ ਸੀ ਕਿ ਮਾਸੀ ਤਾਂ ਉਹ ਸਾਡੇ ਮੰਮੀ ਹੋਰਾਂ ਦੀ ਸੀ ਪਰ ਕਹਿੰਦੇ ਅਸੀਂ ਵੀ ਮਾਸੀ ਹੀ ਸੀ।



ਮਾਸੀ ਦਾ ਇੱਕ ਪੁੱਤ ਤੇ ਨੂੰਹ ਉਸਦੇ ਕੋਲ ਰਹਿੰਦੇ ਸਨ। ਕਈ ਵਾਰੀ ਉਹ ਮਾਮਾ ਮਾਮੀ ਦੀ ਬੜੀ ਲੜਾਈ ਹੋਣੀ। ਮਾਮੇ ਨੇ ਮਾਮੀ ਨੂੰ ਚੰਗਾ ਕੁਟਾਪਾ ਚਾੜਨਾ। ਮੈਨੂੰ ਤਾਂ ਇੰਜ ਲੱਗਣਾ ਕਿ ਹੁਣ ਇਹਨਾਂ ਨੇ ਕਈ ਦਿਨ ਆਪਸ ਵਿੱਚ ਬੋਲਣਾ ਹੀ ਨਹੀਂ। ਦੀ ਇਨੀ ਲੜਾਈ ਤੋਂ ਬਾਅਦ ਥੋੜੋ ਕੋਈ ਕਿਸੇ ਨਾਲ ਬੋਲਦਾ। ਪਰ ਜਦੋਂ ਕਿਤੇ ਸ਼ਾਮ ਨੂੰ ਉਹਨਾਂ ਦੇ ਘਰ ਜਾਣਾ ਤਾਂ ਮਾਮੀ ਨੇ ਰੋਟੀਆਂ ਪਕਾਉਂਦੇ ਹੋਣਾ ਤੇ ਮਾਮੇ ਨੇ ਕੋਲ ਬੈਠ ਕੇ ਖਾਣੀਆਂ। ਮਾਮੀ ਨੇ ਥੋੜਾ ਜਿਹਾ ਮੱਖਣ ਉਸ ਦੇ ਸਾਗ ਤੇ ਹੋਰ ਰੱਖ ਦੇਣਾ। ਜੇ ਮਾਮੇ ਨੇ ਮਨਾ ਕਰਨਾ ਮਾਮੇ ਨੇ ਕਹਿਣਾ ਕੋਈ ਨਾ ਕੋਈ ਨਾ ਖਾ ਲੈ। ਬੰਦਾ ਖਾ ਪੀ ਕੇ ਹੀ ਤਕੜਾ ਹੁੰਦਾ। ਉਹਨਾਂ ਦੇ ਵਿੱਚ ਕੋਈ ਗੁੱਸਾ ਗਿਲਾ ਰਹਿੰਦਾ ਹੀ ਨਾ। ਫਿਰ ਤੋਂ ਇੱਕੋ ਜਿਹੇ।

ਲੰਬੜਾਂ ਦੀ ਸੁਖਦੇਵ ਦੀ ਕੁੜੀ ਜੱਸਾਂ ਮੇਰੀ ਪੱਕੀ ਸਹੇਲੀ ਹੁੰਦੀ ਸੀ। ਪਰ ਅਸੀਂ ਲੜ ਵੀ ਝੱਟ ਪੈਣਾ। ਇੱਕ ਵਾਰ ਉਸ ਨੇ ਮੇਰੇ ਦੰਦੀ ਵੱਡੀ ਜਿਸ ਦਾ ਨਿਸ਼ਾਨ ਅਜੇ ਤੱਕ ਹੈ। ਮੈਂ ਤੇ ਮੇਰੀ ਮਾਸੀ ਦੀ ਕੁੜੀ ਸੋਨਾ ਦੋਵੇਂ ਹੀ ਚਾਹ ਪੀਣ ਦੀਆਂ ਬੜੀਆਂ ਸ਼ੌਕੀਨ ਸੀ। ਇੱਕ ਵਾਰ ਨਾਨੀ ਨੇ ਚਾਹ ਬਣਾ ਕੇ ਦਿੱਤੀ। ਤੁਸੀਂ ਆਪਣਾ ਆਪਣਾ ਕੱਪ ਲੈ ਕੇ ਬਹਿ ਗਈਆਂ। ਸੋਨੇ ਦੀ ਚਾਹ ਵਿੱਚ ਮੱਖੀ ਪੈ ਗਈ। ਉਸਨੇ ਮੱਖੀ ਚਮਚੇ ਨਾਲ ਕੱਢੀ ਤੇ ਮੇਰੀ ਚਾਹ ਵਿੱਚ ਪਾ ਦਿੱਤੀ। ਮੈਂ ਉਸਨੂੰ ਪੁੱਛਿਆ ਕਿ ਇਹ ਕੀ ਕੀਤਾ ਤਾਂ ਉਸਦੇ ਜਵਾਬ ਦਿੱਤਾ ਮੇਰੀ ਚਾਹ ਤਾਂ ਖਰਾਬ ਹੋਈ ਹੈ ਤੇਰੀ ਵੀ ਹੋ ਜਾਵੇ ਇਸ ਲਈ ਕੀਤਾ। ਇਸ ਗੱਲ ਤੋਂ ਸਾਡੀ ਲੜਾਈ ਹੋ ਗਈ। ਉਹ ਸਰੀਰ ਪੱਖੋਂ ਤਕੜੀ ਸੀ ਤੇ ਮੈਂ ਹੌਲੀ। ਮੈਂ ਅੱਗੇ ਅੱਗੇ ਭੱਜਣ ਲੱਗੀ। ਇਕਦਮ ਗੇਟ ਬੰਦ ਕਰਦਿਆਂ ਮੇਰਾ ਹੱਥ ਗੇਟ ਵਿੱਚ ਆ ਗਿਆ ਤੇ ਨਹੁੰ ਟੁੱਟ ਗਿਆ। ਹੁਣ ਜਦੋਂ ਵੀ ਕਦੇ ਆਪਣੇ ਨੌਂ ਨੂੰ ਵੇਖਦੀ ਹਾਂ ਤਾਂ ਸੋਨਾ ਦੀ ਯਾਦ ਆ ਜਾਂਦੀ ਹੈ। ਉਹੀ ਸੋਨਾ ਜਿਸ ਨੂੰ ਮਿਲਿਆ ਹੁਣ ਵਰੇ ਬੀਤ ਗਏ ਹਨ। ਉਹ ਇੰਗਲੈਂਡ ਵਿੱਚ ਹੈ ਤੇ ਮੈਂ ਇੱਥੇ ਪੰਜਾਬ ਵਿੱਚ। ਇੱਕ ਵਾਰ ਮੈਨੂੰ ਯਾਦ ਹੈ ਅਸੀਂ ਮਾਸੀ ਦੇ ਪਿੰਡ ਗਏ। ਦੋਲਿਕੇ ਦੂਹੜੇ। ਮਾਸੀ ਕਿਸੇ ਕੰਮ ਸ਼ਹਿਰ ਚਲੀ ਗਈ। ਅਸੀਂ ਵੇਖਿਆ ਕਿ ਖੇਤ ਵਿੱਚ ਕੰਮ ਕਰਨ ਵਾਲੇ ਸਾਰੇ ਬੰਦੇ ਪਾਣੀ ਵਿੱਚ ਸ਼ੱਕਰ ਘੋਲ ਕੇ ਪੀ ਰਹੇ ਸਨ। ਬਸ ਅਸੀਂ ਨਿਆਣਿਆਂ ਨੇ ਪਾਣੀ ਦੀ ਬਾਲਟੀ ਲਈ ਤੇ ਵਿੱਚ ਸ਼ੱਕਰ ਘੋਲ ਲਈ।

ਰੱਜ ਰੱਜ ਕੇ ਪੀ ਲਈ। ਮਾਸੀ ਦੇ ਆਉਂਦਿਆਂ ਨੂੰ ਸਾਰੇ ਮੰਜਿਆਂ ਤੇ ਪਏ ਸੀ। ਸਭ ਦਾ ਪੇਟ ਖਰਾਬ ਹੋ ਗਿਆ ਸੀ। ਅਜਿਹੇ ਪਤਾ ਨਹੀਂ ਕਿੰਨੇ ਉਪੱਦਰ ਅਸੀਂ ਨਾਨਕੇ ਗਿਆ ਨੇ ਕੀਤੇ।

ਨਾਨਾ ਜੀ ਫੌਜ ਵਿੱਚੋਂ ਮੇਜਰ ਰਿਟਾਇਰ ਹੋਏ ਸਨ। ਉਹਨਾਂ ਨੇ ਕਹਿਣਾ ਹਾਊ ਆਰ ਯੂ ਯੰਗ ਲੇਡੀ। ਉਹਨਾਂ ਦੀ ਇਹ ਗੱਲ ਸੁਣ ਮੇਰੀ ਰੂਹ ਖਿੜ ਜਾਂਦੀ। ਉਹ ਸਾਨੂੰ ਬਹੁਤ ਪਿਆਰ ਕਰਦੇ ਸਨ। ਹੁਣ ਮੈਂ ਕਦੇ ਕਿਸੇ ਗੱਲ ਤੋਂ ਸਾਨੂੰ ਨਾਂਹ ਨਹੀਂ ਕੀਤੀ ਸੀ। ਇੱਕ ਵਾਰ ਮੇਰੇ ਤੇ ਸੋਨਾ ਤੋਂ ਉਹਨਾਂ ਦੀ ਫੋਟੋ ਡਿੱਗ ਕੇ ਟੁੱਟ ਗਈ। ਅਸੀਂ ਦੋਵੇਂ ਜਾ ਕੇ ਭੰਬਾਂ ਵਾਲੇ ਖੂਹ ਤੇ ਲੁੱਕ ਗਈਆਂ। ਮੇਰੀ ਮੰਮੀ ਕਿਤੇ ਗਈ ਹੋਈ ਸੀ। ਜਦ ਤੱਕ ਸ਼ਾਮ ਨੂੰ ਸਾਨੂੰ ਉਹ ਪਿੰਡ ਮੁੜਦੀ ਨਾ ਦਿੱਸੀ ਅਸੀਂ ਵਾਪਸ ਨਾ ਆਏ। ਘਰ ਵਾਪਸ ਜਾਣ ਤੇ ਨਾਨਾ ਜੀ ਬਹੁਤ ਗੁੱਸੇ ਹੋਏ। ਅਸੀਂ ਦੱਸ ਦਿੱਤਾ ਕਿ ਸਾਨੂੰ ਡਰ ਲੱਗਦਾ ਸੀ ਕਿ ਅਸੀਂ ਫੋਟੋ ਤੋੜ ਦਿੱਤੀ ਹੈ। ਇਸ ਲਈ ਸਾਨੂੰ ਝਿੜਕਾਂ ਪੈਣਗੀਆਂ। ਝਿੜਕਾਂ ਤੋਂ ਬਚਣ ਲਈ ਅਸੀਂ ਬੀਜੀ ਦਾ ਇੰਤਜ਼ਾਰ ਕਰਦੇ ਸੀ। ਮੇਰੀ ਮੰਮੀ ਨੂੰ ਸਾਰੇ ਹੀ ਬੀਜੀ ਕਹਿੰਦੇ ਸਨ। ਨਾਨਾ ਜੀ ਨੇ ਬੜੇ ਪਿਆਰ ਨਾਲ ਕਿਹਾ ਫੋਟੋ ਹੀ ਤਾਂ ਟੁੱਟੀ ਹੈ ਮੈਂ ਤਾਂ ਤੁਹਾਡੇ ਕੋਲ ਹੀ ਹਾਂ। ਮੇਰੀ ਨਾਨੀ ਮੈਨੂੰ ਬਹੁਤ ਪਿਆਰ ਕਰਦੀ ਸੀ। ਉਸਨੇ ਮੇਰੀਆਂ ਉਂਗਲਾਂ ਆਪਣੇ ਹੱਥ ਵਿੱਚ ਫੜ ਲੈਣੀਆਂ ਤੇ ਕਹਿਣਾ ਮੇਰੀ ਧੀ ਦੀਆਂ ਉਂਗਲਾਂ ਕਿੰਨੀਆਂ ਸੋਹਣੀਆਂ ਹਨ। ਮੈਨੂੰ ਬਹੁਤ ਹੈਰਾਨੀ ਹੋਣੀ ਕਿ ਮੇਰੀਆਂ ਉਂਗਲਾਂ ਵਿੱਚ ਕੀ ਸੋਹਣਾ ਹੋ ਸਕਦਾ ਹੈ। ਪਰ ਇਹ ਉਸਦੀ ਨਜ਼ਰ ਸੀ। ਨਾਨਾ ਨਾਨੀ ਦੇ ਚਲੇ ਜਾਣ ਤੋਂ ਬਾਅਦ ਜ਼ਿੰਦਗੀ ਵਿੱਚੋਂ ਪਿਆਰ ਦਾ ਇੱਕ ਸੋਮਾ ਖਤਮ ਹੋ ਗਿਆ। ਫਿਰ ਸ਼ਾਇਦ ਕਦੀ ਕਿਸੇ ਨੇ ਉਨਾ ਪਿਆਰ ਨਹੀਂ ਕੀਤਾ ਤੇ ਨਾ ਹੀ ਕਦੇ ਕਰੇਗਾ।

ਨਾਨਕਿਆਂ ਤੋਂ ਵਾਪਸ ਆਉਣ ਨੂੰ ਜੀਅ ਨਹੀਂ ਸੀ ਕਰਦਾ ਹੁੰਦਾ। ਵਾਪਸ ਆਉਣ ਲੱਗਿਆਂ ਨਾਨੀ ਪਿਆਰ ਦਿੰਦੀ। ਥੋੜੇ ਜਿਹੇ ਪੈਸੇ ਘੁੱਟ ਕੇ ਹੱਥ ਵਿੱਚ ਫੜਾ ਦਿੰਦੀ। ਨਾਨੀ ਦੇ ਹੱਥ ਦੀ ਉਹ ਛੋਹ ਕਦੇ ਨਹੀਂ ਭੁੱਲੀ। ਘਰ ਆ ਕੇ ਫਿਰ ਕਈ ਕਈ ਦਿਨ ਦਿਲ ਨਹੀਂ ਸੀ ਲੱਗਦਾ। ਪਿੰਡ ਦੀ ਬਹੁਤ ਯਾਦ ਆਉਂਦੀ। ਨਾਨਕੇ ਵਰਗਾ ਪਿਆਰ ਕਿਤੇ ਹੋਰ ਨਹੀਂ ਮਿਲਦਾ।

# ਸਰਵਣ ਸਿੰਘ ਭਾਪਾ ਜੀ ਦੇ ਦਫ਼ਤਰ ਵਿਚ ਚਪੜਾਸੀ..!



ਅਜੀਬ ਸਬੱਬ..ਦੋਵੇਂ ਇੱਕੋ ਦਿਨ ਰਿਟਾਇਰ ਹੋਏ..ਭਾਪਾ ਜੀ ਨੇ ਦੋਵੇਂ ਵਿਦਾਈ ਫ਼ੰਕਸ਼ਨ ਇੱਕੋ ਵੇਲੇ ਅਤੇ ਇੱਕੋ ਤਰਾਂ ਦੇ ਹੀ ਰਖਵਾਏ..! ਸਰਵਣ ਸਿੰਘ ਦੀ ਕੁਰਸੀ ਵੀ ਆਪਣੇ ਬਰੋਬਰ ਹੀ ਡੁਹਾਈ..ਆਥਣ ਵੇਲੇ ਭਾਪਾ ਜੀ ਦੇ ਗਲ਼ ਲੱਗ ਜਜਬਾਤੀ ਹੋ ਗਿਆ..ਅਖ਼ੇ ਸਰਦਾਰ ਜੀ ਚਾਲੀਆਂ ਸਾਲਾਂ ਦਾ ਸਾਥ..ਹੁਣ ਵਿਛੜਨ ਲਗਿਆਂ ਹੌਲ ਜਿਹੇ ਪੈਂਦੇ..ਕੱਲਿਆਂ ਕੀ ਕਰਾਂਗਾ!

ਭਾਪਾ ਜੀ ਨੇ ਗਲਵੱਕੜੀ ਵਿਚ ਲੈ ਲਿਆ..ਹੌਸਲਾ ਦਿੱਤਾ..ਕੰਨ ਵਿਚ ਕੋਈ ਗੱਲ ਆਖੀ ਤੇ ਫੇਰ ਉਸਨੇ ਅਗਲੇ ਦਿਨ ਤੋਂ ਸਾਡੀ ਕੋਠੀ ਆਉਂਣਾ ਸ਼ੁਰੂ ਕਰ ਦਿੱਤਾ..!

ਵੇਹੜੇ ਵਿਚ ਸਬਜੀ..ਰੁੱਖਾਂ ਦੀ ਦੇਖਭਾਲ..ਫੁੱਲਾਂ ਬੂਟਿਆਂ ਦਾ ਰੱਖ ਰਖਾਵ ਅਤੇ ਨੁੱਕਰੇ ਬੱਝੀ ਵਲੈਤੀ ਗਾਈਂ ਦੇ ਪੱਠੇ..ਸਾਰਾ ਕੁਝ ਹੁਣ ਸਰਵਣ ਸਿੰਘ ਦੀ ਜੁੰਮੇਵਾਰੀ ਬਣ ਗਿਆ ਸੀ..!

ਪਰ ਕੁਦਰਤ ਨੂੰ ਸ਼ਾਇਦ ਇਹ ਸਾਥ ਬਹੁਤ ਲੰਮਾ ਮਨਜੂਰ ਨਹੀਂ ਸੀ..ਇੱਕ ਸੁਵੇਰ ਹੰਸਾਂ ਦੀ ਜੋੜੀ ਵਿਛੜ ਗਈ..ਭਾਪਾ ਜੀ ਰਾਤੀਂ ਸੁੱਤੇ ਪਏ ਰਵਾਨਗੀ ਪਾ ਗਏ..ਪਰ ਇਸ ਵਾਰ ਸਰਵਣ ਸਿੰਘ ਬਿਲਕੁਲ ਵੀ ਨਹੀਂ ਰੋਇਆ ਬੱਸ ਸਾਰਾ ਕੁਝ ਸਹਿਜ ਜਿਹਾ ਹੋ ਕੇ ਆਰਾਮ ਨਾਲ ਕਰੀ ਗਿਆ..!

ਭੋਗ ਤੋਂ ਤਿੰਨ ਚਾਰ ਦਿਨਾਂ ਮਗਰੋਂ ਤੁਰਨ ਲੱਗਾ ਤਾਂ ਕੋਲ ਆ ਕੇ ਆਖਣ ਲੱਗਾ..ਜੀ ਛੋਟੇ ਸਰਦਾਰ ਜੀ ਯਾਨੀ ਕੇ ਦਾਰ ਜੀ ਦੇ ਪੋਤਰੇ ਨੂੰ ਮਿਲਣ ਦਾ ਜੀ ਕਰਦਾ ਇੱਕ ਵਾਰ..!

ਮੈਂ ਛੇਤੀ ਨਾਲ ਜਾ ਢਾਈਆਂ ਸਾਲਾਂ ਦੇ ਆਪਣੇ ਪੁੱਤ ਨੂੰ ਚੁੱਕ ਲਿਆਇਆ..!

ਸਰਵਣ ਸਿੰਘ ਨੇ ਦੋਵੇਂ ਬਾਹਵਾਂ ਉਸ ਵੱਲ ਕੀਤੀਆਂ ਤਾਂ ਉਹ ਉੱਲਰ ਕੇ ਓਸੇ ਵੇਲੇ ਉਸਦੇ ਵੱਲ ਨੂੰ ਆ ਗਿਆ..ਉਸਨੇ ਕਿੰਨਾ ਚਿਰ ਉਸਨੂੰ ਚੁੱਕੀ ਰਖਿਆ..!

ਪਰ ਨਿੱਕੇ ਦਾ ਧਿਆਨ ਸਰਵਣ ਸਿੰਘ ਦੇ ਕੁੜਤੇ ਦੀ ਅਗਲੀ ਜੇਬ ਤੇ ਲੱਗੇ ਭਾਪਾ ਜੀ ਦੇ ਪੂਰਾਣੇ ਪੈਨ ਵੱਲ ਹੀ ਰਿਹਾ..ਸ਼ਾਇਦ ਪਛਾਣ ਲਿਆ ਸੀ ਕੇ ਮੇਰੇ ਦਾਦੇ ਦਾ ਹੀ ਹੈ..!

ਜਦੋਂ ਬਹੁਤ ਖਹਿੜੇ ਜਿਹੇ ਪੈ ਕੇ ਰੋਣ ਲੱਗ ਪਿਆ ਤਾਂ ਸਰਵਣ ਸਿੰਘ ਨੇ ਪੈਨ ਬੋਝਿਓਂ ਕੱਢ ਉਸਨੂੰ ਫੜਾ ਦਿੱਤਾ..ਨਾਲ ਹੀ ਭਾਪਾ ਜੀ ਕੰਧ ਤੇ ਟੰਗੀ ਫੋਟੋ ਵੱਲ ਵੇਖਦਾ ਹੋਇਆ ਆਖਣ ਲੱਗਾ ਜਾ ਸਾਂਭ ਲੈ ਪੁੱਤਰਾ ਆਪਣੇ ਦਾਦੇ ਦੀ ਵਿਰਾਸਤ..ਜਾਣ ਤੋਂ ਇੱਕ ਦਿਨ ਪਹਿਲਾਂ ਆਹ ਪੈਨ ਏਨੀ ਗੱਲ ਆਖਦਾ ਹੋਇਆ ਮੇਰੇ ਹਵਾਲੇ ਕਰ ਗਿਆ ਸੀ ਕੇ ਸਰਵਣ ਸਿਹਾਂ ਮੈਨੂੰ ਨੀ ਲੱਗਦਾ ਤੇਰੇ ਤੋਂ ਬਗੈਰ ਕੋਈ ਹੋਰ ਇਸਦੀ ਬੇਹਤਰ ਸਾਂਭ ਸੰਭਾਲ ਕਰ ਸਕਦਾ ਏ..! ਪਰ ਅੱਜ ਖੁਸ਼ੀ ਹੋਈ ਕੇ ਅਕਾਲ ਪੁਰਖ ਨੇ ਸਰਦਾਰ ਜੀ ਦੀ ਬਹੁਮੁੱਲੀ ਵਿਰਾਸਤ ਮੇਰੇ ਤੋਂ ਵੀ ਵਧੀਆ ਤਰੀਕੇ ਨਾਲ ਸਾਂਭਣ ਵਾਲਾ ਇੱਕ ਨਿੱਕਾ ਵਾਰਿਸ ਲਿਆ ਮੇਰੇ ਸਾਮਣੇ ਖੜਾ ਕਰ ਦਿੱਤਾ ਏ..! ਪਤਾ ਨੀ ਇਹ ਸਰਦਾਰ ਹੁਰਾਂ ਦੇ ਤੁਰ ਜਾਣ ਦਾ ਸਦਮਾ ਸੀ ਕੇ ਓਹਨਾ ਦੀ ਵਿਰਾਸਤ ਦੇ ਅਸਲੀ ਮਾਲਕ ਦੇ ਲੱਭ ਜਾਣ ਦੀ ਖੁਸ਼ੀ..ਇਸ ਵੇਰ ਕਦੇ ਦਾ ਡੱਕਿਆ ਸਰਵਣ ਸਿੰਘ ਜਾਰੋ ਜਾਰ ਰੋ ਪਿਆ!



ਹਰਪ੍ਰੀਤ ਸਿੰਘ ਜਵੰਦਾ

# ਯੇ ਡਿਜ਼ੀਟਲ-ਚਿਤਰਗੁਪਤ ਕਾ ਦੌਰ ਹੈ ਪਿਆਰੇ...

ਮਿਥਿਹਾਸ ਕਹਿੰਦਾ ਹੈ ਕਿ ਯਮਰਾਜ ਨੇ ਬੰਦੇ ਦੇ ਮੋਢਿਆਂ ਤੇ ਚਿਤਰਗੁਪਤ ਬਿਠਾਇਆ ਹੋਇਆ ਸੀ ਜਿਹੜਾ ਉਸ ਦੇ ਚੰਗੇ ਮਾੜੇ ਕਰਮਾਂ ਨੂੰ ਵਹੀ-ਖਾਤੇ ਵਿਚ ਦਰਜ ਕਰ ਲੈਂਦਾ ਸੀ ਤੇ ਬਾਅਦ ਵਿਚ ਯਮਰਾਜ ਇਸ ਵਹੀ-ਖਾਤੇ ਦੇ ਆਧਾਰ ਤੇ ਸੁਰਗ-ਨਰਕ ਦਾ ਫੈਸਲਾ ਕਰਦਾ ਸੀ...।

ਚਲੋ ਖੈਰ ! ਇਹ ਤਾਂ ਇਕ ਮਿੱਥ ਸੀ...।

ਪਰ ਹੁਣ ਸਰਕਾਰਾਂ ਯਮਰਾਜ ਬਣਨ ਦੇ ਰਾਹ ਤੁਰੀਆਂ ਹਨ ਤੇ ਉਸ ਨੇ ਐਪਾਂ ਦੇ ਰੂਪ ਵਿਚ ਕਈ ਕਈ ਡਿਜ਼ੀਟਲ ਚਿਤਰਗੁਪਤ ਸਾਡੇ ਸਿਰਾਂ ਤੇ ਬਿਠਾਏ ਹੋਏ ਹਨ...।

# ਔਰਤ ਦੀ ਇੱਕ ਗਲਤੀ

ਇੱਕ ਔਰਤ ਜਦੋਂ ਕੁਝ ਗਲਤ ਕਰਦੀ ਫੜ੍ਹੀ ਜਾਂਦੀ ਹੈ ਤਾਂ ਉਸ ਦਾ ਕਸੂਰ ਸਿਰਫ਼ ਇਹੀ ਨਹੀਂ ਹੁੰਦਾ ਕਿ ਉਸਨੇ ਕੁਝ ਗਲਤ ਕੀਤਾ। ਉਦੋਂ ਉਸ ਦਾ ਇੱਕ ਕਸੂਰ ਇਹ ਵੀ ਹੁੰਦਾ ਹੈ ਕਿ ਉਸਨੇ ਔਰਤ ਹੋ ਕੇ ਕੁਝ ਗਲਤ ਕੀਤਾ।

ਫਿਰ ਉਹ ਇੱਕ ਅਜਿਹੀ ਔਰਤ ਨਹੀਂ ਹੁੰਦੀ, ਜਿਸ ਨੂੰ ਵੇਖਣਾ, ਛੂਹਣਾ ਜਾਂ ਹਾਸਿਲ ਕਰਨਾ ਵੱਡੀ ਗੱਲ ਹੋਵੇ। ਹੁਣ ਔਰਤ ਹੋਣ ਦੇ ਮਰਯਾਦਾ-ਪੈਡਸਟਲ ਤੋਂ ਡਿੱਗਿਆ ਰਬੜ ਦੀ ਖਿੱਦੋ ਹੁੰਦੀ ਹੈ। ਜਿਸ ਨੂੰ ਕੋਈ ਵੀ ਠੋਕਰ ਮਾਰ ਸਕਦਾ ਹੈ। ਉਸ ਉੱਤੇ ਥੁੱਕ ਸਕਦਾ ਹੈ। ਖੁਰਚ ਕੇ ਵੇਖ ਸਕਦਾ ਹੈ। ਉਸ ਦਾ ਮਜ਼ਾਕ ਉਡਾ ਸਕਦਾ ਹੈ। ਉਸਨੂੰ ਗਾਲ ਕੱਢ ਸਕਦਾ ਹੈ।

ਉਹ ਜੋ ਹੁਣ ਤੱਕ ਉਸਨੂੰ ਹਾਸਿਲ ਨਹੀਂ ਸਨ ਕਰ ਸਕੇ, ਉਹ 'ਥੂ ਕੌੜੀ' ਕਹਿ ਕੇ ਉਸ ਉੱਤੇ ਥੁੱਕਣ ਲੱਗਦੇ ਹਨ। ਅੱਜ ਤੋਂ ਪਹਿਲਾਂ ਜੇ ਇਹੀ ਔਰਤ ਉਨ੍ਹਾਂ ਨੂੰ ਮਿਲਦੀ, ਉਹ ਇਨ੍ਹਾਂ ਦੀ 'ਜਾਨ ਤੋਂ ਪਿਆਰੀ' ਮਹਿਬੂਬ ਹੋ ਸਕਦੀ ਸੀ। 'ਸਾਨੂੰ ਨਹੀਂ ਮਿਲੀ', ਇਹ ਵੀ ਕੁਝ ਗਲਤ ਕਰਦੀ ਫੜ੍ਹੀ ਗਈ ਔਰਤ ਦਾ ਇੱਕ ਵੱਡਾ ਕਸੂਰ ਹੁੰਦਾ ਹੈ।



"ਸਾਨੂੰ ਅੱਜ ਤੱਕ ਕੋਈ ਔਰਤ ਹੀ ਨਹੀਂ ਮਿਲੀ," ਇਹ ਵੀ 'ਕੁਝ ਗਲਤ ਕਰਦੀ ਫੜ੍ਹੀ ਗਈ ਔਰਤ' ਦਾ ਇੱਕ ਕਸੂਰ ਹੁੰਦਾ ਹੈ।

ਕਿੰਨੇ ਲੋਕ ਨੇ, ਜਿਹੜੇ 'ਫੜ੍ਹੀ ਗਈ ਔਰਤ' ਦੇ ਬਹਾਨੇ ਆਪਣੇ ਅੰਦਰ ਦੀ ਅਨੈਤਿਕਤਾ ਨੂੰ ਕੁੱਟਦੇ ਹਨ। ਅਕਸਰ 'ਗਲਤ ਕਰਦੀ ਫੜ੍ਹੀ ਗਈ' ਔਰਤ ਉਨ੍ਹਾਂ ਦੇ ਅੰਦਰ ਪਈਆਂ ਅਤ੍ਰਿਪਤ ਤੇ ਵਲਗਰ ਹੋ ਚੁੱਕੀਆਂ ਕਾਮਨਾਵਾਂ ਦਾ 'ਪ੍ਰੋਜੈਕਸ਼ਨ' ਬਣ ਜਾਂਦੀ ਹੈ। 'ਕੁਝ ਗਲਤ ਕਰਦੀ ਫੜ੍ਹੀ ਗਈ ਔਰਤ' ਫੇਰ ਅਜਿਹੀ ਨਾਲੀ ਬਣ ਜਾਂਦੀ ਹੈ, ਜਿਸ ਰਾਹੀਂ ਪੂਰੇ ਸਮਾਜ ਦਾ ਚਿਰਾਂ ਤੋਂ ਅੰਦਰ ਡੱਕਿਆ ਗੰਦ ਬਾਹਰ ਵਹਿ ਤੁਰਦਾ ਹੈ।

'ਗਲਤ ਕਰਦੀ ਫੜ੍ਹੀ ਗਈ ਔਰਤ' ਬਹੁਤ ਖਤਰਨਾਕ ਹੁੰਦੀ ਹੈ। ਇਸ ਲਈ ਵੀ ਕਿ ਉਹ 'ਗਲਤ ਕਰਨ ਦੇ ਰਵਾਇਤ ਉੱਤੇ ਮਰਦਾਂ ਦੀ ਮਨੋਪਲੀ ਨੂੰ ਤੋੜਦੀ ਹੈ। "ਜੇ ਔਰਤਾਂ ਵੀ ਇਹ ਕਰਨ ਲੱਗ ਪਈਆਂ ਤਾਂ...." ਕਿੰਨੇ ਲੋਕਾਂ ਨੂੰ ਇਹ ਸਵਾਲ ਤੰਗ ਕਰਦਾ ਹੈ। ਫਿਰ ਉਸਦਾ 'ਗਲਤ' ਸਧਾਰਨ ਅਪਰਾਧ ਨਾ ਹੋ ਕੇ ਇੱਕ 'ਭਿਅੰਕਰ ਪਾਪ' ਬਣ ਜਾਂਦਾ ਹੈ।

ਬਿਨਾ ਸ਼ੱਕ, 'ਕੁਝ ਗਲਤ ਕਰਦੀ ਫੜ੍ਹੀ ਗਈ' ਔਰਤ ਨਾਲ ਕਿਸੇ ਨੂੰ ਹਮਦਰਦੀ ਨਹੀਂ ਹੋਣੀ ਚਾਹੀਦੀ। ਉਸਨੂੰ ਉਸ ਦੇ 'ਗਲਤ' ਦੀ ਬਣਦੀ ਸਜ਼ਾ ਮਿਲਨੀ ਚਾਹੀਦੀ ਹੈ। ਉਸਨੂੰ ਥੋੜ੍ਹੀ ਘਿਰਣਾ ਵੀ ਕਰ ਲਈ ਜਾਵੇ, ਇਤਰਾਜ਼ਯੋਗ ਨਹੀਂ। ਪਰ ਉਸ ਨਾਲ ਜੋ ਵੀ ਕੀਤਾ ਜਾਵੇ, ਇਸ ਲਈ ਨਾ ਕੀਤਾ ਜਾਵੇ ਕਿ ਉਹ ਇੱਕ ਔਰਤ ਹੈ।

ਪਾਲੀ ਭੁਪਿੰਦਰ ਸਿੰਘ

# 400 ਸਾਲਾਂ ਲਈ ਦੁਨੀਆ ਤੋਂ ਅਲੋਪ ਹੋ ਸ਼ਹਿਰ ਫਿਰ ਅਚਾਨਕ ਬੱਦਲਾਂ 'ਚੋਂ ਵਾਪਸ ਆਇਆ



ਇਹ ਸ਼ਹਿਰ 400 ਸਾਲਾਂ ਲਈ ਦੁਨੀਆ ਤੋਂ ਅਲੋਪ ਹੋ ਗਿਆ ਅਤੇ ਫਿਰ ਅਚਾਨਕ ਬੱਦਲਾਂ ਵਿੱਚੋਂ ਵਾਪਸ ਆ ਗਿਆ।

ਥੋਨੂੰ ਸ਼ਾਇਦ ਲੱਗੇ ਕਿ ਇਹ ਕਿਸੇ ਫ਼ਿਲਮ ਦੀ ਕਹਾਣੀ ਹੈ, ਪਰ ਇਹ ਪੇਰੂ ਦੇਸ਼ ਦਾ ਸ਼ਹਿਰ ਮਾਚੂ ਪਿਚੂ ਹੈ, ਜੋ ਕਿ ਦੁਨੀਆ ਦਾ ਸਭ ਤੋਂ ਰਹੱਸਮਈ ਗਵਾਚਿਆ ਸ਼ਹਿਰ ਹੈ।

ਇਸ ਨੂੰ ਇੰਕਾ ਸਭਿਅਤਾ ਦੁਆਰਾ 1450 ਈਸਵੀ ਦੇ ਆਸਪਾਸ, ਸਮੁੰਦਰ ਤਲ ਤੋਂ ਲਗਭਗ 8,000 ਫੁੱਟ ਦੀ ਉਚਾਈ 'ਤੇ, ਸੰਘਣੇ ਜੰਗਲਾਂ ਅਤੇ ਖੜ੍ਹੀਆਂ ਚੱਟਾਨਾਂ ਦੇ ਵਿਚਕਾਰ ਬਣਾਇਆ ਗਿਆ ਸੀ।

ਫਿਰ ਅਚਾਨਕ, ਬਿਨਾਂ ਕਿਸੇ ਯੁੱਧ ਦੇ, ਬਿਨਾਂ ਕਿਸੇ ਤ/ਬਾਹੀ ਦੇ, ਸਾਰਾ ਸ਼ਹਿਰ ਖਾਲੀ ਹੋ ਗਿਆ ਅਤੇ ਜੰਗਲ ਨੇ ਇਸ ਨੂੰ 400 ਸਾਲਾਂ ਤੱਕ ਆਪਣੇ ਅੰਦਰ ਲੁਕਾ ਕੇ ਰੱਖਿਆ।

1911 ਵਿੱਚ, ਅਮਰੀਕੀ ਖੋਜੀ ਹਾਇਰਮ ਬਿੰਘਮ ਏਥੇ ਪਹੁੰਚੇ, ਇੱਕ ਸਥਾਨਕ ਬੱਚੇ ਨਾਲ ਪਹਾੜਾਂ 'ਤੇ ਚੜ੍ਹਦੇ ਹੋਏ। ਉਸ ਨੇ ਜੋ ਦੇਖਿਆ ਉਸ ਨੇ ਇਤਿਹਾਸ ਬਦਲ ਦਿੱਤਾ: ਪੱਥਰ ਦੇ ਮੰਦਰ, ਪੌੜੀਆਂ, ਖੇਤ, ਅਤੇ ਇੱਕ ਵਾਟਰ ਸਿਸਟਮ ਜੋ ਆਧੁਨਿਕ ਸ਼ਹਿਰਾਂ ਨੂੰ ਵੀ ਟੱਕਰ ਦਿੰਦਾ ਹੈ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸ਼ਹਿਰ ਬਿਨਾਂ ਸੀਮਿੰਟ, ਬਿਨਾਂ ਲੋਹੇ, ਬਿਨਾਂ ਮਸ਼ੀਨਾਂ ਦੇ ਬਣਾਇਆ ਗਿਆ ਸੀ, ਫਿਰ ਵੀ ਇਹ ਭੂਚਾਲਾਂ ਤੋਂ ਬਾਅਦ ਵੀ ਅੱਜ ਵੀ ਕਾਇਮ ਹੈ!

ਅੱਜ ਵੀ ਕੋਈ ਨਹੀਂ ਜਾਣਦਾ: ਇਹ ਕੋਈ ਸ਼ਾਹੀ ਨਿਵਾਸ ਸੀ?, ਕੋਈ ਧਾਰਮਿਕ ਕੇਂਦਰ ਸੀ?, ਜਾਂ ਕੋਈ ਖਗੋਲ-ਵਿਗਿਆਨ ਪ੍ਰਯੋਗਸ਼ਾਲਾ ਸੀ?

ਅਤੇ ਸਵਾਲ ਅਜੇ ਵੀ ਬਾਕੀ ਹੈ – ਲੋਕ ਅਚਾਨਕ ਕਿਉਂ ਗਾਇਬ ਹੋ ਗਏ....?

ਕੁਝ ਰਹੱਸ ਸਮੇਂ ਦੇ ਨਾਲ ਮਿਟ ਜਾਂਦੇ ਹਨ ਪਰ ਕੁਝ, ਜਿਵੇਂ ਕਿ ਮਾਚੂ ਪਿਚੂ, ਸਮੇਂ ਦੇ ਨਾਲ ਡੂੰਘੇ ਹੁੰਦੇ ਜਾਂਦੇ ਹਨ।

ਥੋਨੂੰ ਕੀ ਲੱਗਦਾ ਹੈ ਕਿ ਇਹ ਸ਼ਹਿਰ ਅਚਾਨਕ ਕਿਵੇਂ ਗਾਇਬ ਹੋ ਗਿਆ.....?

ਸਤਨਾਮ ਦੂਹੇਵਾਲਾ

# ਸ਼ੁਰੂਆਤ ਜਾਂ ਫਿਰ ਅੰਤ

ਦੋ ਭਰਾ ਚਰਨਾ ਤੇ ਸੀਤਾ ਸਾਇਕਲ ਰੋੜ ਕੇ ਦਿਹਾੜੀ ਕਰਨ ਲਈ ਜਾ ਰਹੇ ਹੁੰਦੇ ਹਨ।ਉਨ੍ਹਾਂ ਕੋਲ ਆ ਕੇ ਇੱਕ ਮੋਟਰਸਾਇਕਲ ਆ ਕੇ ਰੁਕਦਾ ਹੈ।

ਛਿੰਦਾ:-ਉਏ ਕਿੱਧਰ ਚੱਲੀ ਹੈ ਰੂਪ-ਬਸੰਤ ਦੀ ਜੋੜੀ। "ਉਹ ਮਜ਼ਾਕ ਵਿੱਚ ਹੱਸ ਕੇ ਬੋਲਦਾ ਹੈ।

ਵੱਡਾ ਭਰਾ (ਚਰਨ) :-ਜਾਣਾ ਕਿੱਥੇ ਹੈ ਛਿੰਦੇ ਬਾਈ ਬਸ ਕੰਮ ਤੇ ਜਾ ਰਹੇ ਹਾਂ। "

ਛਿੰਦਾ:- ਕੰਮ ਤੇ ਤਾਂ ਐ ਦੱਸਦਾ ਜਿਵੇਂ ਡੀ. ਸੀ. ਲੱਗੇ ਹੁੰਦੇ ਹੋ। ਸਿੱਧਾ ਨਹੀਂ ਆਖਦੇ ਬਾਈ ਦਿਹਾੜੀ ਕਰਨ ਜਾ ਰਹੇ ਹਾਂ। "

ਛੋਟਾ ਭਰਾ (ਸੀਤਾ) :- ਯਾਰ ਤੂੰ ਕੀ ਲੈਣਾ ਸਾਡੇ ਕੋਲੋਂ ਅਸੀਂ ਕਿੱਥੇ ਮਰਜ਼ੀ ਜਾਈਏ ਤੇ ਕੁਝ ਵੀ ਕਰੀਏ। ਐਵੇਂ ਹੀ ਲੱਗ ਜੂ ਸਵੇਰੇ ਸਵੇਰੇ ਮੱਥੇ..... ਦਿਮਾਗ਼ ਖਰਾਬ ਕਰਨ ਨੂੰ, ਚੱਲ ਬਾਈ ਐਵੇਂ ਲੇਟ ਹੋ ਗਏ ਤਾਂ ਮਿਸਤਰੀ ਨੇ ਪੈਸੇ ਕੱਟ ਲੈਣੇ ਨੇ। "ਛੋਟਾ ਭਰਾ ਵੱਡੇ ਨੂੰ ਚੱਲਣ ਲਈ ਆਖਦਾ ਹੈ।

ਛਿੰਦਾ:- ਜਾਉ ਜਾਉ ਗਰੀਬੋ ਜਾਉ ਤੁਹਾਡੀ ਕਿਸਮਤ ਵਿੱਚ ਤਾਂ ਆਹ ਦਿਹਾੜੀਆਂ ਹੀ ਲਿਖੀਆਂ ਹਨ। ਢੋਈ ਜਾਉ ਹਨੇਰਾ। ਨਾਲੇ ਮੈਂ ਵੀ ਕੀ ਲੈਣਾ ਤੁਹਾਡੇ ਕੋਲੋਂ। " ਛਿੰਦਾ ਮੋਟਰਸਾਇਕਲ ਦੀ ਕਿੱਕ ਮਾਰਦਾ ਹੈ ਤੇ ਤੁਰ ਪੈਂਦਾ ਹੈ।

ਵੱਡਾ ਭਰਾ:- ਸੀਤਿਆ ਵੈਸੇ ਇੱਕ ਗੱਲ ਤਾਂ ਹੈ ਜਦੋਂ ਮਰਜ਼ੀ ਵੇਖ ਲਵੋ ਆਹ ਛਿੰਦੇ ਦੇ ਨਵੇਂ ਲੀੜੇ ਪਾਏ ਹੁੰਦੇ ਹਨ ਤੇ ਥੋੜ੍ਹੇ ਹੀ ਦਿਨਾਂ ਬਾਅਦ ਮੋਟਰਸਾਇਕਲ ਬਦਲ ਲੈਂਦਾ ਹੈ। ਦੂਜੇ ਪਾਸੇ ਆਪਾਂ ਦੇਖ ਲੈ ਹਫਤਾ ਹੋ ਗਿਆ ਸਾਇਕਲ ਦੇ ਪੈਂਡਲ ਟੁੱਟੇ ਨੂੰ ਹਾਲੇ ਤੱਕ ਨਹੀਂ ਠੀਕ ਕਰਵਾਇਆ। "

ਛੋਟਾ ਭਰਾ:- ਚਰਨੇ ਬਾਈ ਪਰ ਆਪਾਂ ਕਿਸੇ ਦੇ ਪੁੱਤ ਤਾਂ ਨਹੀਂ ਮਾਰਦੇ ਆਪਾਂ ਮਿਹਨਤ ਨਾਲ ਕਮਾਈ ਕਰਦੇ ਹਾਂ ਤੇ ਟੋਹਰ ਨਾਲ ਸੌਂਦੇ ਹਾਂ। "

ਵੱਡਾ ਭਰਾ:- ਸਾਰਿਆਂ ਨੂੰ ਦਿੱਸਦੀਆਂ ਹੀ ਹਨ ਆਪਣੀਆਂ ਟੋਹਰਾ। ਭਾਪੇ ਦੇ ਭੋਗ ਤੇ ਲਿਆ ਕਰਜ਼ਾ ਹਾਲੇ ਤੱਕ ਨਹੀਂ ਉਤਰਿਆ। "ਉਹ ਦੋਨੋਂ ਗੱਲਾਂ ਕਰਦੇ ਕਰਦੇ ਕੰਮ ਤੇ ਪਹੁੰਚ ਜਾਂਦੇ ਹਨ। ਚਰਨੇ ਦੇ ਦਿਮਾਗ਼ ਵਿੱਚ ਹਾਲੇ ਵੀ ਛਿੰਦਾ ਹੀ ਘੁੰਮ ਰਿਹਾ ਹੁੰਦਾ ਹੈ।

ਮਿਸਤਰੀ:- ਬਣਾ ਲਵੋ ਜਲਦੀ ਮਸਾਲਾ ਅੱਜ ਲਿਪਾਈ ਕਰਨੀ ਹੈ। "ਦੋਵੇਂ ਭਰਾ ਕੰਮ ਉੱਤੇ ਲੱਗ ਜਾਂਦੇ ਹਨ। ਸ਼ਾਮ ਨੂੰ ਚਰਨੇ ਨੂੰ ਛਿੰਦੇ ਦਾ ਫੋਨ ਆਉਂਦਾ ਹੈ।

ਛਿੰਦਾ:-ਹਾਂ ਫੇਰ ਚਰਨਿਆ ਕੀ ਸੋਚਿਆਂ? "

ਚਰਨਾ:-ਕਾਹਦਾ ਬਾਈ। "

ਛਿੰਦਾ:-ਆਹੀ ਗਰੀਬੀ ਵਿੱਚ ਹੀ ਮਰਨਾ ਹੈ ਕਿ ਐਸ਼ ਕਰਨੀ ਹੈ। ਸਾਲਿਆਂ ਆਵਦਾ ਨਹੀਂ ਤਾਂ ਘੱਟੋ ਘੱਟ ਸਾਡੀ ਭਰਜਾਈ ਦਾ ਹੀ ਸੋਚ ਲੈ ਕਿ ਉਹਨੂੰ ਵੀ ਸਾਰੀ ਉਮਰ ਲੋਕਾਂ ਦੇ ਘਰਾਂ ਦਾ ਕੰਮ ਹੀ ਕਰਵਾਉਣਾ। "

ਚਰਨਾ:-ਨਹੀਂ ਯਾਰ........ ਪਰ। "

ਛਿੰਦਾ:-ਕੀ ਪਰ....! "

ਚਰਨਾ:-ਸੀਤਾ ਨਹੀਂ ਮੰਨਦਾ ਛਿੰਦੇ ਬਾਈ। "

ਛਿੰਦਾ:-ਨਾ ਵੱਡਾ ਤੂੰ ਹੈ ਕਿ ਉਹ...... ਨਾਲੇ ਅੱਜ ਤੱਕ ਕਦੇ ਵੇਖਿਆ ਬਈ ਦੋਵੇਂ ਭਰਾ ਸਾਰੀ ਉਮਰ ਇਕੱਠੇ ਰਹੇ ਹੋਣ। ਤੁਸੀਂ ਵੀ ਅੱਜ ਨਹੀਂ ਤਾਂ ਕੱਲ ਅਲੱਗ ਹੋ ਹੀ ਜਾਣਾ ਹੈ। ਮਿੱਤਰਾਂ ਪੈਸਿਆਂ ਵਿੱਚ ਬਹੁਤ ਤਾਕਤ ਹੁੰਦੀ ਹੈ। ਬਾਕੀ ਤੇਰੀ ਮਰਜ਼ੀ। "

ਚਰਨਾ: ਵੈਸੇ ਤਾਂ ਠੀਕ ਹੈ ਤੇਰੀ ਗੱਲ। "

ਛਿੰਦਾ:-ਮੇਰੀਆਂ ਤਾਂ ਲੋਕ ਮਿੰਨਤਾਂ ਕਰਦੇ ਹਨ ਕੰਮ ਲਈ, ਮੈਂ ਸੋਚਿਆਂ ਤੇਰੇ ਨਾਲ ਪੁਰਾਣੀ ਯਾਰੀ ਹੈ। ਤੈਨੂੰ ਹੀ ਦੇ ਦਿੰਦੇ ਹਾਂ ਇੱਕ ਮੌਕਾ। "

ਚਰਨਾ:-ਧੰਨਵਾਦ ਹੈ ਤੇਰਾ ਬਾਈ ਜੋ ਤੂੰ ਮੇਰੇ ਲਈ ਸੋਚਦਾ ਹੈਂ। "

ਛਿੰਦਾ :-ਯਾਰ ਤੂੰ ਸਾਰੀਆਂ ਗੱਲਾਂ ਛੱਡ ਤੇ ਕੱਲ੍ਹ ਮੈਨੂੰ ਗਿਆਰਾਂ ਕੁ ਵਜੇ ਪਾਰਕ ਕੋਲ ਮਿਲੀ। "ਆਖ ਫੋਨ ਰੱਖ ਦਿੰਦਾ ਹੈ। ਚਰਨੇ ਸਾਰੀ ਰਾਤ ਪਾਸੇ ਮਾਰਦਾ ਰਹਿੰਦਾ ਹੈ।

ਮਨਜੀਤ (ਚਰਨੇ ਦੀ ਵਹੁਟੀ) :-ਕੀ ਗੱਲ ਹਾਲੇ ਤੱਕ ਸੁੱਤਾ ਨਹੀਂ। ਤੇਰੀ ਸਿਹਤ ਤਾਂ ਠੀਕ ਹੈ?"

ਚਰਨਾ:-ਤੂੰ ਪੈ ਜਾਹ ਮੈਨੂੰ ਨੀਂਦ ਨਹੀਂ ਆ ਰਹੀ,ਮੇਰੇ ਸਿਰ ਵਿੱਚ ਦਰਦ ਹੋ ਰਿਹਾ ਹੈ। "

ਮਨਜੀਤ:-ਜੇ ਆਖੇ ਤਾਂ ਚਾਹ ਕਰਦਿਆਂ। "ਪਰ ਚਰਨਾ ਅੱਗੋਂ ਕੋਈ ਜਵਾਬ ਨਹੀਂ ਦਿੰਦਾ।

ਸੀਤਾ:-ਭਾਬੀ ਕਿਵੇਂ ਹਾਲੇ ਤੱਕ ਬਾਈ ਕਮਰੇ 'ਚੋਂ ਬਾਹਰ ਨਹੀਂ ਆਇਆਂ? "ਅਗਲੇ ਦਿਨ ਸਵੇਰੇ ਸੀਤਾ ਮਨਜੀਤ ਨੂੰ ਪੁੱਛਦਾ।

ਮਨਜੀਤ:-ਸਾਰੀ ਰਾਤ ਸੁੱਤਾ ਨਹੀਂ, ਮੈਨੂੰ ਲੱਗਦਾ ਉਸਦੀ ਸਿਹਤ ਨਹੀਂ ਠੀਕ। "



ਸੀਤਾ:-ਚੱਲ ਕੋਈ ਨਾ ਅੱਜ ਮਾਰਨ ਦੇ ਛੁੱਟੀ ਕੰਮ ਤੋਂ ਬਾਈ ਨੂੰ।ਮਾਤਾ ਮੈਂ ਜਾਂਦਾ ਹਾਂ। "ਆਖ ਸੀਤਾ ਚਲਾ ਜਾਂਦਾ ਹੈ। ਲਗਭਗ ਦਸ ਕੁ ਵਜੇ ਹੀ ਚਰਨਾ ਤਿਆਰ ਹੋ ਕੇ ਘਰੋਂ ਬਾਹਰ ਜਾਣ ਲੱਗਦਾ ਹੈ ਤਾਂ।

ਮਾਤਾ:-ਪੁੱਤ ਜੇ ਤੇਰੀ ਸਿਹਤ ਠੀਕ ਨਹੀਂ ਤਾਂ ਦਾਰੂ ਲਿਆ ਕੇ ਮੈਂ ਦੇ ਦਿੰਦੀ ਹਾਂ।

ਚਰਨਾ:-ਨਹੀਂ ਮਾਤਾ ਮੈਂ ਆਪ ਹੀ ਲੈ ਕੇ ਆਉਂਦਾ ਹਾਂ। " ਉਹ ਚਲਾ ਜਾਂਦਾ ਹੈ। ਬਾਹਰ ਛਿੰਦਾ ਮਿਲਦਾ ਹੈ।

ਛਿੰਦਾ:- ਆ ਗਿਆ.... ਆਹ ਤੂੰ ਬਹੁਤ ਵਧੀਆਂ ਕੀਤਾ ਹੈ। "

ਚਰਨਾ:- ਛਿੰਦੇ ਬਾਈ ਮੈਨੂੰ ਕੰਮ ਕੀ ਕਰਨਾ ਪੈਣਾ ਹੈ? "

ਛਿੰਦਾ;-ਮੈਂ ਕੀ ਕੰਮ ਕਰਦਾ ਹਾਂ,ਬਸ ਐਸ਼ ਕਰੀਦੀ ਹੈ ਐਸ਼ ਤੇ ਉਹੀ ਕੰਮ ਤੂੰ ਕਰਨਾ ਹੈ ਬਸ ਐਸ਼ ਕਰਨੀ ਹੈ ਬਸ ਐਸ਼ ਪੂਰੇ ਦਿਨ ਵਿੱਚ ਵੱਧ ਤੋਂ ਵੱਧ ਵੀਹ ਮਿੰਟ ਕੰਮ ਹੁੰਦਾ ਹੈ। "

ਚਰਨਾ:- ਕੰਮ ਹੁੰਦਾ ਕੀ ਹੈ? "

ਛਿੰਦਾ:-ਉਹ ਵੀ ਦੱਸ ਦਿਆਂਗੇ, ਚੱਲ ਪਹਿਲਾਂ ਮੂੜ ਬਣਾਉਂਦੇ ਹਾਂ। "ਉਹ ਜੇਬ ਵਿੱਚੋਂ ਸਰਿੰਜ ਤੇ ਇੱਕ ਸ਼ੀਸ਼ੀ ਕੱਢਦਾ ਹੈ।

ਚਰਨਾ:-ਆਹ ਕੀ ਹੈ? "

ਛਿੰਦਾ:-ਇਹ..... ਇਹ ਹੈ ਸਵਰਗ ਦੀ ਸੈਰ ਕਰਵਾਉਣ ਵਾਲੀ ਪੌੜੀ, ਤੂੰ ਬਾਹ ਤਾਂ ਕਰ ਉਰੇ ਨੂੰ। "ਚਰਨੇ ਦੇ ਮਨਾਂ ਕਰਨ ਦੇ ਬਾਵਜੂਦ ਵੀ ਛਿੰਦਾ ਟੀਕਾ ਲਗਾ ਦਿੰਦਾ ਹੈ।

ਚਰਨਾ:-ਆਹ ..........! " ਲੰਮਾ ਜਿਹਾ ਸਾਹ ਖਿੱਚ ਕੇ ਬੋਲਦਾ ਹੈ।

ਛਿੰਦਾ:- ਆਹ ਲੈ ਅੱਜ ਦੀ ਦਿਹਾੜੀ ਤੇ ਕੱਲ੍ਹ ਨੂੰ ਇਸੇ ਟਾਇਮ ਆ ਜਾਈ। "ਆਖ ਉਹ ਜੇਬ ਵਿੱਚੋਂ ਪੰਜ ਹਜ਼ਾਰ ਰੁਪਏ ਚਰਨੇ ਨੂੰ ਫੜਾਂ ਦਿੰਦਾ ਹੈ ਤੇ ਆਪ ਚਲਾ ਜਾਂਦਾ ਹੈ। ਚਰਨਾ ਅੱਖਾਂ ਮੱਲਦਾ ਹੈ ਤੇ ਫ਼ਿਰ ਕੁਝ ਸਮਾਨ ਖਰੀਦ ਕੇ ਘਰੇ ਚਲਾ ਜਾਂਦਾ ਹੈ।

ਚਰਨਾ:-ਮਨਜੀਤ... ਮਨਜੀਤ ਆਹ ਸਮਾਨ ਫੜ। "

ਮਨਜੀਤ:-ਇੰਨਾ ਸਮਾਨ.... ਕਿਵੇਂ ਲਾਟਰੀ ਤਾਂ ਨਹੀਂ ਨਿਕਲੀ। "

ਚਰਨਾ:-ਤੂੰ ਇਹੀ ਸਮਝ ਕੇ ਆਪਣੀ ਲਾਟਰੀ ਹੀ ਨਿਕਲ ਆਈ ਹੈ। " ਹੁਣ ਚਰਨੇ ਨੇ ਸੀਤੇ ਨਾਲ ਕੰਮ ਉੱਤੇ ਜਾਣਾ ਬੰਦ ਕਰ ਦਿੱਤਾ ਤੇ ਛਿੰਦੇ ਨਾਲ ਰਹਿਣ ਲੱਗ ਪਿਆ।

ਸੀਤਾ:-ਬਾਈ....ਤੂੰ ਇਹ ਸਭ ਠੀਕ ਨਹੀਂ ਕਰ ਰਿਹਾ। " ਇੱਕ ਦਿਨ ਸ਼ਾਮ ਨੂੰ।

ਚਰਨਾ:-ਕੀ...... ਕੀ ਠੀਕ ਨਹੀਂ ਕਰ ਰਿਹਾ। "

ਸੀਤਾ:-ਆਹੀਂ ਜੋ ਤੂੰ ਛਿੰਦੇ ਨਾਲ ਮਿਲਕੇ ਕਰ ਰਿਹਾ ਹੈ। ਤੂੰ ਕੀ ਸਮਝਦਾ ਹੈ ਮੈਨੂੰ ਪਤਾ ਨਹੀਂ ਤੂੰ ਛਿੰਦੇ ਨਾਲ ਮਿਲਕੇ ਨਸ਼ੇ ਵੇਚਦਾ ਵੀ ਹੈ ਤੇ ਕਰਦਾ ਵੀ ਹੈ। ਮਾਤਾ ਜੇ ਇਸਦਾ ਏਹੀ ਹਾਲ ਰਿਹਾ ਨਾ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਆਪਾਂ ਸੜਕ ਉੱਤੇ ਆ ਜਾਵਾਂਗੇ। "

ਚਰਨਾ:-ਜੇ ਇੰਨੀ ਹੀ ਔਖ ਹੈ ਤਾਂ ਵੰਡ ਲਵੋ ਘਰ ਤੇ ਮੈਨੂੰ ਮੇਰਾ ਬਣਦਾ ਹਿੱਸਾ ਦੇ ਦਿਉ। ਨਾਲੇ ਛਿੰਦਾ ਠੀਕ ਹੀ ਆਖਦਾ ਸੀ। "

ਸੀਤਾ:-ਕੀ..... ਕੀ ਠੀਕ ਆਖਦਾ ਸੀ ਤੇਰਾ ਛਿੰਦਾ। "

ਚਰਨਾ:- ਭਰਾ..... ਭਰਾ ਦੀ ਤਰੱਕੀ ਵੇਖ ਕੇ ਮੱਚਦਾ ਹੀ ਹੁੰਦਾ ਹੈ। "

ਸੀਤਾ:-ਸੁਣ ਲੈ ਭਾਬੀ..... ਤੂੰ ਵੀ ਸੁਣ ਲੈ ਬਾਈ ਕੀ ਆਖ ਰਿਹਾ ਹੈ। ਮੈ..... ਮੈਂ ਤੁਹਾਡੀ ਤਰੱਕੀ ਵੇਖ ਕਿ ਮੱਚਦਾ ਹਾਂ। ਮੈਂ ਮੱਚਦਾ ਨਹੀਂ ਕੱਲ੍ਹ ਨੂੰ ਨਿਕਲਣ ਵਾਲੇ ਨਤੀਜਿਆਂ ਨੂੰ ਦੇਖ ਕੇ ਡਰ ਰਿਹਾ ਹਾਂ। ਇਹ ਨਸ਼ੇ ਵਾਲੇ ਤੇ ਨਸ਼ਾ ਕਦੇ ਵੀ ਕਿਸੇ ਦਾ ਸਕਾ ਨਹੀਂ ਹੋਇਆਂ ਭਰਾਵਾਂ ਹਾਲੇ ਵੀ ਸਮਾਂ ਹੈ ਤੇ ਇਹ ਸਭ ਛੱਡਦੇ..... ਇਹ ਸਭ ਛੱਡਦੇ। "ਸੀਤਾ ਚਰਨੇ ਦੇ ਹੱਥ ਪੈਰ ਬਨਦਾ ਹੋਇਆਂ ਰੋਣ ਲੱਗ ਪੈਂਦਾ ਹੈ। ਕੁਝ ਹੀ ਦਿਨ ਬੀਤਦੇ ਹਨ।

ਚਰਨਾ:-ਮਨਜੀਤ..... ਮਨਜੀਤ....ਮਾਤਾ... ਮਾਤਾ ਸਾਰੇ ਕਿੱਥੇ ਮਰ ਗਏ ਹਨ,ਕੋਈ ਜਵਾਬ ਕਿਉ ਨਹੀਂ ਦੇ ਰਿਹਾ। "

ਘਬਰਾਇਆ ਹੋਇਆਂ ਚਰਨਾ ਅੰਦਰ ਆਉਂਦਾ ਹੈ।

ਮਾਤਾ:-ਕੀ ਹੋਇਆਂ ਪੁੱਤ। "

ਚਰਨਾ:-ਜੇ ਕੋਈ ਮੈਨੂੰ ਪੁੱਛਣ ਆਵੇ ਤਾਂ ਆਖ ਦੇਈ ਮੈਂ ਹੈ ਨਹੀਂ। "ਉਹ ਭੱਜ ਕੇ ਕਮਰੇ ਵਿੱਚ ਵੜ ਜਾਂਦਾ ਹੈ।

ਪੁਲਿਸ-ਮੈਨ:-ਮਾਤਾ ਇਹ ਚਰਨੇ ਦਾ ਹੀ ਘਰ ਹੈ। "

ਮਾਤਾ:-ਹਾਂ ਪੁੱਤ ਚਰਨੇ ਦਾ ਹੀ ਘਰ ਹੈ, ਕੀ ਗੱਲ?"

ਦੂਜਾ ਪੁਲਿਸ-ਮੈਨ:-ਮਿਲਣਾ ਸੀ ਚਰਨੇ ਨੂੰ। "

ਮਾਤਾ:-ਉਹ ਤਾਂ ਘਰੇ ਹੋਣੀ। "ਮਾਤਾ ਝੂਠ ਹੀ ਬੋਲ ਦਿੰਦੀ ਹੈ ? "

ਪੁਲਿਸ-ਮੈਨ:-ਕੋਈ ਨਾ ਕਦੋਂ ਤੱਕ ਘਰੇ ਨਹੀਂ ਆਵੇਗਾ। " ਆਖ ਉਹ ਗੁੱਸੇ ਵਿੱਚ ਹੀ ਵਾਪਸ ਚਲੇ ਜਾਂਦੇ ਹਨ।

ਮਾਤਾ:-ਇਹ ਪੁਲਿਸ ਵਾਲੇ ਤੈਨੂੰ ਕਿਉ ਲੱਭ ਰਹੇ ਹਨ? "

ਚਰਨਾ:-ਤੂੰ ਮੇਰਾ ਦਿਮਾਗ ਨਾ ਖਰਾਬ ਕਰ ਮੈਂ ਪਹਿਲਾਂ ਹੀ ਅੱਕਿਆ ਪਿਆ ਹਾਂ। ਮਨਜੀਤ ਕਿੱਥੇ ਹੈ? "

ਮਾਤਾ:-ਉਹ ਨਿਆਣਿਆਂ ਨੂੰ ਸਕੂਲੋਂ ਲੈਣ ਲਈ ਗਈ ਹੈ। ਚਰਨਾ:-ਮਾਤਾ ਮੈਨੂੰ ਪੈਸੇ ਚਾਹੀਦੇ ਹਨ। "

ਮਾਤਾ:-ਮੇਰੇ ਕੋਲ ਹੈ ਨਹੀ। "

ਚਰਨਾ:-ਆਹ ਬੁੱਢੇ ਵਾਰੇ ਵਾਲੀਆਂ ਪਾ ਕੇ ਤੂੰ ਕੀ ਕਰਨੀਆਂ ਹਨ। ਚੱਲ ਲਾਹ ਕੇ ਦੇ ਮੈਨੂੰ। "

ਮਾਤਾ:-ਵੇ ਘਰਦੀਆਂ ਸਾਰੀਆਂ ਚੀਜ਼ਾਂ ਤਾਂ ਤੂੰ ਵੇਚ ਦਿੱਤੀਆਂ ਆਹ ਵਾਲੀਆਂ ਹੀ ਤਾਂ ਰਹਿ ਗਈਆਂ ਹਨ। ਮੈਂ ਨਹੀਂ ਦੇਣੀਆਂ। "

ਚਰਨਾ:-ਮਾਤਾ ਮੈਨੂੰ ਮਜ਼ਬੂਰ ਨਾ ਕਰ। "ਮਾਤਾ ਦੇ ਮਨਾਂ ਕਰਨ ਤੇ ਉਹ ਵਾਲੀਆਂ ਖਿੱਚ ਕੇ ਲੈ ਜਾਂਦਾ ਹੈ। ਮਾਤਾ ਰੋਂਦੀ ਰਹਿ ਜਾਂਦੀ ਹੈ।

ਅਗਲੇ ਦਿਨ ਸਵੇਰੇ ਸਵੇਰੇ ਪੁਲਿਸਮੈਨ ਇੱਕ ਵਾਰ ਫੇਰ ਘਰ ਆਉਂਦੇ ਹਨ।

ਪੁਲਿਸ-ਮੈਨ:-ਕਾਕਾ ਚਰਨਾ ਤੇਰਾ ਕੀ ਲੱਗਦਾ ਹੈ? "

ਸੀਤਾ:-ਭਰਾ.... ਵੱਡਾ ਭਰਾ ਹੈ ਜੀ ਮੇਰਾ। "

ਪੁਲਿਸ-ਮੈਨ:-ਚੱਲ ਫ਼ਿਰ ਤੂੰ ਸਾਡੇ ਨਾਲ। "

ਮਾਤਾ:-ਪਰ..... ਪਰ ਸੀਤੇ ਨੇ ਕੀ ਕੀਤਾ ਹੈ? "

ਪੁਲਿਸ-ਮੈਨ:-ਮਾਤਾ..... ਮਾਤਾ ਕੱਲ੍ਹ ਤੇਰਾ ਚਰਨਾ ਨਸ਼ੇ ਦੀ ਔਵਰ ਡੋਜ ਨਾਲ ਬੱਸ ਅੱਡੇ ਉੱਤੇ ਖਤਮ ਹੋ ਗਿਆ ਹੈ। ਉਸਦੀ ਬਾਡੀ ਲੈ ਕੇ ਆਉਣੀ ਹੈ। "

ਮਾਤਾ:-ਹਾਏ ਵੇ ਅਸੀਂ ਲੁੱਟੇ ਗਏ.... ਵੇ ਕਰ ਗਿਆ ਉਹੀ ਕੰਮ .....! "ਮਾਤਾ ਪਿੱਟਣ ਲੱਗ ਜਾਂਦੀ ਹੈ।

ਮਨਜੀਤ:-ਕੀ..... ਕੀ ਹੋ ਗਿਆ ਮਾਤਾ? "

ਮਾਤਾ:- ਨੀ ਤੂੰ ਲੁੱਟੀ ਗਈ .... ਆਖਦਾ ਸੀ ਜਿੰਦਗੀ ਬਨਾਉਣੀ ਹੈ ..... ਸਾਰਿਆਂ ਨੂੰ ਪੱਟ ਕੇ ਸੁੱਟ ਗਿਆ। "

ਸਾਰੇ ਰੋਣ ਲੱਗ ਜਾਂਦੇ ਹਨ।

ਮੈਸੇਜ਼:- ਬਾਈ ਜੀ ਸਾਡੀ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਜੀ ਕੇ ਨਸ਼ੇ ਨਾਲ ਜਿੰਦਗੀ ਦੀ ਸ਼ੁਰੂਆਤ ਨਹੀਂ ਅੰਤ ਹੁੰਦਾ ਹੈ। ਇਸ ਲਈ ਅੱਜ ਤੋਂ ਹੀ ਨਸ਼ਾ ਨਾ ਕਰਨ ਦੀ ਸਹੁੰ ਖਾਉ। ਨਸ਼ਾ ਕਦੇ ਵੀ ਕਿਸੇ ਦਾ ਨਹੀਂ ਬਣਿਆ ਬਲਕਿ ਇਸ ਨਾਲ ਹੱਸਦੇ ਵੱਸਦੇ ਘਰ ਤਬਾਹ ਕਰ ਦਿੰਦਾ ਹੈ।

ਪੜ੍ਹਨ ਲਈ ਆਪ ਸਭ ਦਾ ਬਹੁਤ ਬਹੁਤ ਧੰਨਵਾਦ



ਸੰਦੀਪ ਦਿਉੜਾ
8437556667

# ਨਿਸ਼ਾਨੇਬਾਜ਼ੀ: ਫਰੀਦਕੋਟ ਦੀ ਸਿਮਰਨਪ੍ਰੀਤ ਨੇ ਵਿਸ਼ਵ ਕੱਪ ਫਾਈਨਲ ਵਿੱਚ ਸੋਨ ਤਮਗਾ ਜਿੱਤਿਆ



ਸਿਮਰਨਪ੍ਰੀਤ ਕੌਰ ਬਰਾੜ ਨੇ ਦੋਹਾ ਵਿਚ ਅੱਜ ISSF ਵਿਸ਼ਵ ਕੱਪ ਫਾਈਨਲ ਵਿੱਚ 25 ਮੀਟਰ ਪਿਸਟਲ ਮੁਕਾਬਲੇ ਵਿਚ ਸੋਨ ਤਮਗਾ ਜਿੱਤਿਆ ਜਦੋਂ ਕਿ ਇਸੇ ਵਿਸ਼ਵ ਕੱਪ ਫਾਈਨਲ ਦੇ ਪੁਰਸ਼ਾਂ ਦੀ 50 ਮੀਟਰ ਰਾਈਫਲ 3-ਪੋਜੀਸ਼ਨ ਐਕਸਪੋਨੈਂਟ ਵਿਚ ਐਸ਼ਵਾਰੀ ਪ੍ਰਤਾਪ ਸਿੰਘ ਤੋਮਰ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ। 25 ਮੀਟਰ ਰੈਪਿਡ-ਫਾਇਰ ਪਿਸਟਲ ਵਿੱਚ ਵਿਸ਼ਵ ਚੈਂਪੀਅਨਸ਼ਿਪ ਦੇ ਚਾਂਦੀ ਦਾ ਤਗਮਾ ਜੇਤੂ ਅਨੀਸ਼ ਭਾਨਵਾਲਾ ਨੇ ਵੀ ਸਾਲ ਦਾ ਅੰਤ ਸ਼ਾਨਦਾਰ ਤਰੀਕੇ ਨਾਲ ਕੀਤਾ। ਭਾਰਤ ਨੇ ਦੋ ਸੋਨ, ਤਿੰਨ ਚਾਂਦੀ ਅਤੇ ਇੱਕ ਕਾਂਸੀ ਸਮੇਤ ਆਪਣੇ ਤਗਮਿਆਂ ਦੀ ਗਿਣਤੀ ਛੇ ਤੱਕ ਪਹੁੰਚਾ ਦਿੱਤੀ। ਦੂਜੇ ਦਿਨ ਭਾਰਤ ਨੇ ਤਗਮੇ ਦੀ ਸੂਚੀ ਵਿੱਚ ਚੀਨ ਤੋਂ ਬਾਅਦ ਆਪਣਾ ਦੂਜਾ ਸਥਾਨ ਬਰਕਰਾਰ ਰੱਖਿਆ। ਚੀਨ ਨੇ ਤਿੰਨ ਸੋਨ, ਦੋ ਚਾਂਦੀ ਅਤੇ ਤਿੰਨ ਕਾਂਸੀ ਦੇ ਤਗਮੇ ਜਿੱਤੇ ਹਨ। ਸਿਮਰਨਪ੍ਰੀਤ ਦੇ ਪਿਤਾ ਨੇ ਆਪਣੀ ਧੀ ਲਈ ਆਪਣੀ ਸਰਕਾਰੀ ਨੌਕਰੀ ਛੱਡ ਦਿੱਤੀ ਸੀ। ਸਿਮਰਨਪ੍ਰੀਤ ਨੇ ਫਾਈਨਲ ਵਿੱਚ ਸ਼ਾਨਦਾਰ 41 ਦਾ ਸਕੋਰ ਬਣਾ ਕੇ ਆਪਣੇ ਮਾਪਿਆਂ ਨੂੰ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਪ੍ਰਾਪਤੀ ਨਾਲ ਮਾਣ ਦਿਵਾਇਆ। ਉਸ ਨੇ ਇਸ ਮਾਅਰਕੇ ਨਾਲ ਵਿਸ਼ਵ ਜੂਨੀਅਰ ਰਿਕਾਰਡ ਦੀ ਬਰਾਬਰੀ ਕੀਤੀ। ਅੱਠ ਨਿਸ਼ਾਨੇਬਾਜ਼ਾਂ ਦੇ ਫਾਈਨਲ ਲਈ ਕੁਆਲੀਫਾਈ ਕਰਨ ਵਾਲੀ ਦੂਜੀ ਭਾਰਤੀ ਈਸ਼ਾ ਸਿੰਘ ਸੱਤਵੇਂ ਸਥਾਨ 'ਤੇ ਰਹੀ। ਡਬਲ ਓਲੰਪਿਕ ਕਾਂਸੀ ਤਗਮਾ ਜੇਤੂ ਮਨੂ ਭਾਕਰ ਕੁਆਲੀਫਾਈ ਦੌਰ ਵਿੱਚ 581 ਦੇ ਸਕੋਰ ਨਾਲ ਨੌਵੇਂ ਸਥਾਨ 'ਤੇ ਰਹਿਣ ਤੋਂ ਬਾਅਦ ਫਾਈਨਲ ਵਿੱਚ ਜਗ੍ਹਾ ਨਹੀਂ ਬਣਾ ਸਕੀ।

# ਜੂਨੀਅਰ ਮਹਿਲਾ ਹਾਕੀ ਵਿਸ਼ਵ ਕੱਪ 'ਚ ਭਾਰਤ ਨੇ ਵੇਲਜ਼ ਨੂੰ ਹਰਾਇਆ



ਕੁਆਰਟਰ ਫਾਈਨਲ ਦੀ ਦੌੜ 'ਚੋਂ ਪਹਿਲਾਂ ਹੀ ਬਾਹਰ ਹੋ ਚੁੱਕੇ ਭਾਰਤ ਨੇ ਐੱਫ ਆਈ ਐੱਚ ਜੂਨੀਅਰ ਮਹਿਲਾ ਵਿਸ਼ਵ ਕੱਪ ਹਾਕੀ ਮੁਕਾਬਲੇ ਦੇ ਨੌਵੇਂ ਤੋਂ 16ਵੇਂ ਸਥਾਨ ਦੇ ਕਲਾਸੀਫਿਕੇਸ਼ਨ ਮੈਚ 'ਚ ਵੇਲਜ਼ 'ਤੇ 3-1 ਨਾਲ ਸ਼ਾਨਦਾਰ ਜਿੱਤ ਦਰਜ ਕਰ ਕੇ ਸਿਖਰਲੇ 10 ਵਿੱਚ ਥਾਂ ਬਣਾਉਣ ਦੀਆਂ ਉਮੀਦਾਂ ਕਾਇਮ ਰੱਖੀਆਂ ਹਨ।

ਭਾਰਤ ਵੱਲੋਂ ਹਿਨਾ ਬਾਨੋ (14ਵੇਂ ਮਿੰਟ), ਸੁਨੇਲਿਤਾ ਟੋਪੋ (24ਵੇਂ) ਅਤੇ ਇਸ਼ਿਕਾ (31ਵੇਂ ਮਿੰਟ) ਨੇ ਗੋਲ ਕੀਤੇ; ਵੇਲਜ਼ ਲਈ ਇੱਕੋ-ਇੱਕ ਗੋਲ ਐਲੋਇਸ ਮੋਟ (52ਵੇਂ ਮਿੰਟ) ਨੇ ਕੀਤਾ। ਭਾਰਤ ਨੇ ਮੈਚ 'ਤੇ ਸ਼ੁਰੂ ਤੋਂ ਹੀ ਦਬਦਬਾ ਬਣਾਈ ਰੱਖਿਆ। ਉਸ ਨੂੰ ਪਹਿਲੇ 30 ਸਕਿੰਟ 'ਚ ਹੀ ਪੈਨਲਟੀ ਕਾਰਨਰ ਮਿਲਿਆ ਪਰ ਉਹ ਇਸ ਦਾ ਫਾਇਦਾ ਨਾ ਚੁੱਕ ਸਕਿਆ। ਭਾਰਤੀ ਖਿਡਾਰਨਾਂ ਨੇ ਕਈ ਮੌਕੇ ਬਣਾਏ ਪਰ ਸ਼ੁਰੂਆਤ 'ਚ ਗੋਲ ਨਾ ਕਰ ਸਕੀਆਂ। ਵੇਲਜ਼ ਨੂੰ ਵੀ ਇਸੇ ਵਿਚਾਲੇ ਪੈਨਲਟੀ ਸਟ੍ਰੋਕ ਰਾਹੀਂ ਲੀਡ ਹਾਸਲ ਕਰਨ ਦਾ ਮੌਕਾ ਮਿਲਿਆ ਪਰ ਕਾਮਯਾਬੀ ਨਾ ਮਿਲੀ। ਭਾਰਤ ਨੇ ਪਹਿਲੇ ਕੁਆਰਟਰ ਦੇ ਆਖਰੀ ਸਮੇਂ 'ਚ ਗੋਲ ਕੀਤਾ ਅਤੇ ਖੇਡ ਅੱਧੀ ਹੋਣ ਤੱਕ 2-0 ਦੀ ਲੀਡ ਹਾਸਲ ਕਰ ਲਈ। ਭਾਰਤ ਨੇ ਦੂਜੇ ਅੱਧ ਦੀ ਸ਼ੁਰੂਆਤ 'ਚ ਹੀ ਲੀਡ 3-0 ਕਰ ਲਈ। ਚੌਥੇ ਤੇ ਆਖਰੀ ਕੁਆਰਟਰ 'ਚ ਵੇਲਜ਼ ਨੂੰ ਇੱਕ ਮੌਕਾ ਮਿਲਿਆ ਤੇ ਐਲੋਇਸ ਮੋਟ ਨੇ ਟੀਮ ਲਈ ਇੱਕੋ-ਇੱਕ ਗੋਲ ਕੀਤਾ। ਭਾਰਤ ਦਾ ਅਗਲਾ ਮੁਕਾਬਲਾ ਨੌਂ ਦਸੰਬਰ ਨੂੰ ਉਰੂਗੁਏ ਨਾਲ ਹੋਵੇਗਾ। ਇਹ ਮੈਚ ਜਿੱਤਣ ਵਾਲੀ ਟੀਮ ਓਵਰਆਲ ਸੂਚੀ ਵਿੱਚ ਨੌਵੇਂ ਸਥਾਨ ਲਈ ਅਤੇ ਹਾਰਨ ਵਾਲੀ ਟੀਮ 11ਵੇਂ ਸਥਾਨ ਲਈ ਮੈਚ ਖੇਡੇਗੀ।

# ਵਿਰਾਟ ਕੋਹਲੀ ਨੇ ਕਾਰੋਬਾਰੀ ਪਿੱਚ 'ਤੇ ਕੀਤੀ ਨਵੀਂ ਸ਼ੁਰੂਆਤ

## ਐਜੀਲਿਟਾਸ ਸਪੋਰਟਸ 'ਚ ਕੀਤਾ 40 ਕਰੋੜ ਰੁਪਏ ਦਾ ਨਿਵੇਸ਼



ਨਵੀਂ ਦਿੱਲੀ: ਕ੍ਰਿਕਟਰ ਵਿਰਾਟ ਕੋਹਲੀ ਨੇ ਆਪਣੇ ਸਪੋਰਟਵਿਅਰ ਅਤੇ ਐਥਲੀਜਰ ਬ੍ਰਾਂਡ ਵਨ 8 ਨੂੰ ਐਜੀਲਿਟਾਸ ਸਪੋਰਟਸ ਨੂੰ ਵੇਚਣ ਦਾ ਫ਼ੈਸਲਾ ਕੀਤਾ ਹੈ। ਨਾਲ ਹੀ ਉਹ ਐਜੀਲਿਟਾਸ ਸਪੋਰਟ 'ਚ 40 ਕਰੋੜ ਰੁਪਏ ਦਾ ਨਿਵੇਸ਼ ਕਰਕੇ ਇਕ ਛੋਟੀ ਹਿੱਸੇਦਾਰੀ ਖਰੀਦ ਰਹੇ ਹਨ। ਇਹ ਡੀਲ ਵਿਰਾਟ ਕੋਹਲੀ ਦੇ ਲਈ ਇਕ ਨਵੇਂ ਸਫਰ ਦੀ ਸ਼ੁਰੂਆਤ ਹੈ। ਜਿੱਥੇ ਉਨ੍ਹਾਂ ਦਾ ਬ੍ਰਾਂਡ ਵਨ 8 ਹੁਣ ਇਕ ਸੁਤੰਤਰ ਗਲੋਬਲ ਸਪੋਰਟਸ ਬ੍ਰਾਂਡ ਦੇ ਤੌਰ 'ਤੇ ਕੰਮ ਕਰ ਰਿਹਾ ਹੈ। ਐਜੀਲਿਟਾਸ ਸਪੋਰਟਸ ਪਹਿਲਾਂ ਤੋਂ ਹੀ ਸਪੋਰਟਸ ਫੁਟਵੀਅਰ ਮੈਨੂੰਫੈਕਚਰਿੰਗ ਅਤੇ ਲਾਇਸੈਂਸਿੰਗ 'ਚ ਸਰਗਰਮ ਹੈ। ਹੁਣ ਉਹ ਵਨ 8 ਨੂੰ ਨਵੀਆਂ ਉਚਾਈਆਂ 'ਤੇ ਲੈਣ ਦੀ ਤਿਆਰੀ 'ਚ ਹੈ।

ਇਹ ਖ਼ਬਰ ਵਿਰਾਟ ਕੋਹਲੀ ਦੇ ਲਈ ਬਹੁਤ ਅਹਿਮ ਹੈ ਅਤੇ ਉਨ੍ਹਾਂ ਇਹ ਡੀਲ ਆਪਣੇ ਇਕ ਵੱਡੇ ਐਂਡੋਰਸਮੈਂਟ ਡੀਲ ਦੇ ਖਤਮ ਹੋਣ ਦੇ ਕੁੱਝ ਮਹੀਨਿਆਂ ਬਾਅਦ ਕੀਤੀ ਹੈ। ਅੱਜ ਸਾਲ ਤੱਕ ਪਿਊਮਾ ਇੰਡੀਆ ਦੇ ਨਾਲ 110 ਕਰੋੜ ਰੁਪਏ ਦੀ ਡੀਲ ਤੋਂ ਬਾਅਦ ਵਿਰਾਟ ਕੋਹਲੀ ਨੇ ਹੁਣ ਐਜੀਲਿਟਾਸ ਸਪੋਰਟਸ ਦੇ ਨਾਲ ਇਕ ਨਵੀਂ ਸਾਂਝੇਦਾਰੀ ਕੀਤੀ ਹੈ। ਐਜੀਲਿਟਾਸ ਸਪੋਰਟਸ ਦੇ ਸਹਿ-ਸੰਸਥਾਪਕ ਅਤੇ ਸੀ.ਈ.ਓ. ਅਭਿਸ਼ੇਕ ਗੰਗਵਾਰ ਨੇ ਦੱਸਿਆ ਕਿ ਵਨ 8 ਹੁਣ ਇਕ ਸੁਤੰਤਰ, ਪ੍ਰੀਮੀਅਮ ਗਲੋਬਲ ਸਪੋਰਟਸ ਬ੍ਰਾਂਡ ਦੇ ਰੂਪ 'ਚ ਕੰਮ ਕਰੇਗਾ। ਉਹ ਬ੍ਰਿਟੇਨ, ਦੱਖਣੀ ਅਫ਼ਰੀਕਾ ਅਤੇ ਅਮਰੀਕਾ ਵਰਗੇ ਬਾਜ਼ਾਰਾਂ 'ਚ ਡ੍ਰਿਸਟਰੀਬਿਊਸ਼ਨ ਪਾਰਟਨਰ ਨੂੰ ਅੰਤਿਮ ਰੂਪ ਦੇ ਰਹੇ ਹਨ।

# ਟੀ-20 ਵਿਸ਼ਵ ਕੱਪ 2026 ਲਈ ਟੀਮ ਇੰਡੀਆ ਦਾ ਐਲਾਨ !



ਟੀ-20 ਵਿਸ਼ਵ ਕੱਪ 2026 ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਭਾਰਤ ਅਤੇ ਸ਼੍ਰੀਲੰਕਾ ਵਿੱਚ ਹੋਣ ਵਾਲੇ ਟੂਰਨਾਮੈਂਟ ਤੋਂ ਪਹਿਲਾਂ ਟੀਮ ਇੰਡੀਆ ਦੀ ਸੰਭਾਵੀ ਟੀਮ ਬਾਰੇ ਚਰਚਾ ਤੇਜ਼ ਹੋ ਗਈ ਹੈ। 7 ਫਰਵਰੀ ਤੋਂ ਸ਼ੁਰੂ ਹੋਣ ਵਾਲੀ ਦੱਖਣੀ ਅਫਰੀਕਾ ਟੀ-20 ਸੀਰੀਜ਼ ਲਈ ਚੁਣੀ ਗਈ ਮੌਜੂਦਾ ਟੀਮ ਨੂੰ ਵਿਸ਼ਵ ਕੱਪ ਲਈ ਇੱਕ ਮਜ਼ਬੂਤ ਨੀਂਹ ਮੰਨਿਆ ਜਾਂਦਾ ਹੈ, ਕਿਉਂਕਿ ਇਹ ਫਾਰਮ ਅਤੇ ਸੰਤੁਲਨ ਦੇ ਲਿਹਾਜ਼ ਨਾਲ ਇੱਕ ਬਹੁਤ ਹੀ ਸਥਿਰ ਟੀਮ ਜਾਪਦੀ ਹੈ।

**ਸੂਰਿਆਕੁਮਾਰ ਯਾਦਵ-ਸ਼ੁਭਮਨ ਗਿੱਲ ਕਰਨਗੇ ਅਗਵਾਈ**

ਸੂਰਿਆਕੁਮਾਰ ਯਾਦਵ ਨੂੰ ਟੀ-20 ਵਿਸ਼ਵ ਕੱਪ 2026 ਲਈ ਭਾਰਤੀ ਟੀਮ ਦਾ ਕਪਤਾਨ ਅਤੇ ਸ਼ੁਭਮਨ ਗਿੱਲ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ ਹੈ। ਸੂਰਿਆ ਦਾ ਲੀਡਰਸ਼ਿਪ ਦਾ ਤਜਰਬਾ ਉਸਨੂੰ ਇਸ ਵੱਡੇ ਟੂਰਨਾਮੈਂਟ ਲਈ ਸਭ ਤੋਂ ਭਰੋਸੇਮੰਦ ਵਿਕਲਪ ਬਣਾਉਂਦਾ ਹੈ। ਉਨ੍ਹਾਂ ਦੀ ਕਪਤਾਨੀ ਵਿੱਚ, ਭਾਰਤ ਨੇ ਏਸ਼ੀਆ ਕੱਪ 2025 ਜਿੱਤਿਆ, ਜੋ ਇਸਦਾ ਪਹਿਲਾ ਬਹੁ-ਰਾਸ਼ਟਰੀ ਖਿਤਾਬ ਸੀ। ਇਸ ਤੋਂ ਇਲਾਵਾ, ਭਾਰਤ ਨੇ ਉਸਦੀ ਅਗਵਾਈ ਵਿੱਚ ਆਸਟ੍ਰੇਲੀਆ ਵਿਰੁੱਧ ਟੀ-20 ਸੀਰੀਜ਼ 2-1 ਨਾਲ ਜਿੱਤੀ। ਉਨ੍ਹਾਂ ਦਾ ਟੀ-20I ਰਿਕਾਰਡ ਵੀ ਪ੍ਰਭਾਵਸ਼ਾਲੀ ਹੈ। ਉਸਨੇ 34 ਮੈਚਾਂ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ, 27 ਜਿੱਤੇ ਹਨ, ਸਿਰਫ ਪੰਜ ਹਾਰੇ ਹਨ, ਅਤੇ ਤਿੰਨ ਡਰਾਅ ਵਿੱਚ ਖਤਮ ਹੋਏ ਹਨ। 84.40 ਪ੍ਰਤੀਸ਼ਤ ਦੀ ਜਿੱਤ ਅਨੁਪਾਤ ਅਤੇ ਹੁਣ ਤੱਕ ਇੱਕ ਵੀ ਟੀ-20 ਲੜੀ ਨਾ ਹਾਰਨ ਦਾ ਰਿਕਾਰਡ ਉਸਨੂੰ ਇਸ ਵਿਸ਼ਵ ਕੱਪ (ਟੀ-20 ਵਿਸ਼ਵ ਕੱਪ 2026) ਲਈ ਇੱਕ ਮਜ਼ਬੂਤ ਨੇਤਾ ਬਣਾਉਂਦਾ ਹੈ।

ਦੂਜੇ ਪਾਸੇ, ਸ਼ੁਭਮਨ ਗਿੱਲ ਸੱਟ ਤੋਂ ਠੀਕ ਹੋਣ ਤੋਂ ਬਾਅਦ ਟੀਮ ਵਿੱਚ ਵਾਪਸ ਆ ਰਿਹਾ ਹੈ ਅਤੇ ਉਪ-ਕਪਤਾਨ ਦੀ ਭੂਮਿਕਾ ਨਿਭਾਏਗਾ। ਗਿੱਲ ਦੀ ਤਕਨੀਕੀ ਬੱਲੇਬਾਜ਼ੀ ਅਤੇ ਸ਼ਾਂਤ ਵਿਵਹਾਰ ਉਸਨੂੰ ਟੀਮ ਦੇ ਲੀਡਰਸ਼ਿਪ ਸਮੂਹ ਵਿੱਚ ਇੱਕ ਕੀਮਤੀ ਅਤੇ ਸਥਿਰ ਵਿਕਲਪ ਬਣਾਉਂਦਾ ਹੈ।

**ਉਨ੍ਹਾਂ ਦੀ ਫਾਰਮ ਦੇ ਬਾਵਜੂਦ, ਰਿੰਕੂ ਅਤੇ ਪੰਤ ਦਾ ਰਸਤਾ ਮੁਸ਼ਕਲ**

ਰਿੰਕੂ ਸਿੰਘ ਨੂੰ ਦੱਖਣੀ ਅਫਰੀਕਾ ਟੀ-20ਈ ਟੀਮ ਤੋਂ ਬਾਹਰ ਰੱਖਿਆ ਗਿਆ ਸੀ, ਜਿਸ ਨਾਲ ਉਸਦੀ ਚੋਣ ਬਾਰੇ ਕਈ ਸਵਾਲ ਖੜ੍ਹੇ ਹੋਏ ਸਨ। ਉਸਦੀ ਕੁਝ ਸਮੇਂ ਤੋਂ ਪਲੇਇੰਗ ਇਲੈਵਨ ਵਿੱਚ ਇਕਸਾਰ ਭੂਮਿਕਾ ਨਹੀਂ ਰਹੀ ਹੈ, ਅਤੇ ਹੁਣ ਸੰਕੇਤ ਮਿਲ ਰਹੇ ਹਨ ਕਿ ਵਿਸ਼ਵ ਕੱਪ ਵਿੱਚ ਵੀ ਉਸਦੀ ਭੂਮਿਕਾ ਸੀਮਤ ਹੋ ਸਕਦੀ ਹੈ।

ਜਦੋਂ ਤੱਕ ਕੋਈ ਸੱਟ ਜਾਂ ਵਿਸ਼ੇਸ਼ ਹਾਲਾਤ ਨਾ ਹੋਣ, ਰਿੰਕੂ ਲਈ ਮੁੱਖ ਟੀਮ ਵਿੱਚ ਜਗ੍ਹਾ ਸੁਰੱਖਿਅਤ ਕਰਨਾ ਮੁਸ਼ਕਲ ਜਾਪਦਾ ਹੈ, ਹਾਲਾਂਕਿ ਉਸਨੂੰ ਸਟੈਂਡਬਾਏ ਖਿਡਾਰੀਆਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ, ਰਿਸ਼ਭ ਪੰਤ ਦੀ ਸਥਿਤੀ ਚੁਣੌਤੀਪੂਰਨ ਹੈ। ਉਹ ਲੰਬੇ ਸਮੇਂ ਤੋਂ ਟੀ-20 ਟੀਮ ਦਾ ਹਿੱਸਾ ਨਹੀਂ ਰਿਹਾ ਹੈ, ਅਤੇ ਉਹ ਵਨਡੇ ਫਾਰਮੈਟ ਵਿੱਚ ਵੀ ਇਕਸਾਰ ਜਗ੍ਹਾ ਨਹੀਂ ਲੱਭ ਸਕਿਆ ਹੈ। ਸੰਜੂ ਸੈਮਸਨ ਅਤੇ ਜਿਤੇਸ਼ ਸ਼ਰਮਾ, ਜੋ ਪਹਿਲਾਂ ਹੀ ਟੀਮ ਵਿੱਚ ਹਨ, ਦੋ ਵਿਕਟਕੀਪਰ ਵਿਕਲਪਾਂ ਦੀ ਜ਼ਰੂਰਤ ਨੂੰ ਪੂਰਾ ਕਰਦੇ ਜਾਪਦੇ ਹਨ। ਇਸ ਲਈ, ਪੰਤ ਦੀ ਚੋਣ ਦੀ ਸੰਭਾਵਨਾ ਇਸ ਸਮੇਂ ਘੱਟ ਜਾਪਦੀ ਹੈ।

**ਅਭਿਸ਼ੇਕ ਨਾਇਰ ਅਨੁਸਾਰ ਮੌਜੂਦਾ ਟੀਮ ਟੀ-20 ਵਿਸ਼ਵ ਕੱਪ 2026 ਲਈ ਮਜ਼ਬੂਤ ਵਿਕਲਪ**

ਭਾਰਤੀ ਟੀਮ ਦੇ ਸਾਬਕਾ ਸਹਾਇਕ ਕੋਚ ਅਭਿਸ਼ੇਕ ਨਾਇਰ ਦਾ ਮੰਨਣਾ ਹੈ ਕਿ ਦੱਖਣੀ ਅਫਰੀਕਾ ਟੀ-20 ਲੜੀ ਲਈ ਚੁਣੀ ਗਈ ਮੌਜੂਦਾ ਭਾਰਤੀ ਟੀਮ ਟੀ-20 ਵਿਸ਼ਵ ਕੱਪ 2026 ਲਈ ਸਭ ਤੋਂ ਢੁਕਵੀਂ ਸੰਯੋਜਨ ਹੋ ਸਕਦੀ ਹੈ। ਉਨ੍ਹਾਂ ਦੇ ਅਨੁਸਾਰ, ਇਹ ਟੀਮ ਖਿਡਾਰੀਆਂ ਦੇ ਫਾਰਮ, ਸੰਤੁਲਨ ਅਤੇ ਚੋਣਕਾਰਾਂ ਦੀ ਸੋਚ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ। ਭਾਰਤ ਵਿਸ਼ਵ ਕੱਪ ਤੋਂ ਪਹਿਲਾਂ ਦੱਖਣੀ ਅਫਰੀਕਾ ਅਤੇ ਨਿਊਜ਼ੀਲੈਂਡ ਵਿਰੁੱਧ ਕੁੱਲ 10 ਟੀ-20 ਮੈਚ ਖੇਡੇਗਾ ਤਾਂ ਜੋ ਉਨ੍ਹਾਂ ਦੇ ਸੰਯੋਜਨ ਦੀ ਜਾਂਚ ਕੀਤੀ ਜਾ ਸਕੇ, ਪਰ ਵੱਡੇ ਬਦਲਾਅ ਦੀ ਸੰਭਾਵਨਾ ਨਹੀਂ ਹੈ। ਟੀਮ ਵਿੱਚ ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਹਾਰਦਿਕ ਪੰਡਯਾ, ਸੰਜੂ ਸੈਮਸਨ, ਹਰਸ਼ਿਤ ਰਾਣਾ ਅਤੇ ਜਸਪ੍ਰੀਤ ਬੁਮਰਾਹ ਵਰਗੇ ਮੁੱਖ ਖਿਡਾਰੀ ਸ਼ਾਮਲ ਹਨ, ਅਤੇ ਨਾਇਰ ਦਾ ਕਹਿਣਾ ਹੈ ਕਿ ਸੱਟ ਲੱਗਣ ਦੀ ਸਥਿਤੀ ਵਿੱਚ ਹੀ ਬਦਲਾਅ ਸੰਭਵ ਹਨ। ਭਾਰਤ ਆਪਣੇ ਖਿਤਾਬ ਦਾ ਬਚਾਅ ਕਰਨ ਦਾ ਟੀਚਾ ਰੱਖੇਗਾ, ਅਤੇ ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਜਿਤੇਸ਼ ਸ਼ਰਮਾ, ਵਾਸ਼ਿੰਗਟਨ ਸੁੰਦਰ, ਵਰੁਣ ਚੱਕਰਵਰਤੀ ਅਤੇ ਹਰਸ਼ਿਤ ਰਾਣਾ ਵਰਗੇ ਖਿਡਾਰੀ ਪਹਿਲੀ ਵਾਰ ਟੀ-20 ਵਿਸ਼ਵ ਕੱਪ ਵਿੱਚ ਖੇਡਦੇ ਵੇਖੇ ਜਾ ਸਕਦੇ ਹਨ।

**ਟੀ-20 ਵਿਸ਼ਵ ਕੱਪ 2026 ਲਈ ਭਾਰਤੀ ਟੀਮ**

ਸੂਰਿਆਕੁਮਾਰ ਯਾਦਵ (ਕਪਤਾਨ), ਸ਼ੁਭਮਨ ਗਿੱਲ (ਉਪ-ਕਪਤਾਨ), ਅਭਿਸ਼ੇਕ ਸ਼ਰਮਾ, ਤਿਲਕ ਵਰਮਾ, ਹਾਰਦਿਕ ਪਾਂਡਿਆ, ਸ਼ਿਵਮ ਦੂਬੇ, ਅਕਸ਼ਰ ਪਟੇਲ, ਜਿਤੇਸ਼ ਸ਼ਰਮਾ, ਸੰਜੂ ਸੈਮਸਨ, ਜਸਪ੍ਰੀਤ ਬੁਮਰਾਹ, ਵਰੁਣ ਚੱਕਰਵਰਤੀ, ਅਰਸ਼ਦੀਪ ਸਿੰਘ, ਕੁਲਦੀਪ ਯਾਦਵ, ਹਰਸ਼ਿਤ ਰਾਣਾ, ਵਾਸ਼ਿੰਗਟਨ ਸੁੰਦਰ।

**ਟੀ-20 ਵਿਸ਼ਵ ਕੱਪ 2026 ਲਈ ਭਾਰਤੀ ਟੀਮ ਦਾ ਸ਼ੈਡਿਊਲ**

7 ਫਰਵਰੀ, 2026: ਅਮਰੀਕਾ, ਸ਼ਾਮ 7:00 ਵਜੇ, ਮੁੰਬਈ
12 ਫਰਵਰੀ, 2026: ਨਾਮੀਬੀਆ, ਸ਼ਾਮ 7:00 ਵਜੇ, ਦਿੱਲੀ
15 ਫਰਵਰੀ, 2026: ਪਾਕਿਸਤਾਨ, ਸ਼ਾਮ 7:00 ਵਜੇ, ਕੋਲੰਬੋ
18 ਫਰਵਰੀ, 2026: ਨੀਦਰਲੈਂਡ, ਸ਼ਾਮ 7:00 ਵਜੇ, ਅਹਿਮਦਾਬਾਦ

# ਮੇਰੇ ਬਾਰੇ ਗਲਤ ਅਫਵਾਹਾਂ ਫੈਲਾਈਆਂ ਗਈਆਂ: ਪਲਾਸ਼ ਮੁੱਛਲ

## ਗਲਤ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਚਿਤਾਵਨੀ



ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਚਲ ਰਹੀਆਂ ਅਫਵਾਹਾਂ ਦਰਮਿਆਨ ਸੰਗੀਤਕਾਰ ਪਲਾਸ਼ ਮੁੱਛਲ ਨੇ ਭਾਰਤ ਦੀ ਕ੍ਰਿਕਟਰ ਸਮ੍ਰਿਤੀ ਮੰਧਾਨਾ ਨਾਲ ਆਪਣਾ ਵਿਆਹ ਰੱਦ ਹੋਣ ਤੋਂ ਬਾਅਦ ਆਪਣੀ ਚੁੱਪੀ ਤੋੜੀ ਹੈ।

ਉਸ ਨੇ ਇੰਸਟਾਗ੍ਰਾਮ ਸਟੋਰੀ 'ਤੇ ਮੰਧਾਨਾ ਤੋਂ ਵੱਖ ਹੋਣ ਦੀ ਪੁਸ਼ਟੀ ਕਰਦੇ ਹੋਏ ਇੱਕ ਲੰਮਾ ਨੋਟ ਸਾਂਝਾ ਕਰਦਿਆਂ ਲਿਖਿਆ, 'ਮੈਂ ਆਪਣੀ ਜ਼ਿੰਦਗੀ ਵਿੱਚ ਅੱਗੇ ਵਧਣ ਅਤੇ ਆਪਣੇ ਨਿੱਜੀ ਰਿਸ਼ਤੇ ਤੋਂ ਪਿੱਛੇ ਹਟਣ ਦਾ ਫੈਸਲਾ ਕੀਤਾ ਹੈ।' ਪਲਾਸ਼ ਨੇ ਅਫਵਾਹਾਂ ਦਾ ਜਵਾਬ ਦਿੰਦਿਆਂ ਇਨ੍ਹਾਂ ਅਫਵਾਹਾਂ ਨੂੰ ਨਿਰਆਧਾਰ ਅਤੇ ਗਲਤ ਦੱਸਿਆ। ਉਸ ਨੇ ਆਪਣੇ ਖ਼ਿਲਾਫ਼ ਭੰਡੀ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ। ਉਸ ਨੇ ਕਿਹਾ, 'ਮੇਰੇ ਲਈ ਇਹ ਬਹੁਤ ਮੁਸ਼ਕਲ ਭਰਿਆ ਸਮਾਂ ਰਿਹਾ ਹੈ। ਲੋਕ ਬੇਬੁਨਿਆਦ ਅਫਵਾਹਾਂ 'ਤੇ ਇੰਨੀ ਆਸਾਨੀ ਨਾਲ ਪ੍ਰਤੀਕਿਰਿਆ ਕਰਦੇ ਹਨ ਜੋ ਮੇਰੇ ਲਈ ਸਭ ਤੋਂ ਪਵਿੱਤਰ ਰਹੀ ਹੈ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਪੜਾਅ ਹੈ ਅਤੇ ਮੈਂ ਇਸ ਨਾਲ ਨਜਿੱਠਾਂਗਾ।' ਇਸ ਤੋਂ ਪਹਿਲਾਂ ਅੱਜ ਭਾਰਤੀ ਮਹਿਲਾ ਟੀਮ ਦੀ ਉਪ-ਕਪਤਾਨ ਸਮ੍ਰਿਤੀ ਮੰਧਾਨਾ ਨੇ ਪੁਸ਼ਟੀ ਕੀਤੀ ਸੀ ਕਿ ਉਸ ਦਾ ਸੰਗੀਤਕਾਰ ਪਲਾਸ਼ ਮੁੱਛਲ ਨਾਲ ਵਿਆਹ ਰੱਦ ਹੋ ਗਿਆ ਹੈ। ਸਟਾਰ ਬੱਲੇਬਾਜ਼ ਨੇ ਪ੍ਰਸ਼ੰਸਕਾਂ ਅਤੇ ਮੀਡੀਆ ਨੂੰ ਦੋਵਾਂ ਪਰਿਵਾਰਾਂ ਦੀ ਨਿੱਜਤਾ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ ਹੈ। ਭਾਰਤ ਦੀਆਂ ਸਭ ਤੋਂ ਪ੍ਰਮੁੱਖ ਮਹਿਲਾ ਕ੍ਰਿਕਟਰਾਂ ਵਿੱਚੋਂ ਇੱਕ ਮੰਧਾਨਾ ਨੇ ਆਪਣੀ ਨਿੱਜੀ ਜ਼ਿੰਦਗੀ ਬਾਰੇ ਪਿਛਲੇ ਮਹੀਨੇ ਤੇਜ਼ ਹੋਈਆਂ ਅਫਵਾਹਾਂ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਆਪਣਾ ਪਹਿਲਾ ਜਨਤਕ ਬਿਆਨ ਜਾਰੀ ਕੀਤਾ। ਉਸਨੇ ਲਿਖਿਆ, "ਮੈਨੂੰ ਇਹ ਸਪੱਸ਼ਟ ਕਰਨ ਦੀ ਲੋੜ ਹੈ ਕਿ ਵਿਆਹ ਰੱਦ ਹੋ ਗਿਆ ਹੈ।

ਮੈਂ ਇਸ ਮਾਮਲੇ ਨੂੰ ਇੱਥੇ ਹੀ ਖਤਮ ਕਰਨਾ ਚਾਹੁੰਦੀ ਹਾਂ ਅਤੇ ਤੁਹਾਡੇ ਸਾਰਿਆਂ ਨੂੰ ਵੀ ਅਜਿਹਾ ਹੀ ਕਰਨ ਦੀ ਬੇਨਤੀ ਕਰਦੀ ਹਾਂ।" ਉਸ ਦਾ ਵਿਆਹ 23 ਨਵੰਬਰ ਨੂੰ ਮੁਛਾਲ ਨਾਲ ਹੋਣਾ ਸੀ ਪਰ ਮੰਧਾਨਾ ਦੇ ਪਿਤਾ ਸ਼੍ਰੀਨਿਵਾਸ ਨੂੰ ਦਿਲ ਦੀ ਬਿਮਾਰੀ ਕਾਰਨ ਹਸਪਤਾਲ ਦਾਖਲ ਕਰਾਉਣ ਤੋਂ ਬਾਅਦ ਵਿਆਹ ਮੁਲਤਵੀ ਕਰ ਦਿੱਤਾ ਗਿਆ ਸੀ।










